Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
Financing Available
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Tariq Hameed
Babir Hameed
Shamshair Tariq
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 10 No: 237 Website : www.punjabiakhbaar.ca Email: editor@punjabiakhbaar.ca Friday, 9 February 2024

# ਵਿਦੇਸ਼ੀ ਨਾਗਰਿਕਾਂ ਦੇ ਕੈਨੇਡਾ ਵਿੱਚ ਰਿਹਾਇਸ਼ੀ ਪ੍ਰਾਪਰਟੀ ਖ਼ਰੀਦਣ ਉੱਤੇ ਪਾਬੰਦੀ ਵਧੀ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ ) ਵਿਦੇਸ਼ੀ ਨਾਗਰਿਕਾਂ ਤੇ ਕੰਪਨੀਆਂ ਦੇ ਕੈਨੇਡਾ ਵਿੱਚ ਰਿਹਾਇਸ਼ੀ ਪ੍ਰਾਪਰਟੀ ਖ਼ਰੀਦਣ ਉੱਤੇ ਪਾਬੰਦੀ ਦੋ ਹੋਰ ਸਾਲਾਂ ਲਈ ਵਧਾ ਦਿੱਤੀ ਗਈ ਹੈ। ਫੈਡਰਲ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਇਹ ਐਲਾਨ ਕਰਦਿਆਂ ਆਖਿਆ ਕਿ ਇਸ ਸਮੇਂ ਉਨ੍ਹਾਂ ਨੂੰ ਹਾਊਸਿੰਗ ਅਫੋਰਡੇਬਿਲਿਟੀ ਵਰਗੇ ਮੁੱਦਿਆਂ ਦੀ ਚਿੰਤਾ ਹੈ ਤੇ ਇਸੇ ਲਈ ਫੈਡਰਲ ਸਰਕਾਰ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਇਹ ਪਾਬੰਦੀ ਜਨਵਰੀ 2027 ਤੱਕ ਚੱਲੇਗੀ। ਪਿਛਲੇ ਸਾਲ ਹੋਂਦ ਵਿੱਚ ਆਈ ਇਹ ਪਾਬੰਦੀ 2025 ਵਿੱਚ ਖ਼ਤਮ ਹੋਣ ਜਾ ਰਹੀ ਸੀ। ਜ਼ਿਕਰਯੋਗ ਹੈ ਕਿ ਵਿਦੇਸ਼ੀ ਕਮਰਸ਼ੀਅਲ ਐਂਟਰਪ੍ਰਾਈਜ਼ਿਜ਼ ਤੇ ਜਿਹੜੇ ਲੋਕ ਕੈਨੇਡਾ ਦੇ ਨਾਗਰਿਕ ਨਹੀਂ ਹਨ ਜਾਂ ਪਰਮਾਨੈਂਟ ਵਾਸੀ ਨਹੀਂ ਹਨ ਉਨ੍ਹਾਂ ਦੇ ਕੈਨੇਡਾ ਵਿੱਚ ਰਿਹਾਇਸ਼ੀ ਸੰਪਤੀ ਖਰੀਦਣ ਉੱਤੇ ਪਾਬੰਦੀ ਲਗਾਈ ਗਈ ਸੀ। ਜਿਨ੍ਹਾਂ ਕੋਲ ਟੈਂਪਰੇਰੀ ਵਰਕ ਪਰਮਿਟ ਹੈ, ਰਫਿਊਜੀ ਦਾਅਵੇਦਾਰਾਂ ਤੇ ਅੰਤਰਰਾਸ਼ਟਰੀ ਵਿਦਿਆਰਥੀ , ਜਿਹੜੇ ਮਾਪਦੰਡਾਂ ਉੱਤੇ ਖ਼ਰੇ ਉਤਰਦੇ ਹਨ, ਉਨ੍ਹਾਂ ਨੂੰ ਇਨ੍ਹਾਂ ਪਾਬੰਦੀਆਂ ਤੋਂ ਛੋਟ ਦਿੱਤੀ ਗਈ ਹੈ। ਜਿਹੜੇ ਗ਼ੈਰ ਕੈਨੇਡੀਅਨ ਇਸ ਪਾਬੰਦੀ ਦੀ ਉਲੰਘਣਾ ਕਰਦੇ ਪਾਏ ਜਾਣਗੇ, ਉਨ੍ਹਾਂ ਨੂੰ 10,000 ਡਾਲਰ ਦਾ ਜ਼ੁਰਮਾਨਾ ਹੋ ਸਕਦਾ ਹੈ ਤੇ ਉਨ੍ਹਾਂ ਨੂੰ ਪ੍ਰਾਪਰਟੀ ਵੇਚਣ ਲਈ ਵੀ ਆਖਿਆ ਜਾ ਸਕਦਾ ਹੈ।

BUTZ & COMPANY
BARRISTERS & SOLICITORS
GURSANT SINGH
LL.M. (UK), B.A.LL.B.
Immigration Law · Family Law · Real Estate · Corporate Law · Wills & Estates
2510 13th Avenue, Regina SK S4P 0W2
(306) 359-5448 (Business)
(306) 580-4690 (Cell)

Nav Immigration Services
Student Visa · Worker Visa · Visitor Visa · Supervisa · Permanent Residency Applications · PR Card Renewal · Express Entry · Family Sponsorship · Refugee Applications · Citizenship Applications · LMIA Applications · PNP
Giving my best for your success
Navjeet Kaur
Director, RCIC
306-201-4464
Regina, SK navimmigrationservices@gmail.com

HK HENDERSON | NAVACORD
ਟਰਾਂਸਪੋਟੇਸ਼ਨ ਇੰਸੋਰੈਂਸ ਵਿਚਲੇ ਰਿਸਕ ਸਬੰਧੀ ਚੰਗੀ ਸਲਾਹ ਦੇਣ ਵਾਲੀ ਟੀਮ
Lori Gropp
lgropp@hkhenderson.ca 306.566.4458
Cherie Shook-Pelletier
cshook@hkhenderson.ca 306.584.6995
Russ Collicott
rcollicott@hkhenderson.ca 306.924.3671
Leaders in Transportation Insurance, Risk and Advice

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

JBK LAW OFFICE
IMMIGRATION & LEGAL EXPERT TEAM
SPECIALIZATION:
Family Law, Estate Planning, Corporate Commercial & Real Estate, Family Sponsorship, PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jbklawoffice.com
2-31 Broadway St. E. Yorkton, SK S3N 0K4
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law (Appeals & Judicial Reviews) Inadmissibility, SINP Secondary Reviews, CBSA Detention Reviews, Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2010-11th Avenue, 7th Floor, RBC Building, Regina, SK S4P 0J3

LISTING SPECIALISTS
For A Stress Free Home Selling Process Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES DIVERSIFIED REALTY

WE'RE IN THE PEOPLE BUSINESS, WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੋਰਗੇਜ ਕਰਵਾਉਣ ਦਾ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
VINE Group · MORTGAGE ALLIANCE
200 1965 Broad Street, Regina, SK S4P 1Y1

C WORLD TRAVEL
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call:
Rajan Sagar
NORTHGATE MALL, REGINA
Email: cworldtravel1@gmail.com
ਇੰਡੀਆਂ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
Ph: (306) 949-1235
To see the world come to C WORLD
IATA

GURU Truck Driving School
IA, 3A TRAINING (SGI APPROVED)
Gagandeep Singh
(Truck Instructor)
IA, 3A, (Air Brake) training. SGI Approved
(According to new MELT Program)
Classes available in English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲ੍ਹਾ ਯਾਰਡ
• ਪਰੱਪਰ ਟਰੇਨਿੰਗ ਘੰਟੇ (ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ ਜੌਬ ਦਿਵਾਉਣ ਵਿੱਚ ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾਂ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ ਇੱਥੇ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
Independently Owned & Operated - Brokerage Lic. #316454
MORTGAGEFIRM.CA

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
MUST HAVE
- Clean Driver Abstract and CVOR
- Clear Criminal Search
- Minimum 6 months verifiable experience
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time - after 2 hhours !
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca
306-914-7733/647-221-4700

Sanserwal Law Office
LEGAL & IMMIGRATION SERVICES
• REFUGEE
• BUSINESS VISA
• JUDICIAL REVIEW AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PR CASES
• FAMILY SPONSORSHIP
ਕਾਨੂੰਨੀ ਸੇਵਾਵਾਂ ਅਤੇ ਇੰਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸੰਪਰਕ ਕਰੋ
HARJINDER SINGH SANSERWAL
LL.M., B.A.LL.B.
BARRISTER & SOLICITOR
+1(639)-999-8552(M)
HSS.LAW17@GMAIL.COM
WWW.SANSERWALLAW.CA
1530, ANGUS STREET, REGINA, SASKATCHEWAN

GRACE OVERSEAS
IMMIGRATION SOLUTION LTD.
• SINP- PROGRAMS
• FOREIGN WORKER RECRUITMENT(LMIA)
• PR CASES
• FAMILY SPONSORSHIP
• CITIZENSHIP APPLICATION
• STUDY PERMIT+PGWP
• VISITOR+SUPER VISA
SUKHBIR SIDHU (RCIC)
LL.M., B.A.LL.B.
ਇਮੀਗ੍ਰੇਸ਼ਨ ਸਬੰਧੀ ਸਾਰੀਆਂ ਲੋੜਾਂ ਦੀ ਪੂਰਤੀ ਲਈ ਯਾਦ ਰੱਖੋ
639-999-8545
WWW.GRACECANADA.CA
GRACEIMMISERVICE@GMAIL.COM
#2010, 11TH AVENUE, 7TH FLOOR RBC BUILDING, REGINA,SK

# ਕੈਲਗਰੀ ਦੇ ਬਜ਼ੁਰਗਾਂ ਨੇ ਗਣਤੰਤਰ ਦਿਵਸ ਮਨਾਉਂਦਿਆਂ ਆਪਣੇ ਵਤਨ ਪ੍ਰਤੀ ਮੋਹ ਮੁਹੱਬਤੀ ਸੁਨੇਹਾ ਘੱਲਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰ ਸੋਸਾਇਟੀ ਕੈਲਗਰੀ ਵੱਲੋ 75 ਵਾਂ ਗਣਤੰਤਰ ਦਿਵਸ ਮਨਾਉਂਦਿਆਂ ਆਪਣੇ ਵਤਨ ਪ੍ਰਤੀ ਮੋਹ ਮੁਹੱਬਤੀ ਸੁਨੇਹਾ ਘੱਲਿਆ। ਇਸ ਸਮਾਗਮ ਵਿੱਚ ਗਲੋਬਲ ਪ੍ਰਵਾਸੀ ਸੋਸਾਇਟੀ ਅਤੇ ਇੰਕਾ ਸੋਸਾਇਟੀ ਦੇ ਮੈਂਬਰਾਂ ਨੇ ਸਮੂਲੀਅਤ ਕੀਤੀ । ਸਟੇਜ ਸਕੱਤਰ ਦੀ ਡਿਉਟੀ ਨਿਭਾਉਂਦੇ ਹੋਏ ਇੰਜ ਜੀਰ ਸਿੰਘ ਬਰਾੜ ਵੱਲੋ ਆਏ ਮੈਬਰਾਂ ਦਾ ਧੰਨਵਾਦ ਕਰਦੇ ਹੋਏ ਗਣਤੰਤਰ ਦਿਵਸ ਦੀਆਂ ਵਧਾਈਆ ਨਾਲ ਸ਼ੁਰੂਆਤ ਕੀਤੀ । ਸ਼੍ਰੀ ਸੱਤਪਾਲ ਕੌਸਲ ਪ੍ਰਧਾਨ ਗਲੋਬਲ ਪ੍ਰਵਾਸੀ ਸੋਸਾਇਟੀ ਵੱਲੋ ਗਣਤੰਤਰ ਦਿਵਸ ਦੀ ਮਹੱਤਤਾ ਦੱਸਦੇ ਹੋਏ ਸਵਿਧਾਨ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ ਗਈ। ਸੰਤ ਸਿੰਘ ਧਾਲੀਵਾਲ ਨੇ ਗੱਲੀਂਬਾਤੀ ਆਪਣੇ ਪਿਆਰੇ ਵਤਨ ਦੀ ਯਾਦ ਤਾਜਾ ਕੀਤੀ । ਇੰਜ ਜੀਰ ਸਿੰਘ ਬਰਾੜ ਵੱਲੋ ਇੰਡੀਆ ਵਿੱਚ ਸਵਿਧਾਨ ਦੀਆਂ ਉਡਾਈਆਂ ਜਾ ਰਹੀਆਂ ਧੱਜੀਆਂ ਦਾ ਵਰਨਣ ਕੀਤਾ ਅੰਤ ਵਿੱਚ ਸੋਸਾਇਟੀ ਦੇ ਪ੍ਰਧਾਨ ਸ ਗੁਰਬਖਸ਼ ਸਿੰਘ ਜੱਸਲ ਨੇ ਸਮੂਹ ਮੈਂਬਰਾਨ ਨੂੰ ਜੀ ਆਇਆ ਕਹਿੰਦੇ ਕੁੱਝ ਹਸਾਉਣ ਵਾਲੇ ਚੁਟਕਲੇ ਸਾਂਝੇ ਕੀਤੇ ।

# ਮੌਂਟਰੀ ਪਾਰਕ ਆਲਿਆਂ ਨੇ ਗਣਤੰਤਰ ਦਿਵਸ ਮਨਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੇ ਮੈਂਬਰਾਂ ਨੇ 26 ਜਨਵਰੀ ਨੂੰ ਮੌਂਟਰੀ ਪਾਰਕ ਹਾਲ ਵਿੱਚ ਇਕੱਠੇ ਹੋਕੇ ਭਾਰਤ ਦਾ 75 ਵਾਂ ਗਣਤੰਤਰ ਦਿਵਸ ਮਨਾਇਆ ਤੇ ਨਾਲ ਹੀ ਆਪਣੇ ਦਸ ਸੀਨੀਅਰ ਮੈਂਬਰਾਂ ਦੇ ਜਨਮ ਦਿਨ ਮਨਾਏ ਤੇ ਉਹਨਾਂ ਨੂੰ ਸ਼ੁਭਕਾਮਨਾਵਾਂ ਨਾਲ ਨਿਵਾਜਿਆ। ਇਸ ਪ੍ਰੋਗਰਾਮ ਵਿੱਚ ਮੁੰਬਈ ਤੋਂ ਆਈ ਹੋਈ ਬਾਕਮਾਲ ਗਾਇਕ ਜੋੜੀ ਸੁਕੁਮਾਰ ਜੀ ਅਤੇ ਮਾਧੁਰੀ ਜੀ ਨੇ ਵੀ ਸ਼ਿਰਕਤ ਕੀਤੀ।ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਾਰਿਆਂ ਨੇ ਸ਼ਪੈਸ਼ਲ ਲੰਚ( ਮੱਕੀ ਦੀ ਰੋਟੀ, ਮੱਖਣ ਸਮੇਤ ਸਰੋਂ ਦਾ ਸਾਗ) ਦਾ ਆਨੰਦ ਮਾਣਿਆ। ਐਸੋਸੀਏਸ਼ਨ ਵੱਲੋਂ ਸਾਰੇ ਮੈਂਬਰਾਂ ਨੂੰ ਗਣਤੰਤਰ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ । ਗਣਤੰਤਰ ਦਿਹਾੜੇ ਦੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਮਾਧੁਰੀ ਜੀ ਨੇ ਇਸ ਗੀਤ ਨਾਲ ਕੀਤੀ--ਹਰ ਕਰਮ ਅਪਨਾ ਕਰੇਂਗੇ, ਐ ਵਤਨ ਤੇਰੇ ਲੀਏ, ਦਿਲ ਦੀਆ ਹੈ ਜਾਂ ਵੀ ਦੇਂਗੇ, ਐ ਵਤਨ ਤੇਰੇ ਲੀਏ, ਉਸ ਤੋਂ ਬਾਦ ਸੁਕੁਮਾਰ ਜੀ ਤੇ ਮਾਧੁਰੀ ਜੀ ਦੀ ਬਾਕਮਾਲ ਗਾਇਕੀ ਦਾ ਦੌਰ ਸ਼ੁਰੂ ਹੋਇਆ ਤਾਂ 60ਵੇਂ ਤੇ 70ਵੇਂ ਦਹਾਕੇ ਦੇ ਫਿਲਮੀਂ ਗਾਣਿਆਂ ਨੇ 60-70 ਸਾਲ ਦੀ ਉਮਰ ਦੇ ਸੀਨੀਅਰ ਮੈਂਬਰਾਂ ਨੂੰ ਉਹਨਾਂ ਦੇ ਜਵਾਨੀ ਦੇ ਦਿਨ ਚੇਤੇ ਕਰਾ ਦਿੱਤੇ, ਨੱਚਣ ਲਾ ਦਿੱਤਾ, ਝੂਮਣ ਲਾ ਦਿੱਤਾ। ਤਕਰੀਬਨ ਤਿੰਨ ਘੰਟੇ ਦਾ ਇਹ ਮਨੋਰੰਜਕ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।




# ਕੈਨੇਡਾ ਭਾਰਤੀ ਮੂਲ ਦੇ ਤਿੰਨ ਤਸਕਰਾਂ ਨੂੰ ਅਮਰੀਕਾ ਹਵਾਲੇ ਕਰੇਗਾ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ ) ਮੈਕਸੀਕੋ ਅਤੇ ਉੱਤਰੀ ਅਮਰੀਕੀ ਦੇਸ਼ਾਂ ਦਰਮਿਆਨ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕ ਨਾਲ ਕਥਿਤ ਸਬੰਧਾਂ ਦੇ ਦੋਸ਼ ਵਿੱਚ ਕੈਨੇਡਾ ਵਿੱਚ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਸਮੇਤ 5 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਅਮਰੀਕਾ ਵਿੱਚ ਮੁਕੱਦਮੇ ਲਈ ਹਵਾਲਗੀ ਕੀਤਾ ਜਾਵੇਗਾ। ਐੱਫਬੀਆਈ ਅਤੇ ਰਾਇਲ ਕੈਨੇਡੀਅਨ ਮਾਉਂਟਿਡ ਪੁਲੀਸ (ਆਰਸੀਐੱਮਪੀ) ਦੇ ਸਾਂਝੇ ਅਪਰੇਸ਼ਨ ਦੌਰਾਨ ਜਿਸ ਨੂੰ ਡੈੱਡ ਹੈਂਡ ਨਾਮ ਦਿੱਤਾ ਗਿਆ ਸੀ ਤਹਿਤ ਇਹ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ।ਭਾਰਤੀ ਮੂਲ ਦੇ ਤਿੰਨਾਂ ਮੁਲਜ਼ਮਾਂ ਦੀ ਪਛਾਣ ਆਯੂਸ਼ ਸ਼ਰਮਾ (25) ਅਤੇ ਗੁਰਅੰਮ੍ਰਿਤ ਸਿੱਧੂ (60), ਦੋਵੇਂ ਬਰੈਂਪਟਨ ਤੋਂ ਅਤੇ ਕੈਲਗਰੀ ਤੋਂ ਸ਼ੁਭਮ ਕੁਮਾਰ (29) ਵੱਜੋਂ ਹੋਈ ਹੈ ਜਦੋਂ ਕਿ ਜੋ ਦੋ ਹੋਰ ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਹਨ ਉਨ੍ਹਾਂ ਦੀ ਪਹਿਚਾਣ ਗ੍ਰੇਵਲ ਗੌਂਜ਼ਾਲੇਜ਼ ਅਤੇ ਰੋਬਰਟੋ ਸਕੋਪਾ ਦੇ ਤੌਰ 'ਤੇ ਕੀਤੀ ਗਈ ਹੈ। ਐਫ਼ ਬੀ ਆਈ ਅਨੁਸਾਰ ਇਹ ਸਾਰੇ ਤਸਕਰ ਅਮਰੀਕਾ ਤੋਂ ਕੈਨੇਡਾ ਵਿੱਚ ਕੋਕੀਨ ਅਤੇ ਹੋਰ ਡਰੱਗਜ਼ ਦੀ ਤਸਕਰੀ ਵਿੱਚ ਸ਼ਾਮਿਲ ਸਨ। ਗੁਰਅੰਮ੍ਰਿਤ ਸਿੱਧੂ ਨਸ਼ੀਲੇ ਪਦਾਰਥ ਮੈਥ ਦਾ ਖ਼ਰੀਦਦਾਰ ਸੀ ਅਤੇ ਆਯੂਸ਼ ਅਤੇ ਸ਼ੁਭਮ ਬਤੌਰ ਡਰਾਈਵਰ ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਟ੍ਰਾਂਸਪੋਰਟ ਵਿਚ ਸ਼ਾਮਿਲ ਸਨ
















# ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਮੈਂਬਰਾਂ ਦੇ ਜਨਮ ਦਿਨ ਮਨਾਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਉਰੋ) ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ 29 ਜਨਵਰੀ 2024 ਨੂੰ ਵੀਵੋ ਸਪੋਰਟਸ ਸੈਂਟਰ ਵਿੱਚ, ਸੰਸਥਾ ਦੇ ਮੈਂਬਰਾਂ ਦੇ ਜਨਮ ਦਿਨ ਮੌਕੇ ਮੰਜੂ ਅਗਰਵਾਲ, ਬੀਰ ਚੰਚਲ, ਪਰਸ਼ੋਤਮ ਦਾਸ ਭਾਰਦੁਵਾਜ, ਜਗਦੀਸ਼ ਧਵਨ, ਰਜਿੰਦਰ ਸਿੰਘ ਗਿੱਲ, ਮਨਦੀਪ ਕੌਰ ਹੁੰਦਲ, ਸੁਖਦੀਪ ਕੌਰ ਬਰਾੜ, ਸ਼ਵਿੰਦਰ ਸਿੰਘ ਸਿੱਧੂ, ਜੋਗਾ ਸਿੰਘ ਲੇ?ਹਲ, ਗੁਲਸ਼ਨ ਦੂਆ, ਤਾਰਿਕ ਮਲਿਕ, ਰਿਸ਼ੀ ਨਾਗਰ, ਪਤ੍ਰਿਪਾਲ ਸਿੰਘ ਮੱਲ੍ਹੀ, ਡਾ: ਰਜਿੰਦਰ ਸਿੰਘ ਰੱਖੜਾ, ਸੁਖਪਾਲ ਕੌਰ ਬਰਾੜ, ਸਭਨਾਂ ਨੂੰ ਜਨਮ ਦਿਨ ਦੇ ਵਧਾਈ ਕਾਰਡ ਅਤੇ ਐਸੋਸੀਏਸ਼ਨ ਦਾ ਚਿੰਨ੍ਹ ਦੇ ਕੇ ਤਾੜੀਆਂ ਦੁਆਰਾ ਸ਼ੁਭ ਕਾਮਨਾਵਾਂ ਦਿੱਤੀਆਂ।

ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਅਤੇ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਮੈਂਬਰਾਂ ਦਾ ਅਤੇ ਨਾਲ ਆਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਜੀ? ਆਇਆਂ ਆਖਿਆ। ਜਿਨ੍ਹਾਂ ਮੈਂਬਰਾਂ ਨੇ ਵੀਵੋ ਦੀ ਕੈਸੀਨੋ ਲਈ ਸੇਵਾਵਾਂ ਨਿਭਾਈਆਂ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਕੱਤਰ ਸਾਹਿਬ ਨੇ ਜਗਦੇਵ ਸਿੰਘ ਸਿੱਧੂ ਦੇ ਭਤੀਜੇ ਦੀ ਬੇਵਕਤ ਮੌਤ ਦੀ ਦੁੱਖਦਾਈ ਖ਼ਬਰ ਸਾਂਝੀ ਕੀਤੀ। ਨੌਜਵਾਨ ਬੱਚੇ ਦੀ ਭਰ ਜਵਾਨੀ ਵਿੱਚ ਮੌਤ ਪ੍ਰਵਾਰ ਲਈ ਅਸਹਿ ਸਦਮਾ ਹੈ। ਸਮੂਹ ਮੈਂਬਰ ਨੇ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਪ੍ਰਤੀ ਅਫਸੋਸ ਪ੍ਰਗਟਾਇਆ।

ਮੀਟਿੰਗ ਦੀ ਕਾਰਵਾਈ ਨੂੰ ਅੱਗੇ ਵਧਾਉਂਦਿਆਂ ਸੁਰਿੰਦਰ ਜੀਤ ਪਲਾਹਾ ਅਤੇ ਪਰਸ਼ੋਤਮਦਾਸ ਭਾਰਦੁਵਾਜ ਦੇ ਪ੍ਰਧਾਨਗੀ ਮੰਡਲ ਵਿਚ ਲਖਵਿੰਦਰ ਸਿੰਘ ਅਤੇ ਤਾਰਿਕ ਮਲਿਕ ਨੂੰ ਸ਼ਾਮਲ ਕੀਤਾ। ਅਯੁੱਧਿਆ ਵਿੱਚ ਰਾਮ ਮੂਰਤੀ ਦੇ ਪ੍ਰਾਣ ਪ੍ਰਵੇਸ਼ ਸਮਾਰੋਹ ਦਾ ਜ਼ਿਕਰ



ਕਰਦਿਆਂ ਮੁਬਾਰਕਵਾਦ ਦਿੱਤੀ। ਇਸ ਸਮਾਗਮ ਨੂੰ ਸਮਰਪਿਤ ਇੱਕ ਭਜਨ ਰੋਮ ਰੋਮ ਮੈਂ ਵਸਨੇ ਵਾਲੇ ਰਾਮ----ਸੁਣਾਇਆ। " '

ਕਰਮ ਸਿੰਘ ਮੁੰਡੀ ਹੋਰਾਂ ਆਪਣੇ ਵਿਚਾਰਾਂ ਵਿੱਚ ਵੀਵੋ ਦੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ ਅਤੇ ਕਨੇਡਾ ਵਿੱਚ ਨਸ਼ਿਆਂ ਦੀ ਬਹੁਤਾਤ ਤੇ ਚਿੰਤਾ ਪ੍ਰਗਟ ਕੀਤੀ।

ਪਰਮਿੰਦਰ ਗਰੇਵਾਲ ਨੇ ਆਰਟੀਫਿਸ਼ਲ ਇੰਟੈਲੀਜੈਂਸੀ ਦਾ ਸੰਕੇਤਿਕ ਵਰਨਣ ਕਰਦਿਆਂ ਅੱਗੋਂ ਨਪੋਲੀਅਨ ਨੂੰ ਮਹਾਨ ਜਰਨੈਲ ਕਿਹਾ। ਡਾ: ਬੀ ਐਸ ਅਟਵਾਲ ਹੋਰਾਂ ਇਨਸਾਨ ਦੀ ਪਾਚਕ ਪ੍ਰਣਾਲੀ ਵਾਰੇ ਬੋਲਦਿਆਂ ਦੱਸਿਆ ਕਿ ਕਿਵੇਂ ਸਾਡੇ ਸਰੀਰ ਵਿੱਚ ਉਟੋਆਗਿ ਸਾਡੀ ਤੰਦਰੁਸਤੀ ਵਿੱਚ ਮਹੱਤਵਪੂਰਨ ਰੋਲ਼ ਅਦਾ ਕਰਦੀ ਹੈ। ਜਾਣੀ ਪਹਿਚਾਣੀ ਸ਼ਖ਼ਸੀਅਤ ਰੇਡੀ? ਰੈਡ ਐਫ ਐਮ ਦੇ ਹੋਸਟ ਰਿਸ਼ੀ ਨਾਗਰ ਹੋਰਾਂ ਜਪੁਜੀ ਸਾਹਿਬ ਦੀਆਂ ਕੁੱਝ ਪੌੜੀਆਂ ਦੇ ਅੰਤਰੀਵ ਭਾਵ ਅਤੇ ਗੁਰੂ ਸਾਹਿਬ ਦੀ ਦਿਵ ਦ੍ਰਿਸ਼ਟੀ ਅਤੇ ਅਸਚਰਜਤਾ ਪ੍ਰਗਟਾਉਂਦੇ ਹੋਏ ਕਮਾਲ ਦੇ ਤੱਥ ਸਾਹਮਣੇ ਲਿਆਂਦੇ, ਸ਼ਬਦ ਦੀ ਧੁਨੀ ਤੋਂ ਅਨਹਦ ਨਾਦ ਦੀ ਧੁਨੀ ਦਾ ਬਹੁਤ ਹੀ ਸੁਚੱਜੇ ਸ਼ਬਦਾਂ ਵਿੱਚ ਖੁਲਾਸਾ ਕੀਤਾ। ਸੁਰਿੰਦਰ ਸਿੰਘ ਢਿੱਲੋਂ ਹੋਰਾਂ ਸ੍ਰੀ ਚਾਰ ਸੌ ਵੀਸ ਫਿਲਮ ਦਾ ਗੀਤ ਆਂਧਰਾ ਪ੍ਰਦੇਸ਼ ਦੇ ਲੋਕਾਂ ਦਾ ਲੋਕ ਗੀਤ ਜੋ ਤਿਲਗੁ ਭਾਸ਼ਾ ਵਿੱਚ ਹੈ। ਰਮਈਆ ਵਸਤਾ ਬਈਆ ਮੈਂ ਨੇ ਦਿਲ ਤੁਝ ਕੋ ਦੀਆ' ਬੜੇ ਹੀ ਕਲਾਤਮਿਕ ਅੰਦਾਜ਼ ਵਿੱਚ ਪੇਸ਼ ਕੀਤਾ।ਯਾਦਵਿੰਦਰ ਸਿੰਘ ਸਿੱਧੂ ਹੋਰਾਂ ਸਾਡੇ ਅਕਾਦਮਿਕ ਅਦਾਰਿਆਂ ਅਤੇ ਯੂਨੀਵਰਸਿਟੀਆਂ ਦਾ ਹੋਰਨਾਂ ਯੂਨੀਵਰਸਿਟੀਆਂ ਦੇ ਮੁਕਾਬਲੇ 'ਚ ਗਿਰਦੇ ਮਿਆਰ ਤੇ ਚਿੰਤਾ ਪ੍ਰਗਟ ਕੀਤੀ।ਗੁਰਬਚਨ ਸਿੰਘ ਬਰਾੜ ਨੇ ਛਛਓ ਲਈ ਕੁੱਝ ਸੁਝਾਅ ਸੁਝਾਏ। ਸੱਗੂ ਹੋਰਾਂ ਸੱਭਿਅਕ ਚੁੱਟਕਲਿਆ ਦੀ ਪੇਸ਼ਕਾਰੀ ਕਰਕੇ ਵਾਹ ਵਾਹ ਖੱਟੀ।

ਗੀਤਾਂ ਦੇ ਦੌਰ ਵਿੱਚ ਚਰਨਜੀਤ ਕੌਰ ਨੇ ਚਰਨ ਸਿੰਘ ਸਫ਼ਰੀ ਦੀ ਰਚਨਾ ਸਰਬੰਸ ਦਾਨੀ ਸ੍ਰੀਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ ਗੀਤ ਦੇ ਬੋਲਾਂ ਵਿਚ ਦਰਸਾਈ "ਚੰਨ ਮਾਤਾ ਗੁਜਰੀ ਦਾ ਸੁੱਤਾ ਕੰਡਿਆਂ ਦੀ ਸੇਜ ਵਿਛਾਈ ?- ਸੀਨੇ ਨਾਲ ਤੇਗ ਲਾ ਲਈ ਜਦੋਂ ਯਾਦ ਪੁੱਤਰਾਂ ਦੀ ਆਈ। ਅਮਰਜੀਤ ਕੌਰ ਪਲਾਹਾ ਨੇ ਲੋਕ ਗੀਤ "ਇਨ੍ਹਾਂ ਅੱਖੀਆਂ ਚ ਪਾਵਾਂ ਕਿਵੇਂ ਕਜਲਾ ਵੇ ਅੱਖੀਆਂ ਚ ਤੂੰ ਵਸਦਾ,, ਤਰੱਨਮ ਵਿਚ ਸੁਣਾਕੇ ਮਹਿਫ਼ਲ ਵਿਚ ਰੰਗੀਨੀਆਂ ਦਾ ਮਹੌਲ ਸਿਰਜਿਆ। ਸ਼ਮਿੰਦਰ ਕਮੋਹ ਅਤੇ ਮਿਸਜ਼ ਕਮੋਹ ਨੇ ਦੋ-ਗਾਣਾ ਪੰਥ ਦੇ ਬਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਕੀਤਾ। ਦਸਮੇਸ਼ ਜੀ ਤੇਰਾ ਕੋਈ ਸਾਹਨੀ ਨਹੀਂ ਦੇਖਾ, ਕੁਰਬਾਨੀਉਂ ਕੇ ਪੰਥਕਾ ਬਾਨੀ ਨਹੀਂ ਦੇਖਾ। ਅੱਗੋਂ ਖ਼ੂਬਸੂਰਤ ਆਵਾਜ਼ ਦੇ ਮਾਲਕ ਡਾ ਮਨਮੋਹਨ ਸਿੰਘ ਬਾਠ ਹੋਰਾਂ ਇਸ ਦੁਨੀਆਂ ਦੀ ਹਕੀਕਤ ਨੂੰ ਗੀਤ ਵਿਚ ਪੇਸ਼ ਕੀਤਾ ਬੋਲ ਹਨ ਹੈ ਬਹਾਰੇ ਬਾਗ਼ ਦੁਨੀਆਂ ਚੰਦ ਰੋਜ਼। ਸੁਣਾਕੇ ਤਾੜੀਆਂ ਦੀ ਦਾਦ ਖੱਟੀ ਏਸੇ ਨਾਲ ਮੀਟਿੰਗ ਦੀ ਸਮਾਪਤੀ ਕੀਤੀ।

ਇਕ ਸੌ ਤੋਂ ਵੱਧ ਵਾਲੀ ਹਾਜ਼ਰੀਨ ਨੇ ਪਹਿਲਾਂ ਚਾਹ ਤੇ ਸਨੈਕ ਅਤੇ ਸਮਾਪਤੀ 'ਤੇ ਖਾਣੇ ਦਾ ਅਨੰਦ ਮਾਣਿਆਂ ।

# ਦੋ ਕਿਤਾਬਾਂ ਦਾ ਲੋਕ ਅਰਪਣ ਅਤੇ 'ਨੌਜੁਆਨ ਪੀੜ੍ਹੀ ਨੂੰ ਬੋਲੀ ਤੇ ਸੱਭਿਆਚਾਰ ਨਾਲ ਜੋੜਨ ਦੀ ਲੋੜ' ਤੇ ਵਿਚਾਰ ਵਟਾਂਦਰਾ ਹੋਇਆ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ 3 ਫਰਵਰੀ, 2024 ਦੀ ਮਹੀਨਾਵਾਰ ਇਕੱਤਰਤਾ ਦੌਰਾਨ ਜਸਵਿੰਦਰ ਸਿੰਘ ਰੁਪਾਲ ਦੀਆਂ ਦੋ ਕਿਤਾਬਾਂ, 'ਰਸੀਲਾ ਕਾਵਿ' ਤੇ 'ਕੀਤੋਸ ਆਪਣਾ ਪੰਥ ਨਿਰਾਲਾ' ਲੋਕ-ਅਰਪਣ ਕੀਤੀਆਂ ਗਈਆਂ ਅਤੇ 'ਨੌਜੁਆਨ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਨਾਲ ਜੋੜਨ ਦੀ ਲੋੜ ਤੇ ਉਪਰਾਲੇ' ਵਿਸ਼ੇ ਤੇ ਭਰਵੀਂ ਵਿਚਾਰ-ਚਰਚਾ ਹੋਈ। ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਜਸਵੀਰ ਸਿੰਘ ਸਿਹੋਤਾ, ਜਸਵਿੰਦਰ ਸਿੰਘ ਰੁਪਾਲ ਅਤੇ ਡਾ: ਬਲਵਿੰਦਰ ਕੌਰ ਬਰਾੜ ਦੇ ਸਥਾਨ ਗ੍ਰਹਿਣ ਕਰਨ ਉਪਰੰਤ ਸਕੱਤਰ ਗੁਰਚਰਨ ਥਿੰਦ ਨੇ ਸਟੇਜ ਸੰਚਾਲਨ ਸ਼ੁਰੂ ਕੀਤਾ। ਸਭਾ ਦੇ ਸਤਿਕਾਰਤ ਮੈਂਬਰ ਜਗਦੇਵ ਸਿੰਘ ਸਿੱਧੂ ਦੇ ਨੌਜੁਆਨ ਭਤੀਜੇ ਦੀ ਬੇਵਕਤ ਮੌਤ ਦਾ ਦੁੱਖ ਸਾਂਝਾ ਕੀਤਾ ਗਿਆ। ਜ਼ਿੰਦਗੀ ਵਿੱਚ ਜਿੱਥੇ ਦੁੱਖ ਦੀ ਖ਼ਬਰ ਆਉਂਦੀ ਹੈ ਉੱਥੇ ਸੁੱਖ ਦੀਆਂ ਘੜੀਆਂ ਵੀ ਵਾਪਰਦੀਆਂ ਹਨ, ਸੋ ਪੰਜਾਬੀ ਸਿਨਮੇ ਦੀ ਜਾਣੀ-ਮਾਣੀ ਸਖ਼ਸ਼ੀਅਤ ਨਿਰਮਲ ਰਿਸ਼ੀ ਜੀ ਨੂੰ 'ਪਦਮ ਸ਼੍ਰੀ ਅਵਾਰਡ' ਮਿਲਣ ਦੀ ਖੁਸ਼ਖਬਰੀ ਹਾਜ਼ਰੀਨ ਨਾਲ ਸਾਂਝੀ ਕੀਤੀ ਗਈ।ਡਾ: ਬਲਵਿੰਦਰ ਕੌਰ ਬਰਾੜ ਨੇ 'ਰਸੀਲਾ ਕਾਵਿ' ਵਿੱਚ ਸਰਲ ਭਾਸ਼ਾ ਵਿੱਚ ਭਿੰਨ ਭਿੰਨ ਸਮਾਜਿਕ ਤੇ ਧਾਰਮਿਕ ਵਿਸ਼ਿਆਂ ਤੇ ਲਿਖੀਆਂ ਛੰਦ ਬੱਧ ਕਵਿਤਾਵਾਂ ਨੂੰ ਕਵੀ ਦਾ ਹਾਸਲ ਦੱਸਿਆ। ਗੁਰਦੀਸ਼ ਗਰੇਵਾਲ ਨੇ 'ਕੀਤੋਸ ਆਪਣਾ ਪੰਥ ਨਿਰਾਲਾ' ਲੇਖ-ਸੰਗ੍ਰਿਹ ਉੱਪਰ 'ਖੋਜ ਭਰਪੂਰ ਗੁਰਮਤਿ ਲੇਖਾਂ ਦਾ ਅਨਮੋਲ ਖਜ਼ਾਨਾ' ਸਿਰਲੇਖ ਹੇਠ ਆਪਣਾ ਪੇਪਰ ਪੜ੍ਹਿਆ। ਗੁਰਨਾਮ ਕੌਰ ਨੇ 'ਕੀਤੋਸ ਆਪਣਾ ਪੰਥ ਨਿਰਾਲਾ' ਲੇਖ-ਸੰਗ੍ਰਿਹ ਦੇ ਗੁਰਮਤਿ ਤੇ ਅਧਾਰਤ ਲੇਖਾਂ ਦਾ ਵਿਸ਼ਲੇਸ਼ਣ ਕਰਦੇ ਕਿਤਾਬ ਵਿਚਲੇ ਤੀਹ ਲੇਖਾਂ ਨੂੰ ਜੀਵਨ-ਜਾਚ ਦਰਸਾਉਂਦੇ ਲੇਖ ਦਰਸਾਇਆ। ਗੁਰਚਰਨ ਥਿੰਦ ਨੇ ਦੋਵਾਂ ਕਿਤਾਬਾਂ ਦੀਆਂ ਲਿਖਤਾਂ ਨੂੰ ਜਸਵਿੰਦਰ ਸਿੰਘ ਰੁਪਾਲ ਦੀ 'ਤਰਕ ਤੇ ਦਲੀਲ ਦੀ ਕਸਵੱਟੀ ਤੇ ਪੂਰੀ ਉਤਰਦੀ ਅਧਿਆਤਮਕ ਲੇਖਣੀ' ਆਖ ਇਨ੍ਹਾਂ ਕਿਤਾਬਾਂ ਨੂੰ ਆਪਣੀਆਂ ਪੜ੍ਹਨਯੋਗ ਪੁਸਤਕਾਂ ਵਿੱਚ ਸ਼ਾਮਲ ਕਰਨ ਦੀ ਗੱਲ ਆਖੀ। ਬਲਤੇਜ ਸਿੰਘ ਨੇ ਆਪਣੇ ਲੇਖਕ ਪਿਤਾ ਜੀ ਤੋਂ ਸਹਿਣਸ਼ੀਲਤਾ ਤੇ ਡਸਿਪਲਿਨ




ਪ੍ਰੇਰਨਾ ਬਾਰੇ ਦੱਸਿਆ ।ਜਸਵਿੰਦਰ ਸਿੰਘ ਰੁਪਾਲ ਨੇ ਆਪਣੇ ਸੰਬੋਧਨ ਵਿੱਚ ਹਾਜ਼ਰੀਨ ਦਾ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਲੇਖਕ ਦੁਨੀਆਂ ਨੂੰ ਹਿਲਾ ਸਕਣ ਦੀ ਸਮਰੱਥਾ ਰੱਖਦੇ ਹਨ।

ਕੈਲਗਰੀ ਯੂਨੀਵਰਸਿਟੀ ਦੇ ਸੈਨੇਟਰ ਰਹਿ ਚੁੱਕੇ ਰੇਡੀਓ ਰੈੱਡ ਐੱਫ ਐਮ ਦੇ ਹੋਸਟ ਰਿਸ਼ੀ ਨਾਗਰ ਨੇ ਕਿਹਾ ਕਿ ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ ਪੜ੍ਹਾਈ ਲਈ ਸੱਤ ਗੁਣਾਂ ਫੀਸ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹੇ ਗਏ ਸਾਲ ਅਤੇ ਇੱਥੋਂ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਦੇ ਸਾਲਾਂ ਦਾ ਮੇਲ ਨਾ ਖਾਣਾ, ਨੌਜੁਆਨਾਂ ਅੰਦਰ ਬੇਚੈਨੀ ਪੈਦਾ ਕਰਦਾ ਹੈ। ਇਸ ਦੇ ਨਾਲ ਹੀ ਸਾਡੇ ਆਪਣੇ ਲੋਕਾਂ ਵਲੋਂ ਨੌਕਰੀਆਂ ਲਈ ਐਲ.ਐਮ.ਆਈ ਦੇਣ ਦੇ ਨਾਂ ਤੇ ਨੌਜੁਆਨਾਂ ਦੇ ਸੋਸ਼ਣ ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਨੌਜੁਆਨਾਂ ਨੂੰ ਆਪਣੇ ਸੱਭਿਆਚਾਰ ਤੇ ਆਪਣੇ ਨਾਲ ਜੋੜਨ ਲਈ ਇਮਾਨਦਾਰੀ ਦੀ ਲੋੜ ਹੈ ਅਤੇ ਲੁੱਟ-ਖਸੁੱਟ ਤੋਂ ਬਾਜ਼ ਆਉਣਾ ਚਾਹੀਦਾ ਹੈ ਤਾਂ ਜੋ ਨਿੱਤ ਹੁੰਦੇ ਸੁਏਸਾਈਡ ਦੇ ਰੁਝਾਨ ਤੋਂ ਨੁਜੁਆਨਾਂ ਨੂੰ ਬਚਾਇਆ ਜਾ ਸਕੇ। ਸੁਰਿੰਦਰ ਗੀਤ ਨੇ ਕਿਹਾ ਕਿ ਕਵਿਤਾ ਬੇਰੋਕ ਆਉਂਦੀ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਪੰਜਾਬੀ ਬੋਲੀ ਵਿੱਚੋਂ ਗਾਲ੍ਹਾਂ ਬਾਹਰ ਕੱਢ ਦਿਓ ਬੋਲੀ ਆਪੇ ਮਕਬੂਲ ਹੋ ਜਾਵੇਗੀ।ਸ਼ੈਰੀ ਬਰਾੜ, ਰਵੀ ਜਨਾਗਲ, ਸੁਖਵਿੰਦਰ ਸਿੰਘ ਤੂਰ, ਅਮਨਪ੍ਰੀਤ, ਸਿਕੰਦਰ ਸਿੰਘ, ਇੰਜਨੀਅਰ ਜੀਰ ਸਿੰਘ ਬਰਾੜ, ਗੁਰਜੀਤ ਕੌਰ, ਸਨੀ ਸਵੈਚ, ਹਰਮਿੰਦਰ ਸਿੰਘ, ਜਗਦੀਸ਼ ਸਰੋਆ, ਮਨਮੋਹਨ ਸਿੰਘ ਬਾਠ, ਸਰਬਜੀਤ ਉੱਪਲ, ਪਰਮਜੀਤ ਸਿੰਘ ਭੰਗੂ, ਪ੍ਰੀਤ ਸਾਗਰ ਸਿੰਘ, ਸੁਖਵਿੰਦਰ ਸਿੰਘ ਥਿੰਦ, ਸੁਰਿੰਦਰ ਢਿਲੋਂ, ਪ੍ਰੋ: ਸ਼ੁਭ ਪ੍ਰੇਮ ਸਿੰਘ ਨੇ ਵੀ ਮੰਚ ਉਪਰੋਂ ਆਪੋ ਆਪਣੇ ਵਿਚਾਰਾਂ ਦੀ ਸਾਂਝ ਪਾਈ। ਅੰਤ ਵਿੱਚ ਪ੍ਰਧਾਨ ਸਿਹੋਤਾ ਜੀ ਨੇ ਅੱਜ ਦੀ ਮੀਟਿੰਗ ਵਿੱਚ ਭਰਵੀਂ ਹਾਜ਼ਰੀ ਲਈ ਸਭ ਦਾ ਧੰਨਵਾਦ ਕੀਤਾ।ਜਸਜੋਤ ਕੌਰ, ਇਕਬਾਲ ਸਿੰਘ ਰੁਪਾਲ, ਅਮਰਪਾਲ ਕੌਰ ਰੁਪਾਲ, ਪੈਰੀ ਮਾਹਲ, ਸਿਮਰ ਕੌਰ ਚੀਮਾ, ਅਮਰੀਕ ਸਿੰਘ ਸਰੋਆ, ਰੈਮੀ ਸਵੈਚ ਤੇ ਗਿਆਨ ਕੌਰ ਸੀਹਰਾ ਜੀ ਦੀ ਹਾਜ਼ਰੀ ਵੀ ਜ਼ਿਕਰਯੋਗ ਰਹੀ।

## 'ਅੰਡਰਕਵਰ' ਇਜ਼ਰਾਇਲੀ ਸੈਨਿਕਾਂ ਨੇ ਤਿੰਨ ਕਥਿਤ ਅੱਤਵਾਦੀ ਮਾਰੇ

ਔਟਵਾ ( ਪੰਜਾਬੀ ਅਖ਼ਬਾਰ ਬਿਊਰੋ ) ਔਰਤਾਂ ਤੇ ਮੈਡੀਕਲ ਵਰਕਰਾਂ ਦੇ ਕੱਪੜਿਆਂ 'ਚ ਆਏ ਹਥਿਆਰਬੰਦ ਇਜ਼ਰਾਇਲੀ ਬਲਾਂ ਨੇ ਆਪਣੇ ਕਬਜ਼ੇ ਵਾਲੇ ਵੈਸਟ ਬੈਂਕ ਦੇ ਇੱਕ ਹਸਪਤਾਲ ਵਿਚ ਦਾਖਲ ਹੋ ਕੇ ਤਿੰਨ ਕਥਿੱਤ ਫਲਸਤੀਨੀ ਦਹਿਸ਼ਤਗਰਦਾਂ ਦੀ ਹੱਤਿਆ ਕਰ ਦਿੱਤੀ। ਫਲਸਤੀਨੀ ਸਿਹਤ ਮੰਤਰਾਲੇ ਮੁਤਾਬਕ ਇਜ਼ਰਾਇਲੀ ਬਲਾਂ ਨੇ ਜੇਨਿਨ ਸ਼ਹਿਰ ਦੇ ਇਬਨ ਸੀਨਾ ਹਸਪਤਾਲ ਦੇ ਵਾਰਡਾਂ ਵਿੱਚ ਵੜ ਕੇ ਗੋਲੀਬਾਰੀ ਕੀਤੀ। ਉਨ੍ਹਾਂ ਕੌਮਾਂਤਰੀ ਭਾਈਚਾਰੇ ਨੂੰ ਬੇਨਤੀ ਕੀਤੀ ਹੈ ਕਿ ਇਜ਼ਰਾਇਲੀ ਫ਼ੌਜ ਨੂੰ ਹਸਪਤਾਲਾਂ ਵਿੱਚ ਅਜਿਹੀ ਕਾਰਵਾਈ ਤੋਂ ਰੋਕਿਆ ਜਾਵੇ। ਹਸਪਤਾਲ ਦੇ ਇੱਕ ਬੁਲਾਰੇ ਨੇ ਕਿਹਾ ਕਿ ਦੂਜੇ ਪਾਸਿ-ਂ ਕੋਈ ਜਵਾਬੀ ਗੋਲੀਬਾਰੀ ਨਹੀਂ ਹੋਈ ਤੇ ਵਿਅਕਤੀਆਂ ਨੂੰ ਮਿੱਥ ਕੇ ਮਾਰਿਆ ਗਿਆ। ਇਜ਼ਰਾਇਲੀ ਫੌਜ ਨੇ ਕਿਹਾ ਕਿ ਅੱਤਵਾਦੀ ਹਸਪਤਾਲ ਨੂੰ ਲੁਕਣਗਾਹ ਵੱਜੋਂ ਵਰਤ ਰਹੇ ਸਨ। ਹਸਪਤਾਲ ਦੇ ਇੱਕ ਸਕਿਉਰਿਟੀ ਕੈਮਰੇ ਦੀ ਫੁਟੇਜ ਵਿੱਚ ਕਈ 'ਅੰਡਰਕਵਰ' ਇਜ਼ਰਾਇਲੀ ਸੈਨਿਕ ਨਜ਼ਰ ਆ ਰਹੇ ਹਨ, ਜਿਨ੍ਹਾਂ ਕੋਲ ਹਥਿਆਰ ਹਨ। ਉਨ੍ਹਾਂ ਹਿਜਾਬ ਪਾਇਆ ਹੋਇਆ ਸੀ ਤੇ ਕਈਆਂ ਨੇ ਡਾਕਟਰਾਂ ਵਾਲੇ ਸਫ਼ੇਦ ਕੋਟ ਪਾਏ ਹੋਏ ਸਨ। ਜ਼ਿਕਰਯੋਗ ਹੈ ਕਿ ਹੁਣ ਇਜ਼ਰਾਈਲ ਨੂੰ ਹਸਪਤਾਲਾਂ 'ਤੇ ਹਮਲੇ ਲਈ ਤਿੱਖੀ ਆਲੋਚਨਾ ਸਹਿਣੀ ਪੈ ਰਹੀ ਹੈ।









# ਬਾਇਡਨ ਅਤੇ ਈਲੌਨ ਮਸਕ ਨੂੰ ਮਾਰਨ ਦੀ ਧਮਕੀ ਦੇਣ ਦੇ ਦੋਸ਼ 'ਚ ਟੈੱਸਲਾ ਦਾ ਕਰਮਚਾਰੀ ਗ੍ਰਿਫ਼ਤਾਰ



ਕੇਮਬ੍ਰਿਜ(ਪੰਜਾਬੀ ਅਖਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਤਕਨੀਕੀ ਅਰਬਪਤੀ ਈਲੌਨ ਮਸਕ ਨੂੰ ਮਾਰਨ ਦੀ ਧਮਕੀ ਦੇਣ ਵਾਲੇ ਟੈੱਸਲਾ ਦੇ ਇੱਕ ਕਰਮਚਾਰੀ ਨੂੰ ਟੈਕਸਸ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅਦਾਲਤ ਦੇ ਦਸਤਾਵੇਜ਼ਾਂ ਮੁਤਾਬਿਕ 31 ਸਾਲਾ ਜਸਟਿਨ ਮੈਕਕੌਲੀ ਨੇ ਇਹ ਧਮਕੀ X ਪੋਸਟ 'ਚ ਦਿੱਤੀ ਜਿਸ 'ਚ ਲਿਖਿਆ ਗਿਆ ਸੀ, "ਜੋਅ ਬਾਇਡਨ ਅਤੇ ਈਲੌਨ ਮਸਕ, ਮੈਂ ਤੁਹਾਨੂੰ ਸਾਰਿਆਂ ਨੂੰ ਮਾਰਨ ਦੀ ਯੋਜਨਾ ਬਣਾ ਰਿਹਾ ਹਾਂ।" ਮੈਕਕੌਲੀ ਨੇ ਇੱਕ ਹੋਰ ਪੋਸਟ 'ਚ ਲਿਖਿਆ, "ਮੈਂ ਟੈਕਸਸ ਪਹੁੰਚਾਂਗਾ ਜਿੱਥੇ ਕਈ ਮੋਰਚਿਆਂ 'ਤੇ ਜੰਗ ਸ਼ੁਰੂ ਹੋ ਚੁੱਕੀ ਹੈ।"

ਦੋਸ਼ਾਂ ਅਨੁਸਾਰ ਮੈਕਕੌਲੀ ਦੀ ਪਤਨੀ ਨੇ ਰੇਂਜਰਜ਼ ਪੁਲੀਸ ਨਾਲ ਸੰਪਰਕ ਕੀਤਾ ਸੀ ਜਦੋਂ ਉਸ ਨੇ ਉਸ ਨੂੰ ਦੱਸਿਆ ਕਿ ਉਹ ਟੈਕਸਸ ਜਾ ਰਿਹਾ ਹੈ ਅਤੇ ਕਦੇ ਵਾਪਿਸ ਨਹੀਂ ਆਵੇਗਾ। ਉਸ ਨੇ ਪੁਲੀਸ ਨੂੰ ਇਹ ਵੀ ਦੱਸਿਆ ਕਿ ਮੈਕਕੌਲੀ ਨੇ ਆਪਣਾ ਫ਼ੋਨ ਘਰ ਛੱਡ ਦਿੱਤਾ ਜਿਸ ਨਾਲ ਉਸ ਨੂੰ ਲੱਭਣਾ ਅਸੰਭਵ ਹੋ ਗਿਆ ਸੀ। ਦੋਸ਼ਾਂ ਅਨੁਸਾਰ ਮੈਕਕੌਲੀ ਨੂੰ 26 ਜਨਵਰੀ ਨੂੰ ਓਕਲਾਹੋਮਾ 'ਚ ਪੁਲੀਸ ਨੇ ਰਾਜ 'ਚ ਯਾਤਰਾ ਕਰਦੇ ਸਮੇਂ ਰੋਕਿਆ ਸੀ। ਰਿਪੋਰਟ 'ਚ ਕਿਹਾ ਗਿਆ ਕਿ ਮੈਕਕੌਲੀ ਨੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਰਾਸ਼ਟਰਪਤੀ ਨਾਲ ਗੱਲ ਕਰਨਾ ਚਾਹੁੰਦਾ ਹੈ। ਜਦੋਂ ਉਸ ਨੂੰ ਕਾਰਨ ਪੁੱਛਿਆ ਗਿਆ ਤਾਂ ਉਸ ਨੇ ਜਵਾਬ ਦਿੱਤਾ, "ਜੇਕਰ ਤੁਹਾਨੂੰ ਪਤਾ ਹੁੰਦਾ ਕਿ ਤੁਸੀਂ ਕੱਲ੍ਹ ਮਰਨ ਜਾ ਰਹੇ ਹੋ ਤਾਂ ਕੀ ਤੁਸੀਂ ਰਾਸ਼ਟਰਪਤੀ ਨਾਲ ਗੱਲ ਨਹੀਂ ਕਰਨਾ ਚਾਹੋਗੇ?"

**ਟੈੱਸਲਾ ਦੀ ਗੀਗਾਫ਼ੈਕਟਰੀ 'ਚ ਕੀਤੀ ਕਾਲ**

ਅਗਲੀ ਸਵੇਰ ਅਧਿਕਾਰੀਆਂ ਨੂੰ ਔਸਟਿਨ 'ਚ ਟੈੱਸਲਾ ਗੀਗਾਫ਼ੈਕਟਰੀ 'ਚ ਇੱਕ ਧਮਕੀ ਭਰੀ ਕਾਲ ਬਾਰੇ ਸੂਚਿਤ ਕੀਤਾ ਗਿਆ। ਹਾਲਾਂਕਿ ਇਹ ਸਪੱਸ਼ਟ ਨਹੀਂ ਕਿ ਕਾਲ 31 ਸਾਲਾ ਕਰਮਚਾਰੀ ਨੇ ਕੀਤੀ ਸੀ ਜਾਂ ਨਹੀਂ। ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ ਕਾਨੂੰਨ ਲਾਗੂ ਕਰਨ ਵਾਲਿਆਂ ਨੇ ਔਸਟਿਨ 'ਚ ਮੈਕਕੌਲੀ ਨੂੰ ਰੋਕ ਦਿੱਤਾ। ਉਸ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਨੇ ਮਸਕ ਨਾਲ ਗੱਲ ਕਰਨ ਲਈ ਟੈੱਸਲਾ ਗੀਗਾਫ਼ੈਕਟਰੀ ਦਾ ਦੌਰਾ ਕਰਨ ਦੀ ਯੋਜਨਾ ਬਣਾਈ ਹੈ। ਉਸ ਤੋਂ ਬਾਅਦ ਮੈਕਕੌਲੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਦੌਰਾਨ ਮਸਕ ਨੇ ਘੋਸ਼ਣਾ ਕੀਤੀ ਹੈ ਕਿ ਟੈੱਸਲਾ ਆਪਣੇ ਦਫ਼ਤਰ ਨੂੰ ਡੈਲਾਵੇਅਰ ਤੋਂ ਟੈਕਸਸ ਤਕ ਲਿਜਾਣ ਲਈ ਸ਼ੇਅਰਹੋਲਡਰਜ਼ ਵੋਟ ਕਰਵਾਉਣ ਲਈ ਤੁਰੰਤ ਕਦਮ ਚੁੱਕੇਗੀ। ਇਹ ਬਿਆਨ ਡੈਲਾਵੇਅਰ 'ਚ ਇੱਕ ਜੱਜ ਦੇ ਫ਼ੈਸਲੇ ਤੋਂ ਬਾਅਦ ਆਇਆ ਹੈ ਕਿ ਮਸਕ ਦਾ 56 ਬਿਲੀਅਨ ਡਾਲਰ ਤਨਖ਼ਾਹ ਪੈਕੇਜ ਅਨੁਚਿਤ ਹੈ ਅਤੇ ਟੈੱਸਲਾ ਬੋਰਡ ਨੂੰ ਇੱਕ ਨਵੇਂ ਤਨਖ਼ਾਹ ਪ੍ਰਸਤਾਵ ਨਾਲ ਆਉਣ ਦੀ ਜ਼ਰੂਰਤ ਹੋਵੇਗੀ।

# ਗੱਲ ਘਰ ਘਰ ਦੀ




ਕੈਨੇਡਾ ਭਰ ਵਿੱਚ ਘਰ ਖ਼ਰੀਦਣ ਦੇ ਚਾਹਵਾਨ ਇਸ ਵੇਲੇ ਅਪਣਾ ਸੁਫ਼ਨਾ ਪੂਰਾ ਕਰਨ ਲਈ ਭਰਪੂਰ ਕੋਸ਼ਿਸ਼ ਕਰ ਰਹੇ ਹਨ। ਇਸ ਦਾ ਕਾਰਨ ਹੈ ਕਿ ਜੁਲਾਈ ਮਹੀਨੇ ਵਿੱਚ ਜੇ ਬੈਂਕ ਔਫ਼ ਕੈਨੇਡਾ ਵਿਆਜ ਦਰ ਵਿੱਚ (ਸੰਭਾਵਿਤ) ਕਮੀ (0.25%) ਕਰਦਾ ਹੈ ਤਾਂ ਘਰ ਖ਼ਰੀਦਣ ਵਾਲਿਆਂ ਦੀ ਕਾਹਲ ਘਰਾਂ ਦੀ ਕੀਮਤ ਮੁੜ ਵਧਾ ਸਕਦੀ ਹੈ। ਇਹੀ ਕਾਹਲ, ਇਕ ਵਾਰ ਫਿਰ ਵਿਆਜ ਦੇ ਵਧਣ ਦਾ ਕਾਰਨ ਵੀ ਬਣ ਸਕਦੀ ਹੈ। ਦੇਸ਼ਵਾਸੀ ਮੌਜੂਦਾ ਸਮੇਂ ਇਕ ਭੈੜੇ ਚੱਕਰ ਵਿੱਚ ਫਸ ਚੁੱਕੇ ਹਨ ਤੇ ਇਸ ਵਿੱਚ ਸਾਰੀਆਂ ਧਿਰਾਂ ਸ਼ਾਮਲ ਹਨ- ਫੈਡਰਲ ਸਰਕਾਰ, ਬੈਂਕ ਔਫ਼ ਕੈਨੇਡਾ, ਡਿਵੈਲਪਰ, ਹੋਮ ਬਿਲਡਰ, ਇਨਵੈਸਟਰ, ਇਮੀਗ੍ਰੰਟ ਤੇ ਖ਼ਰੀਦ-ਦਾਰ! ਜਦੋਂ ਵੀ ਇਹਨਾਂ ਵਿੱਚੋਂ ਕੋਈ ਵੀ ਇਕ ਮਾਮੂਲੀ ਜਿਹੀ ਗ਼ਲਤੀ ਕਰਦਾ ਹੈ ਤਾਂ ਇਸ ਦਾ ਖ਼ਾਮਿਆਜ਼ਾ ਬਾਕੀ ਸਾਰਿਆਂ ਧਿਰਾਂ ਨੂੰ ਭੁਗਤਨਾ ਪੈ ਰਿਹਾ ਹੈ।

ਦਸੰਬਰ 2023 ਅਤੇ ਇਸ ਸਾਲ ਦੇ ਪਹਿਲੇ ਮਹੀਨੇ ਘਰਾਂ ਦੀ ਵਿਕਰੀ ਠੀਕ-ਠਾਕ ਰਹੀ ਹੈ ਪਰ ਇਨਵੈਨਟੋਰੀ ਉਸ ਦੇ ਮੁਕਾਬਲੇ ਚੰਗੀ ਹਾਲਤ ਵਿੱਚ ਨਹੀਂ ਹੈ। ਭਾਵ, ਘਰ ਵਿਕਣ ਵਾਸਤੇ ਮਾਰਕਿਟ ਵਿੱਚ ਘੱਟ ਹਨ ਤੇ ਖ਼ਰੀਦਣ ਵਾਲੇ ਬਹੁਤੇ ਹਨ। ਇਸ ਕਾਰਨ ਘਰਾਂ ਦੀ ਕੀਮਤ ਵਧ ਰਹੀ ਹੈ। ਜਦੋਂ ਖ਼ਰੀਦਾਰ ਚੁੱਪ ਕਰ ਜਾਂਦਾ ਹੈ ਤਾਂ ਘਰ ਕਈ ਵਾਰ ਵੱਧ ਕੀਮਤ 'ਤੇ ਵੀ ਵਿਕ ਜਾਂਦਾ ਹੈ। ਇਹ ਹੋਮ ਮਾਰਕਿਟ ਦਾ ਨਾਟਕ ਹੈ। ਰੀਅਲ ਇਸਟੇਟ ਦੁੱਧ ਧੋਤਾ ਖੇਤਰ ਨਹੀਂ ਹੈ ਇਸ ਲਈ ਖ਼ਰੀਦ-ਦਾਰ ਨੂੰ ਸਾਵਧਾਨੀ ਨਾਲ ਚੋਣ ਕਰਨੀ ਚਾਹੀਦੀ ਹੈ।

ਹੁਣ ਕਨਸੋਆਂ ਹਨ ਕਿ ਇਸ ਸਾਲ ਜੁਲਾਈ ਵਿੱਚ ਵਿਆਜ ਦਰ ਘਟ ਸਕਦੀ ਹੈ। ਉਸ ਵੇਲੇ ਘਰਾਂ ਦੀ ਵਿਕਰੀ ਵਿੱਚ ਤੇਜ਼ੀ ਦੀ ਸੰਭਾਵਨਾ ਹੈ ਜਿਸ ਨਾਲ ਕੀਮਤਾਂ ਵਿੱਚ ਉਛਾਲ ਆ ਸਕਦਾ ਹੈ। ਜੁਲਾਈ ਤੋਂ ਪਹਿਲਾਂ ਘਰ ਖ਼ਰੀਦਣਾ ਇਸ ਕਰਕੇ ਵੀ ਫਾਇਦੇਮੰਦ ਹੋ ਸਕਦਾ ਹੈ ਕਿ ਮੌਜੂਦਾ ਸਮੇਂ ਘਰਾਂ ਦੀਆਂ ਕੀਮਤਾਂ ਮੁੱਖ ਅਤੇ ਸਧਾਰਨ ਤੌਰ 'ਤੇ ਸਥਿਰ ਹਨ ਪਰ ਵਿਆਜ ਦਰ ਘਟਣ ਨਾਲ ਅਤੇ ਲੋਕਾਂ ਵੱਲੋਂ ਅਚਾਨਕ ਮੰਗ ਵਧਾ ਦਿੱਤੇ ਜਾਣ 'ਤੇ ਘਰਾਂ ਦੀਆਂ ਕੀਮਤਾਂ ਵਧ ਸਕਦੀਆਂ ਹਨ।

ਇਸ ਸਾਲ ਜਨਵਰੀ ਮਹੀਨੇ ਦੌਰਾਨ ਕੈਲਗਰੀ ਵਿੱਚ 1650 ਘਰ ਵਿਕੇ ਹਨ ਤੇ ਲਿਸਟ ਕੀਤੇ ਘਰਾਂ ਵਿੱਚ ਲਗਪਗ ਸਾਢੇ 15% ਦਾ ਵਾਧਾ ਹੋਇਆ ਹੈ। ਜਨਵਰੀ ਵਿੱਚ ਘਰਾਂ ਦੀ ਬੈਂਚਮਾਰਕ ਕੀਮਤ ਵੀ ਵਧ ਕੇ 5 ਲੱਖ 72 ਹਜ਼ਾਰ 300 ਡਾਲਰ 'ਤੇ ਪਹੁੰਚ ਗਈ ਹੈ ਜਿਹੜੀ ਪਿਛਲੇ ਸਾਲ ਜਨਵਰੀ ਮਹੀਨੇ ਦੇ ਮੁਕਾਬਲੇ ਲਗਪਗ 10% ਜ਼ਿਆਦਾ ਹੈ। ਔਸਤਨ ਵਿਕਰੀ ਕੀਮਤ ਦਸੰਬਰ ਵਿੱਚ 5 ਲੱਖ 69 ਹਜ਼ਾਰ 400 ਡਾਲਰ ਸੀ।

ਮੌਜੂਦਾ ਸਮੇਂ ਕੈਲਗਰੀ ਵੱਲ ਓਂਟੈਰੀਓ ਅਤੇ ਬ੍ਰਿਟਿਸ਼ ਕੋਲੰਬੀਆ ਤੋਂ ਲੋਕ ਆ ਰਹੇ ਹਨ। ਦੋਵਾਂ ਸੂਬਿਆਂ ਵਿੱਚ ਘਰਾਂ ਦੀਆਂ ਕੀਮਤਾਂ ਕੈਲਗਰੀ ਦੇ ਮੁਕਾਬਲੇ ਕਿਤੇ ਵੱਧ ਹੋਣ ਕਰਕੇ, ਉਹ ਕੈਲਗਰੀ ਵਿਚਲੀ ਕੀਮਤ ਨਾਲ ਦੋ ਘਰ ਖ਼ਰੀਦ ਸਕਦੇ ਹਨ। ਇਸੇ ਕਰਕੇ ਘਰਾਂ ਦੀ ਕੀਮਤ ਵਧ ਰਹੀ ਹੈ। ਕੰਮ ਘਟਦੇ ਜਾ ਰਹੇ ਹੋਣ ਕਰਕੇ ਇਹਨਾਂ ਦੀ ਆਮਦ ਮਾਮੂਲੀ ਜਿਹੀ ਘਟੀ ਹੈ, ਜਿਸ ਕਰਕੇ ਇਨਵੈਨਟੋਰੀ ਵਧੀ ਹੈ।

ਮੇਰੀ ਸਲਾਹ ਹੈ ਕਿ ਜੁਲਾਈ ਵਿੱਚ ਵਿਆਜ ਦਰ ਘਟਣ ਨਾਲ ਪੈਣ ਵਾਲੇ ਘੜਮੱਸ ਤੋਂ ਪਹਿਲਾਂ ਜੇਕਰ ਤੁਸੀਂ ਘਰ ਖ਼ਰੀਦਣ ਦੇ ਇੱਛੁਕ ਹੋ ਤਾਂ ਮੇਰੇ ਨਾਲ ਸੰਪਰਕ ਕਰੋ!

ਮੇਰਾ ਨੰਬਰ ਹੈ:
403-401-9000.

# ਸਿੱਖਾਂ ਦੀ ਪੱਗੜੀ ਕਰਦੀ ਹੈ ਸਿਰ 'ਚ ਫ਼ਰੈਕਚਰ ਦੇ ਖ਼ਤਰੇ ਨੂੰ ਘੱਟ



ਮਿਸੀਸਾਗਾ (ਪੰਜਾਬੀ ਅਖਬਾਰ ਬਿਊਰੋ) ਪੱਗੜੀ ਪਹਿਨਣਾ ਸਿੱਖਾਂ ਦੀ ਆਸਥਾ ਨਾਲ ਜੁੜਿਆ ਹੋਇਆ ਹੈ। ਪੱਗੜੀ ਨੂੰ ਬੰਨਣਾ ਵਿਗਿਆਨਕ ਰੂਪ ਨਾਲ ਵੀ ਫ਼ਾਇਦੇਮੰਦ ਹੈ। ਸਿੱਖਾਂ ਵਲੋਂ ਪਹਿਨਣੀ ਜਾਣ ਵਾਲੀ ਪੱਗੜੀ ਹਾਦਸਾ ਹੋਣ 'ਤੇ ਸਿਰ 'ਚ ਫ਼ਰੈਕਚਰ ਨੂੰ ਕਾਫ਼ੀ ਹੱਦ ਤੱਕ ਘੱਟ ਕਰ ਦਿੰਦੀ ਹੈ। ਇੱਕ ਸ਼ੋਧ 'ਚ ਇਹ ਗੱਲ ਸਾਹਮਣੇ ਆਈ ਹੈ। ਇੰਪੀਰੀਅਲ ਕਾਲਜ ਅਤੇ ਸਿੱਖ ਸਾਇੰਟਿਸਟ ਨੈੱਟਵਰਕ ਦੇ ਖੋਜਕਾਰਾਂ ਨੇ ਇਹ ਅਧਿਐਨ ਕੀਤਾ ਜਿਸ ਤੋਂ ਇਹ ਸਿੱਟਾ ਸਾਹਮਣੇ ਆਇਆ ਹੈ।

ਸ਼ੋਧਕਰਤਾਵਾਂ ਮੁਤਾਬਿਕ ਅਧਿਐਨ 'ਚ ਵੇਖਿਆ ਗਿਆ ਹੈ ਕਿ ਪੱਗੜੀ ਪਹਿਨਣ ਨਾਲ ਖੋਪੜੀ 'ਚ ਹੋਣ ਵਾਲੇ ਫ਼ਰੈਕਚਰ ਦੇ ਖ਼ਤਰੇ ਨੂੰ ਕਾਫ਼ੀ ਹੱਦ ਤਕ ਘੱਟ ਕਰਨ 'ਚ ਮਦਦ ਮਿਲਦੀ ਹੈ। ਸ਼ੋਧ 'ਚ ਪਾਇਆ ਗਿਆ ਹੈ ਕਿ ਨੰਗੇ ਸਿਰ ਦੀ ਤੁਲਨਾ 'ਚ ਪੱਗੜੀ ਪਹਿਨਣ ਨਾਲ ਕੱਪੜੇ ਦੀ ਮੋਟੀ ਪਰਤ ਨਾਲ ਢੱਕੀ ਖੋਪੜੀ ਦੇ ਹਿੱਸੇ 'ਤੇ ਫ਼ਰੈਕਚਰ ਦਾ ਖ਼ਤਰਾ ਬਹੁਤ ਘੱਟ ਹੋ ਜਾਂਦਾ ਹੈ। ਇਹ ਵੀ ਵੇਖਿਆ ਗਿਆ ਕਿ ਪੱਗੜੀ ਬੰਨਣਾ ਸਿਰ ਦੀ ਸੱਟ ਦੇ ਜ਼ੋਖ਼ਮ 'ਤੇ ਮਹੱਤਵਪੂਰਣ ਪ੍ਰਭਾਵ ਪਾਉਂਦੀ ਹੈ।ਸ਼ੋਧ 'ਚ ਪੱਗੜੀ ਬੰਨਣਾ ਸਿਰ ਦੇ ਅਗਲੇ ਹਿੱਸੇ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਸਭ ਤੋਂ ਵਧੀਆ ਢੰਗ ਹੈ। ਇਸ ਦੇ ਨਾਲ ਹੀ ਦੁਮਾਲਾ ਦਸਤਾਰ ਸਟਾਈਲ ਸਿਰ ਦੇ ਕਿਨਾਰੇ ਵਾਲੇ ਹਿੱਸੇ ਨੂੰ ਸੱਟ ਤੋਂ ਬਚਾਉਣ ਲਈ ਵਧੇਰੇ ਪ੍ਰਭਾਵਸ਼ਾਲੀ ਪਾਇਆ ਗਿਆ। ਸ਼ੋਧਕਰਤਾਵਾਂ ਨੇ ਕਿਹਾ ਕਿ ਸਾਡੇ ਸਿੱਟਿਆਂ ਤੋਂ ਪਤਾ ਲੱਗਦਾ ਹੈ ਕਿ ਸਿੱਖ ਪੱਗੜੀ 'ਚ ਸਿਰ 'ਤੇ ਲੱਗਣ ਵਾਲੀ ਸੱਟ ਨੂੰ ਘੱਟ ਕਰਨ ਦੀ ਸਮਰੱਥਾ ਰੱਖਦੀ ਹੈ।





















## ਸੰਪਾਦਕੀ



**ਸੱਤਾ ਦੀ ਦੁਰਵਰਤੋਂ ਜਮਹੂਰੀਅਤ ਦੀ ਕਬਰ ਹੈ**
**-ਜੇਮਸ ਮੈਡੀਸਨ**

## ਕੈਨੇਡਾ ਵੱਲੋਂ ਸਖ਼ਤੀ ਤੇ ਅਮਰੀਕਾ ਦੁਆਰਾ ਨਰਮੀ

ਜਿੱਥੇ ਇੱਕ ਪਾਸੇ ਕੈਨੇਡਾ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਲਈ ਸਖ਼ਤ ਨਿਯਮ ਬਣਾ ਰਹੀ ਹੈ ਤੇ ਨਾਲ-ਨਾਲ ਵਿਦੇਸ਼ੀਆਂ ਲਈ ਆਵਾਸ ਨੀਤੀ ਦੇ ਸਬੰਧ ਵਿੱਚ ਘਰਾਂ ਨੂੰ ਖ਼ਰੀਦਣ ਵਿੱਚ ਦੋ ਸਾਲ ਰੋਕ ਲਗਾ ਦਿੱਤੀ ਹੈ।ਪਰ ਦੂਜੇ ਪਾਸੇ ਅਮਰੀਕਾ 'ਚ ਰਹਿੰਦੇ ਭਾਰਤੀ ਕਾਮਿਆਂ ਲਈ ਇਹ ਖ਼ੁਸ਼ਖ਼ਬਰੀ ਹੈ ਕਿ ਐੱਚ-1ਬੀ ਵੀਜ਼ਾ ਧਾਰਕਾਂ ਦੇ ਇੱਕ ਲੱਖ ਜੀਵਨ-ਸਾਥੀਆਂ ਤੇ ਬੱਚਿਆਂ ਨੂੰ ਕੰਮ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ ਹੈ। ਉਸ ਦੇਸ਼ ਦੀਆਂ ਦੋਵੇਂ ਮੁੱਖ ਪਾਰਟੀਆਂ ਡੈਮੋਕ੍ਰੈਟਿਕ ਤੇ ਰੀਪਬਲਿਕਨ ਦੀ ਲੀਡਰਸ਼ਿਪ ਨਾਲ ਕੀਤੇ ਸਮਝੌਤੇ ਦਾ ਫ਼ਾਇਦਾ ਪਰਵਾਸੀ ਕਾਮਿਆਂ ਦੇ ਢਾਈ ਲੱਖ ਅਜਿਹੇ ਬੱਚਿਆਂ ਨੂੰ ਵੀ ਹੋਵੇਗਾ ਜੋ ਉਮਰ ਦੀ ਵੱਧ ਤੋਂ ਵੱਧ ਸੀਮਾ ਪਾਰ ਕਰ ਚੁੱਕੇ ਹਨ। ਅਮਰੀਕਾ ਦੀਆਂ ਇਨ੍ਹਾਂ ਕਾਨੂੰਨੀ ਤਬਦੀਲੀਆਂ ਦਾ ਫ਼ਾਇਦਾ ਯਕੀਨੀ ਤੌਰ 'ਤੇ ਭਾਰਤੀ ਅਤੇ ਚੀਨੀ ਮੂਲ ਦੇ ਤਕਨੀਕੀ ਕਾਮਿਆਂ ਨੂੰ ਜ਼ਿਆਦਾ ਮਿਲੇਗਾ ਕਿਉਂਕਿ ਉਨ੍ਹਾਂ ਦੀ ਗਿਣਤੀ ਹੋਰਨਾਂ ਦੇਸ਼ਾਂ ਤੋਂ ਆਏ ਕਰਮਚਾਰੀਆਂ ਤੋਂ ਕਿਤੇ ਵੱਧ ਹੈ। ਜ਼ਿਆਦਾਤਰ ਵਿਦੇਸ਼ੀ ਤਕਨੀਕੀ ਕਾਮੇ ਐੱਚ-1ਬੀ ਵੀਜ਼ਾ ਦੇ ਆਧਾਰ 'ਤੇ ਹੀ ਅਮਰੀਕਾ ਪੁੱਜਦੇ ਹਨ। ਇਸ ਵੀਜ਼ੇ ਦੀਆਂ ਵਿਵਸਥਾਵਾਂ ਅਨੁਸਾਰ ਅਮਰੀਕੀ ਕੰਪਨੀਆਂ ਅਜਿਹੇ ਵਿਦੇਸ਼ੀ ਕਾਮਿਆਂ ਨੂੰ ਨੌਕਰੀ 'ਤੇ ਰੱਖ ਸਕਦੀਆਂ ਹਨ ਜਿਨ੍ਹਾਂ ਕੋਲ਼ ਖ਼ਾਸ ਸੂਚੀਬੱਧ ਕਿੱਤਿਆਂ ਨਾਲ ਸਬੰਧਤ ਸਿਧਾਂਤਕ ਤੇ ਤਕਨੀਕੀ ਮੁਹਾਰਤ ਹੁੰਦੀ ਹੈ। ਇਨ੍ਹਾਂ ਕੰਪਨੀਆਂ ਨੇ ਕਾਗਜ਼ੀ ਕਾਰਵਾਈ 'ਚ ਇਹ ਵੀ ਦਰਸਾਉਣਾ ਹੁੰਦਾ ਹੈ ਕਿ ਅਮਰੀਕਾ 'ਚ ਉਨ੍ਹਾਂ ਨੂੰ ਲੋੜੀਂਦਾ ਕਰਮਚਾਰੀ ਨਹੀਂ ਮਿਲਿਆ। ਦਰਅਸਲ, ਉੱਥੋਂ ਦੀਆਂ ਟੈਕਨੋਲੋਜੀ ਆਧਾਰਤ ਕੰਪਨੀਆਂ ਹਰ ਸਾਲ ਭਾਰਤ ਤੇ ਚੀਨ ਜਿਹੇ ਦੇਸ਼ਾਂ ਦੇ ਲੱਖਾਂ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਦੀਆਂ ਹਨ। ਇਸ ਦੇ ਨਾਲ ਹੀ ਇੱਕ ਹੋਰ ਸਹੂਲਤ ਵੀ ਮੌਜੂਦਾ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਇਹ ਦਿੱਤੀ ਗਈ ਹੈ ਕਿ ਉਹ ਹੁਣ ਅਮਰੀਕਾ 'ਚ ਰਹਿ ਕੇ ਵੀ ਆਪਣੀ ਵੀਜ਼ਾ ਮਿਆਦ ਨੂੰ ਹੋਰ ਅੱਗੇ ਵਧਾ ਸਕਦੇ ਹਨ। ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਇਹ ਵੀਜ਼ਾ ਮਿਆਦ ਸਿਰਫ਼ ਉਨ੍ਹਾਂ ਹੀ ਪਰਵਾਸੀ ਕਰਮਚਾਰੀਆਂ ਦੀ ਵਧੇਗੀ ਜਿਨ੍ਹਾਂ ਦੀ ਕਾਰਗੁਜ਼ਾਰੀ ਵਧੀਆ, ਵਿਲੱਖਣ ਤੇ ਸ਼ਾਨਦਾਰ ਹੋਵੇਗੀ। ਵੀਜ਼ਾ ਮਿਆਦ ਅੱਗੇ ਵਧਾਉਣ ਲਈ ਅਰਜ਼ੀਆਂ ਬੀਤੀ 29 ਜਨਵਰੀ ਤੋਂ ਲਈਆਂ ਜਾ ਰਹੀਆਂ ਹਨ ਤੇ ਇਹ ਸਿਲਸਿਲਾ ਪਹਿਲੀ ਅਪ੍ਰੈਲ ਤੱਕ ਜਾਰੀ ਰਹੇਗਾ। ਅਮਰੀਕਾ, ਕੈਨੇਡਾ ਤੇ ਹੋਰ ਪੱਛਮੀ ਦੇਸ਼ਾਂ 'ਚ ਹੁਣ ਗ਼ੈਰ-ਹੁਨਰਮੰਦ ਕਾਮਿਆਂ ਦੀ ਕੋਈ ਜ਼ਰੂਰਤ ਨਹੀਂ ਰਹਿ ਗਈ ਹੈ। ਪੰਜਾਬੀਆਂ ਸਮੇਤ ਸਮੂਹ ਭਾਰਤੀਆਂ ਨੂੰ ਕਾਮਿਆਂ ਵੱਜੋਂ ਪੱਛਮੀ ਦੇਸ਼ਾਂ 'ਚ ਬਹੁਤ ਪਸੰਦ ਕੀਤਾ ਜਾਂਦਾ ਹੈ ਕਿਉਂਕਿ ਇਹ ਮਨਫ਼ੀ ਤਾਪਮਾਨ ਦੀ ਠੰਢ ਤੋਂ ਲੈ ਕੇ 50 ਡਿਗਰੀ ਸੈਲਸੀਅਸ ਤੱਕ ਦੀ ਗਰਮੀ ਵਿੱਚ ਵੀ ਬੜੇ ਆਰਾਮ ਨਾਲ ਕੰਮ ਕਰ ਸਕਦੇ ਹਨ। ਅਜਿਹੀ ਸਮਰੱਥਾ ਦੁਨੀਆ ਦੇ ਬਹੁਤੇ ਮੁਲਕਾਂ ਦੇ ਬਾਸ਼ਿੰਦਿਆਂ 'ਚ ਨਹੀਂ ਹੁੰਦੀ। ਪਰ ਏਸ਼ਿਆਈ ਦੇਸ਼ਾਂ ਭਾਰਤ ਤੇ ਚੀਨ ਤੋਂ ਇਲਾਵਾ ਪਾਕਿ, ਬੰਗਲਾਦੇਸ਼, ਨੇਪਾਲ ਤੇ ਭੂਟਾਨ ਦੇ ਨਾਗਰਿਕਾਂ 'ਚ ਕੰਮ ਪ੍ਰਤੀ ਇੱਕੋ ਜਿਹੀ ਲਗਨ, ਦ੍ਰਿੜ੍ਹਤਾ ਤੇ ਇਕਾਗਰਤਾ ਵੇਖੀ ਜਾਂਦੀ ਹੈ। ਇਸ ਬਾਰੇ ਇੱਕ ਸਵਾਲ ਵੀ ਬੁੱਧੀਜੀਵੀਆਂ ਵੱਲੋਂ ਅਕਸਰ ਕੀਤਾ ਜਾਂਦਾ ਹੈ ਕਿ ਅਜੋਕੇ ਨੌਜਵਾਨ ਹੋਰਨਾਂ ਦੇਸ਼ਾਂ 'ਚ ਲੱਖਾਂ ਰੁਪਏ ਖ਼ਰਚ ਕੇ ਜਾਂਦੇ ਹਨ ਤੇ ਫਿਰ ਬੇਗਾਨੀਆਂ ਧਰਤੀਆਂ 'ਤੇ ਜਾ ਕੇ ਸਖ਼ਤ ਤੋਂ ਸਖ਼ਤ ਮਿਹਨਤ ਵੀ ਕਰ ਲੈਂਦੇ ਹਨ ਪਰ ਆਪਣੇ ਮੂਲ ਵਤਨ 'ਚ ਉਨ੍ਹਾਂ 'ਚ ਸਮਰਪਣ ਦੀ ਅਜਿਹੀ ਭਾਵਨਾ ਕਿਉਂ ਵਿਖਾਈ ਨਹੀਂ ਦਿੰਦੀ? ਉਹ ਆਪਣੇ ਦੇਸ਼ 'ਚ ਹੀ ਮੋਟੀਆਂ ਰਕਮਾਂ ਖ਼ਰਚ ਕਰ ਕੇ ਆਪਣਾ ਕੋਈ ਕਾਰੋਬਾਰ ਕਿਉਂ ਨਹੀਂ ਖੋਲ੍ਹਦੇ? ਇਸ ਦਾ ਜਵਾਬ ਭਾਰਤ, ਪੰਜਾਬ ਤੇ ਹੋਰਨਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਲੱਭਣਾ ਹੋਵੇਗਾ। ਦੇਸ਼ ਨੂੰ ਆਜ਼ਾਦ ਹੋਇਆਂ ਸਾਢੇ 76 ਵਰ੍ਹੇ ਬੀਤ ਚੁੱਕੇ ਹਨ। ਸਰਕਾਰਾਂ, ਬੁੱਧੀਜੀਵੀਆਂ ਤੇ ਹੋਰ ਵਿਦਵਾਨਾਂ ਨੂੰ ਹੁਣ ਅਜਿਹੇ ਸਵਾਲਾਂ ਦੇ ਜਵਾਬ ਹਰ ਹਾਲਤ 'ਚ ਲੱਭਣੇ ਹੋਣਗੇ। ਤਦ ਹੀ ਨੌਜਵਾਨ ਪ੍ਰਤਿਭਾਵਾਂ ਨੂੰ ਵਿਦੇਸ਼ ਜਾਣ ਤੋਂ ਰੋਕਿਆ ਜਾ ਸਕੇਗਾ।

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਚੋਣਾਂ ਦੇ ਸਮਿਆਂ 'ਚ, ਸੱਭੋ ਕੁੱਝ ਜਾਇਜ਼



ਗੁਰਮੀਤ ਸਿੰਘ ਪਲਾਹੀ

ਦੇਸ਼ 'ਚ ਚੋਣਾਂ ਦਾ ਮੌਸਮ ਆ ਢੁੱਕਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਿੱਤ ਨਵੇਂ ਐਲਾਨ ਹੀ ਨਹੀਂ ਕਰ ਰਹੇ, ਸਗੋਂ ਆਪਣੀ "ਦੋ ਇੰਜਨ" ਸਰਕਾਰ ਵਾਲੇ ਸੂਬਿਆਂ 'ਚ ਜਾਕੇ ਨਵੇਂ ਨਵੇਂ "ਵੱਡ ਅਕਾਰੀ, ਵੱਡ ਕਰੋੜੀ" ਪ੍ਰਾਜੈਕਟਾਂ ਦਾ ਉਦਘਾਟਨ ਕਰ ਰਹੇ ਹਨ ਜਾਂ ਨੀਂਹ ਪੱਥਰ ਰੱਖ ਰਹੇ ਹਨ।

ਅਯੁੱਧਿਆ ਵਿਖੇ ਰਾਮ ਮੰਦਰ 'ਚ ਪ੍ਰਧਾਨ ਮੰਤਰੀ ਵਲੋਂ ਸ੍ਰੀ ਰਾਮ ਪ੍ਰਾਣ ਪ੍ਰਤਿਸ਼ਠਾ ਕਰਵਾਈ ਗਈ ਹੈ। ਦੇਸ਼ ਦੀ ਨਾਰੀ ਨੂੰ ਸਮਰਪਿਤ ਬਜ਼ਟ ਦੇਸ਼ ਦੀ ਪਾਰਲੀਮੈਂਟ 'ਚ ਪੇਸ਼ ਕੀਤਾ ਗਿਆ ਹੈ। "ਦੇਸ਼ ਦੀਆਂ ਨਾਰੀਆਂ ਨੂੰ ਹੁਣ ਪਹਿਲਾਂ ਨਾਲੋਂ ਵੱਧ ਮਾਣ-ਤਾਣ ਮਿਲੇਗਾ। "ਆਯੁਸ਼ਮਾਨ ਭਾਰਤ ਬੀਮਾ ਕਾਰਡ" ਦੀ ਸੁਵਿਧਾ ਤਹਿਤ ਮੁਫ਼ਤ ਇਲਾਜ ਦੇਸ਼ ਦੀਆਂ ਆਸ਼ਾ ਅਤੇ ਆਂਗਨਵਾੜੀ ਵਰਕਰਾਂ (ਜਿਹਨਾ ਨੂੰ ਕੁਝ ਸੈਂਕੜੇ ਮਾਸਿਕ ਤਨਖ਼ਾਹ ਹੀ ਮਿਲਦੀ ਹੈ) ਤੱਕ ਵਧਾ ਦਿੱਤਾ ਗਿਆ ਹੈ। ਰੇਲਵੇ 'ਚ ਸਹੂਲਤਾਂ, ਸਿਹਤ 'ਚ ਸਹੂਲਤਾਂ, ਸਿੱਖਿਆ ਬਜ਼ਟ 'ਚ ਕੁਝ ਵਾਧਾ, ਪਰ ਖੇਤੀਬਾੜੀ ਖੇਤਰ ਦਾ ਬਜ਼ਟ ਘਟਾ ਦਿੱਤਾ ਗਿਆ ਹੈ।

ਦੇਸ਼ ਦੇ ਚੋਣ ਕਮਿਸ਼ਨ 'ਚ ਮੈਂਬਰਾਂ ਦੀਆਂ ਨਿਯੁਕਤੀਆਂ ਦੀ ਪ੍ਰਕਿਰਿਆ ਬਦਲ ਦਿੱਤੀ ਗਈ ਹੈ, ਸਰਕਾਰ ਕੋਲ ਹੁਣ ਇਹਨਾ ਮੈਂਬਰਾਂ ਦੀ ਨਿਯੁਕਤੀ ਦੇ ਵੱਧ ਅਧਿਕਾਰ ਹੋਣਗੇ। ਸਰਕਾਰ ਮੈਂਬਰਾਂ ਦੀ ਨਿਯੁਕਤੀ ਸਮੇਂ ਮਨਮਰਜ਼ੀ ਕਰ ਸਕੇਗੀ। ਦੇਸ਼ ਦੀ ਈ.ਡੀ. ਅਤੇ ਸੀਬੀਆਈ ਹੋਰ ਤੇਜ ਹੋ ਗਈਆਂ ਹਨ। ਦੇਸ਼ ਦੇ ਵਿਰੋਧੀ ਦਲ ਦੇ ਨੇਤਾਵਾਂ ਨੂੰ ਸ਼ਿਕੰਜੇ 'ਚ ਲਿਆ ਜਾ ਰਿਹਾ ਹੈ। ਝਾਰਖੰਡ ਦੇ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਨੂੰ ਲਗਾਤਾਰ ਸੰਮਨ ਮਿਲ ਰਹੇ ਹਨ। ਝਾਰਖੰਡ ਦੇ ਮੁੱਖ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੁਣ ਨਿਸ਼ਾਨੇ 'ਤੇ ਹਨ। ਹਰ ਕਿਸਮ ਦੇ ਦਾਅ ਪੇਚ ਦੇਸ਼ 'ਚ ਰਾਜ ਸ਼ਕਤੀ ਹਥਿਆਉਣ ਲਈ ਭਾਜਪਾ ਹਕੂਮਤ ਵਰਤ ਰਹੀ ਹੈ। ਚੰਡੀਗੜ੍ਹ ਦੀ ਮੇਅਰ ਚੋਣ ਸਮੇਂ ਕਾਂਗਰਸ, ਆਮ ਆਦਮੀ ਪਾਰਟੀ ਦੇ ਸਾਂਝੇ ਬਹੁਮਤ ਹੋਣ ਦੇ ਬਾਵਜੂਦ, ਭਾਜਪਾ ਦਾ ਮੇਅਰ, ਦੋ ਡਿਪਟੀ ਮੇਅਰ ਚੁਣ ਲਏ ਗਏ ਹਨ।

ਪੂਰੇ ਦੇਸ਼ 'ਚ ਗੋਦੀ ਮੀਡੀਆ ਅਤੇ ਸਰਕਾਰੀ ਮੀਡੀਆ ਹਾਕਮਾਂ ਦੀਆਂ ਦਸ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਣ ਲਈ ਪੱਬਾਂ ਭਾਰ ਹੈ। ਨਿਸ਼ਾਨਾ ਬੱਸ ਇਕੋ ਹੈ, ਦੇਸ਼ ਵਿੱਚ ਸਿਰਫ਼ ਇੱਕ ਪਾਰਟੀ ਰਾਜ ਦੀ ਸਥਾਪਨਾ ਹੋਵੇ। ਵਿਰੋਧੀਆਂ ਦਾ ਖੁਰਾ ਖੋਜ ਮਿਟਾਉਣ ਲਈ ਭਰਪੂਰ ਯਤਨ ਹੋ ਰਹੇ ਹਨ। ਇੱਕ ਰਾਸ਼ਟਰ ,ਇੱਕ ਬੋਲੀ, ਇੱਕ ਚੋਣ! ਬੱਸ ਸਭ ਕੁਝ ਇੱਕੋ ਇੱਕ!

ਚੁੱਪ ਦੇਸ਼ ਦੀ ਵਿਰੋਧੀ ਧਿਰ ਵੀ ਨਹੀਂ ਹੈ। ਗੱਠਜੋੜ ਦੀ ਨੀਤੀ ਅਪਨਾ ਕੇ "ਇੰਡੀਆ" ਸਿਰਜੀ ਗਈ ਹੈ। ਭਾਵੇਂ ਆਪਸੀ ਤਾਲਮੇਲ ਤੇ ਸਹਿਯੋਗ ਦੀ ਘਾਟ ਹੈ। ਫਿਰ ਵੀ ਜਿਥੇ ਜਿਥੇ ਵੀ ਇੰਡੀਆ ਗੱਠਜੋੜ 'ਚ ਸ਼ਾਮਲ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਹਨ, ਉਹਨਾ ਵਲੋਂ ਵੀ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ ਜਾ ਰਹੀਆਂ ਹਨ ਜਾਂ ਆਪਣੀਆਂ ਸਰਕਾਰਾਂ "ਕੇਂਦਰੀ ਹਾਕਮਾਂ" ਤੋਂ ਤੋੜੇ ਜਾਣ ਤੋਂ ਬਚਾਈਆਂ ਜਾ ਰਹੀਆਂ ਹਨ। ਕਾਂਗਰਸ ਦੇ ਰਾਹੁਲ ਗਾਂਧੀ ਭਾਰਤ ਯਾਤਰਾ 'ਤੇ ਨਿਕਲੇ ਹੋਏ ਹਨ।

ਦੱਖਣੀ ਸੂਬਿਆਂ 'ਚ ਚੋਣਾਂ ਲਈ ਮਾਹੌਲ ਉੱਤਰੀ ਭਾਰਤ ਨਾਲੋਂ ਵੱਖਰਾ ਹੈ, ਇਥੇ ਧਰਮ ਪੱਖੀ ਸਿਆਸਤ ਦਾ ਬੋਲ ਬਾਲਾ ਨਹੀਂ ਹੈ। ਵਿਰੋਧੀ ਧਿਰ ਧਰਮ ਨਿਰਪੱਖਤਾ ਅਤੇ ਸੰਵਿਧਾਨਕ ਸੰਕਲਪ ਨੂੰ ਦਰਪੇਸ਼ ਵੰਗਾਰਾਂ ਨੂੰ ਲੋਕਾਂ ਸਾਹਵੇਂ ਪੇਸ਼ ਕਰਨ ਦੇ ਰਉਂ ਵਿੱਚ ਹੈ।

ਚੋਣਾਂ ਦੇ ਇਸ ਮੌਸਮ ਵਿੱਚ ਮੁੱਦਿਆਂ ਦੀ ਸਿਆਸਤ ਵਿੱਖਰੀ ਹੋਈ ਦਿਸਦੀ ਹੈ। ਆਪਣਿਆਂ ਨੂੰ ਰੇੜੀਆਂ ਵੰਡਣ ਅਤੇ ਲੋਕਾਂ ਨੂੰ ਧਰਮ ਦੇ ਨਾਂਅ ਉਤੇ ਵੰਡਣ ਲਈ ਹਾਕਮ, ਨੇਤਾ, ਤਿੱਖੀਆਂ ਸੁਰਾਂ 'ਚ ਬੋਲ ਅਲਾਪ ਰਹੇ ਹਨ।

ਵੇਖੋ ਕਿਵੇਂ ਪ੍ਰਚਾਰਿਆ ਜਾ ਰਿਹਾ ਹੈ ਕਿ ਦੇਸ਼ ਦੇ 80 ਕਰੋੜ ਲੋਕਾਂ ਨੂੰ ਸਰਕਾਰ ਅਨਾਜ਼ ਮੁਫ਼ਤ ਦੇ ਰਹੀ ਹੈ (ਜਿਵੇਂ ਕੋਈ ਅਹਿਸਾਨ ਕੀਤਾ ਜਾ ਰਿਹਾ ਹੋਵੇ)। ਮੁਫ਼ਤ ਗੈਸ ਕੁਨੈਕਸ਼ਨ ਵੰਡੇ ਜਾ ਰਹੇ ਹਨ। ਆਯੁਸ਼ਮਾਨ ਭਾਰਤ ਕਾਰਡ ਰਾਹੀਂ ਮੁਫ਼ਤ ਸਿਹਤ ਸਹੂਲਤਾਂ ਹਨ। ਇਹ ਬਿਲਕੁਲ ਵੀ ਭੁਲਿਆ ਜਾ ਰਿਹਾ ਹੈ ਕਿ ਦੇਸ਼ ਦੀ 60 ਫੀਸਦੀ ਆਬਾਦੀ ਜੇਕਰ ਮੁਫ਼ਤ ਸਰਕਾਰੀ ਭੋਜਨ ਲੈਣ ਲਈ ਮਜ਼ਬੂਰ ਹੈ ਤਾਂ ਉਸਦੀ ਆਰਥਿਕ ਹਾਲਾਤ ਕਿਹੋ ਜਿਹੀ ਹੈ? ਆਜ਼ਾਦੀ ਦੇ 75 ਸਾਲ ਬੀਤਣ ਬਾਅਦ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਭਾਰਤ ਦੇ ਵਸਨੀਕਾਂ ਤੋਂ ਜੇਕਰ ਮੁਫ਼ਤ ਦਿੱਤੀਆਂ ਰਿਆਇਤਾਂ ਦੇ ਨਾਅ ਉਤੇ ਹੀ ਵੋਟ ਵਟੋਰਨੀ ਹੈ ਤਾਂ ਇਸ ਤੋਂ ਹੋਰ ਵੱਡਾ, ਲੋਕਤੰਤਰ ਦਾ ਕਿਹੜਾ ਜ਼ਨਾਜਾ ਨਿਕਲ ਸਕਦਾ ਹੈ?

ਚੋਣਾਂ ਦੇ ਇਸ ਮੌਸਮ 'ਚ ਦਰਸਾਉਣ ਦਾ ਇਹ ਵੱਡਾ ਯਤਨ ਹੋ ਰਿਹਾ ਹੈ ਕਿ ਦੇਸ਼ ਦੇ 20 ਤੋਂ 25 ਕਰੋੜ ਭਾਰਤੀ ਪਿਛਲੇ ਪੰਜ ਸਾਲਾਂ 'ਚ ਗਰੀਬੀ ਰੇਖਾ ਤੋਂ ਉਪਰ ਉੱਠ ਗਏ ਹਨ। ਪਰ ਭੁੱਖਮਰੀ 'ਚ ਉਹ ਗੁਆਂਢੀ ਮੁਲਕਾਂ ਇਥੋਂ ਤੱਕ ਕਿ ਬੰਗਲਾ ਦੇਸ਼, ਸ੍ਰੀ ਲੰਕਾ ਤੋਂ ਉਪਰਲਾ ਸਥਾਨ ਕਿਵੇਂ ਰੱਖਦੇ ਹਨ?

ਇੱਕ ਸੁਪਨਮਈ ਦ੍ਰਿਸ਼ ਦੇਸ਼ 'ਚ ਸਿਰਜਿਆ ਜਾ ਰਿਹਾ ਹੈ। ਦੇਸ਼ ਨੂੰ ਦੁਨੀਆ ਦੀ ਆਉਣ ਵਾਲੇ ਸਮੇਂ 'ਚ ਵੱਡੀ ਆਰਥਿਕਤਾ ਦਰਸਾਉਣ ਲਈ ਸਰਕਾਰ ਸਮੇਤ, ਗੋਦੀ ਮੀਡੀਆ ਪੱਬਾਂ ਭਾਰ ਹੈ। ਦੇਸ਼ ਦੇ ਧੰਨ-ਕੁਬੇਰ ਅਡਾਨੀ-ਅੰਬਾਨੀ, ਵੱਡੇ-ਵੱਡੇ ਅਮੀਰ ਐਕਟਰ ਜਿਵੇਂ ਆਯੁਧਿਆ ਸਮਾਗਮ 'ਚ ਸਰਕਾਰ ਦੀ ਪਿੱਠ ਉਤੇ ਵੇਖੇ ਗਏ, ਉਹ "ਨਿੱਜੀਕਰਨ", ਨੂੰ ਪ੍ਰਨਾਏ ਭਾਰਤੀ ਹਾਕਮਾਂ ਨੂੰ ਉਤਸ਼ਾਹਤ ਕਰ ਗਏ। ਇਹ ਸਭ ਕੁਝ ਦਾ ਵਿਸ਼ਾਲ ਚੋਣਾਂ ਦੇ ਸਮਿਆਂ 'ਚ ਦਿਖਾਵਾ, ਕੋਈ ਅਲੋਕਾਰਾ ਵਰਤਾਰਾ ਨਹੀਂ ਹੈ।

ਸਰਕਾਰਾਂ, ਜਦੋਂ ਚਾਹੁੰਦੀਆਂ ਹਨ, ਉਦੋਂ ਉਹ ਮਾਫੀਏ, ਭੂ-ਮਾਫੀਏ, ਕਬਜ਼ਾਧਾਰੀਆਂ, ਗੁੰਡਿਆਂ ਨੂੰ ਸਰਗਰਮ ਕਰ ਲੈਂਦੀਆਂ ਹਨ। ਅਤੇ ਚੋਣਾਂ ਵਾਲਾ ਸਮਾਂ ਇਹਨਾ ਲੋਕਾਂ ਲਈ ਅਤਿ ਉੱਤਮ ਗਿਣਿਆ ਜਾਂਦਾ ਹੈ। ਚੋਣਾਂ 'ਚ ਇਹ ਨੇਤਾਵਾਂ ਦੇ ਹਥਿਆਰ ਗਿਣੇ ਜਾਂਦੇ ਹਨ। ਹਾਕਮ ਧਿਰ ਅਤੇ ਵਿਰੋਧੀ ਧਿਰ ਦਾ ਇਹ ਗਿਹਣਾ ਹਨ, ਜੋ ਕਦੇ ਵੀ ਇਹਨਾ ਤੋਂ ਨਹੀਂ ਨਿਖੜਦਾ।

ਇੱਕ ਰਿਪੋਰਟ ਭਾਰਤ 'ਚ ਨਜਾਇਜ਼ ਕਬਜ਼ਿਆਂ ਬਾਰੇ ਛਪੀ ਹੈ। ਇਹ ਕਿਸੇ ਬਾਹਰੀ ਏਜੰਸੀ ਵਲੋਂ ਨਹੀਂ ਸਗੋਂ ਕੇਂਦਰ ਸਰਕਾਰ ਵਲੋਂ ਜਾਰੀ ਕੀਤੀ ਗਈ ਹੈ। ਇਸ ਅਨੁਸਾਰ ਦੇਸ਼ ਦੇ ਜੰਗਲ ਵਿਭਾਗ ਦੀ 32 ਲੱਖ 77 ਹਜ਼ਾਰ 591 ਏਕੜ ਜ਼ਮੀਨ ਕਬਜ਼ਾਧਾਰੀਆਂ ਨੇ ਹਥਿਆਈ ਹੋਈ ਹੈ। ਭਾਰਤੀ ਸੈਨਾ ਦੀ 9375 ਏਕੜ ਅਤੇ ਰੇਲਵੇ ਦੀ 2012 ਏਕੜ ਜ਼ਮੀਨ ਉਤੇ ਵੀ ਭੂ-ਮਾਫੀਏ, ਕਬਜ਼ਾਧਾਰੀਆਂ ਨੇ ਕਬਜ਼ਾ ਕੀਤਾ ਹੋਇਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ 964 ਸਰਕਾਰੀ ਪਾਰਕਾਂ ਦੀ ਲਗਭਗ 70 ਏਕੜ ਜ਼ਮੀਨ ਵੀ ਇਹਨਾ ਲੋਕਾਂ ਦੇ ਕਬਜ਼ੇ ਹੇਠ ਹੈ।

ਇਹ ਜਾਣਦਿਆਂ ਹੋਇਆ ਵੀ ਕਿ ਨਜਾਇਜ਼ ਕਬਜਿਆਂ ਦੀ ਸਮੱਸਿਆ ਬਹੁਤ ਗੰਭੀਰ ਹੈ। ਹਰ ਦਿਨ ਸਰਕਾਰੀ ਜ਼ਮੀਨ ਉਤੇ ਭੂ-ਮਾਫੀਆ ਦਬੰਗ ਲੋਕ, ਘੁਸਪੈਠੀਏ ਕਬਜ਼ਾ ਕਰ ਰਹੇ ਹਨ, ਇਹ ਕਬਜ਼ੇ ਕਰਾਉਣ ਪਿੱਛੇ ਵੱਡੇ ਸਿਆਸਤਦਾਨਾਂ, ਸਿਆਸਤਦਾਨਾਂ ਦੇ ਪਿੱਛਲੱਗਾਂ , ਇਥੇ ਤੱਕ ਕਿ ਸਰਕਾਰੀ ਅਫ਼ਸਰਾਂ ਦਾ ਵੀ ਹੱਥ ਹੋਣਾ ਪਾਇਆ ਜਾਂਦਾ ਹੈ। ਇਹਨਾਂ ਵਿਰੁੱਧ ਸਰਕਾਰਾਂ ਕੁਝ ਨਹੀਂ ਕਰਦੀਆਂ, ਕਿਉਂਕਿ ਉਹ ਜਾਣਦੀਆਂ ਹਨ ਕਿ ਇਹ ਚੋਣਾਂ ਦੇ ਸਮਿਆਂ 'ਚ ਉਸਦੀ ਪੱਕੀ ਵੋਟ ਬੈਂਕ ਹੈ।

ਚੋਣਾਂ ਦੇ ਸਮਿਆਂ 'ਚ ਨੇਤਾਵਾਂ ਦੀ ਦਲਬਦਲੀ ਜਾਇਜ਼ ਗਿਣੀ ਜਾਂਦੀ ਹੈ। ਵਿਧਾਇਕਾਂ ਦੀ ਖਰੀਦੋ-ਫ਼ਰੋਖਤ ਉਤੇ ਵੀ ਕੋਈ ਪ੍ਰਸ਼ਨ ਚਿੰਨ ਨਹੀਂ ਉੱਠਦਾ। ਮੌਜੂਦਾ ਉਦਾਹਰਨ ਬਿਹਾਰ ਦੀ ਹੈ। ਨੌਵੀਂ ਵੇਰ ਮੁੱਖ ਮੰਤਰੀ ਬਣਿਆ ਬਿਹਾਰੀ ਨੇਤਾ ਨਤੀਸ਼ ਕੁਮਾਰ, ਅਨੈਤਿਕਤਾ ਦੀਆਂ ਹੱਦਾਂ ਪਾਰ ਕਰਦਾ, ਕਦੇ ਭਾਜਪਾ ਅਤੇ ਕਦੇ ਵਿਰੋਧੀ ਧਿਰ ਨਾਲ ਖੜਕੇ ਮੁੱਖ ਮੰਤਰੀ ਦੀ ਕੁਰਸੀ ਚੜ੍ਹਦਾ ਵੇਖਿਆ ਜਾਂਦਾ ਹੈ। ਆਇਆ ਰਾਮ, ਗਿਆ ਰਾਮ ਦੀ ਇਸਤੋਂ ਵੱਡੀ ਹੋਰ ਜਿਹੜੀ ਤਸਵੀਰ ਹੋ ਸਕਦੀ ਹੈ ਉਸ ਤੋਂ ਬਿਨ੍ਹਾਂ?

ਉਂਜ ਕੇਂਦਰ 'ਚ ਰਾਜ ਕਰਦੇ ਹਾਕਮਾਂ ਜਦੋਂ ਦਾਅ ਲਗਦਾ ਹੈ, ਵਿਰੋਧੀਆਂ ਨੂੰ ਮਾਤ ਪਾਉਣ ਲਈ ਇਹ ਖੇਡ ਖੇਡਦੇ ਹਨ, ਜਿਹੜਾ "ਦਲ ਬਦਲੀ ਕਾਨੂੰਨ" ਨੂੰ ਵੀ ਛਿੱਕੇ ਟੰਗ ਦਿੰਦਾ ਹੈ। ਉਂਜ ਸਮਝਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਗਿਰਗਟ ਵਾਂਗਰ ਰੰਗ ਬਦਲਣ ਵਾਲੇ ਨੇਤਾ ਜਦੋਂ ਲੋਕ ਕਚਿਹਰੀ 'ਚ ਜਾਂਦੇ ਹਨ ਤਾਂ ਫਿਰ ਵੀ ਉਹ ਮੁੜ "ਸਾਮ, ਦਾਮ, ਦੰਡ" ਦੀ ਸਿਆਸਤ ਕਰਦਿਆਂ ਮੁੜ ਚੋਣਾਂ ਜਿੱਤ ਜਾਂਦੇ ਹਨ।

ਚੋਣਾਂ ਦੇ ਸਮਿਆਂ 'ਚ ਕਰੋੜ ਪਤੀਆਂ, ਬਹੁ ਬਲੀਆਂ, ਦੀ ਤਾਂ ਜਿਵੇਂ ਚਾਂਦੀ ਹੋ ਜਾਂਦੀ ਹੈ, ਉਹ ਆਪਣੀ ਤਾਕਤ ਦੀ ਵਰਤੋਂ ਕਰਦਿਆਂ ਦੇਸ਼ ਦੇ ਪਵਿੱਤਰ ਸਦਨ "ਲੋਕ ਸਭਾ" ਦੀ ਦਹਿਲੀਜ਼ ਟੱਪਦੇ ਹਨ, ਸਤਿਕਾਰਯੋਗ ਬਣਦੇ ਹਨ, ਤੇ ਦੇਸ਼ ਦੇ ਲੋਕਾਂ ਉਤੇ ਉਸੇ ਬਹੁ-ਬਲ ਨਾਲ ਰਾਜ ਕਰਦੇ ਹਨ।

ਇਸ ਸਮੇਂ ਦੇਸ਼ ਦੀ ਲੋਕ ਸਭਾ ਅਤੇ ਰਾਜ ਸਭਾ 'ਚ ਬੈਠੇ ਸਤਿਕਾਰਯੋਗ ਮੈਂਬਰਾਨ ਜਾਣੀ ਮੈਂਬਰ ਪਾਰਲੀਮੈਂਟ ਦੀ ਪੜਚੋਲ ਕਰਨੀ ਤਾਂ ਬਣਦੀ ਹੀ ਹੈ। ਏ ਡੀ ਆਰ ਦੀ ਰਿਪੋਰਟ ਕਹਿੰਦੀ ਹੈ ਕਿ ਦੇਸ਼ ਦੀ ਪਾਰਲੀਮੈਂਟ ਦੇ ਕੁਲ 763 ਮੈਂਬਰਾਂ ਵਿਚੋਂ 306 ਉਤੇ ਅਪਰਾਧਿਕ ਕੇਸ ਹਨ, ਜਿਹਨਾ ਵਿਚੋਂ 25 ਫੀਸਦੀ ਉਤੇ ਗੰਭੀਰ ਕੇਸ ਹਨ, ਜਿਹਨਾ 'ਚ ਕਤਲ, ਔਰਤਾਂ ਨਾਲ ਬਲਾਤਕਾਰ ਦੇ ਕੇਸ ਹਨ। ਇਹਨਾ ਵਿੱਚ 139 ਭਾਜਪਾ ਦੇ ਅਤੇ 49 ਕਾਂਗਰਸ ਦੇ ਐਮ.ਪੀ. ਹਨ। ਹੈਰਾਨੀ ਤਾਂ ਹੋਣੀ ਹੀ ਨਹੀਂ ਚਾਹੀਦੀ ਕਿ ਇਹਨਾ ਵਿੱਚੋਂ 7 ਫ਼ੀਸਦੀ ਅਰਬਪਤੀ ਹਨ। ਇਸਤੋਂ ਵੀ ਅਗਲੀ ਗੱਲ ਇਹ ਕਿ 17ਵੀਂ ਲੋਕ ਸਭਾ ਦੇ ਜੋ 539 ਮੈਂਬਰ ਚੁਣੇ ਗਏ ਸਨ। ਉਹਨਾ ਵਿਚੋਂ ਇਸ ਰਿਪੋਰਟ ਅਨੁਸਾਰ 475 ਕਰੋੜਪਤੀ ਹਨ, ਜਿਹਨਾ ਵਿੱਚ ਭਾਜਪਾ ਦੇ 303 ਅਤੇ ਕਾਂਗਰਸ ਦੇ 52 ਕਰੋੜਪਤੀ ਮੈਂਬਰ ਹਨ।

ਦੇਸ਼ ਇਸ ਵੇਲੇ ਬੇਰੁਜ਼ਗਾਰੀ ਝੱਲ ਰਿਹਾ ਹੈ ।ਦੇਸ਼ 'ਚ ਬੇਰੁਜ਼ਗਾਰੀ ਦਰ 7.95 ਹੈ। ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ। ਕੁਲ 125 ਦੇਸ਼ਾਂ ਵਿੱਚ ਭੁੱਖਮਰੀ 'ਚ ਭਾਰਤ ਦਾ ਸਥਾਨ 111ਵਾਂ ਹੈ। ਦੇਸ਼ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਇਸਦਾ ਸਥਾਨ 85ਵਾਂ ਹੈ। ਦੇਸ਼ ਮਨੁੱਖੀ ਅਧਿਕਾਰਾਂ ਦੇ ਮਾਮਲੇ 'ਚ ਅੰਤਰਰਾਸ਼ਟਰੀ ਦ੍ਰਿਸ਼ 'ਚ ਬਦਨਾਮੀ ਖੱਟ ਚੁੱਕਾ ਹੈ। ਦੇਸ਼ ਬੁਰੀ ਤਰ੍ਹਾਂ ਕਰਜ਼ਾਈ ਹੈ। ਇਸ ਸਿਰ 205 ਲੱਖ ਕਰੋੜ ਕਰਜ਼ਾ ਹੈ।

ਚੋਣ ਵੇਲਿਆਂ 'ਚ ਬੇਰੁਜ਼ਗਾਰੀ, ਭੁੱਖਮਰੀ, ਮਹਿੰਗਾਈ, ਭ੍ਰਿਸ਼ਟਾਚਾਰ, ਸਿਹਤ, ਸਿੱਖਿਆ, ਵਾਤਾਵਰਨ, ਮੁੱਖ ਮੁੱਦੇ ਹੋਣੇ ਚਾਹੀਦੇ ਹਨ। ਲੋਕਾਂ ਕੋਲ ਰੋਟੀ, ਕੱਪੜਾ, ਮਕਾਨ ਹੈ ਜਾਂ ਨਹੀਂ, ਇਹ ਮੁੱਦਾ ਗੰਭੀਰ ਹੈ।

ਮੁੱਦੇ ਤਾਂ ਇਹ ਵੀ ਚੁਕਣੇ ਬਣਦੇ ਹਨ ਕਿ ਕੀ ਧਰਮ ਦੇ ਨਾਂਅ ਉਤੇ ਸਿਆਸਤ ਜਾਇਜ਼ ਹੈ? ਕੀ ਦੇਸ਼ ਵਿੱਚ ਸੰਘੀ ਢਾਂਚੇ ਦੀ ਸੰਘੀ ਘੁੱਟਕੇ ਲੋਕਤੰਤਰ ਦਾ ਘਾਣ ਨਹੀਂ ਕੀਤਾ ਜਾ ਰਿਹਾ? ਕੀ ਵਿਰੋਧੀ ਧਿਰ ਦੀਆਂ ਸਰਕਾਰਾਂ ਤੋੜਨ ਲਈ ਦਲ ਬਦਲੀ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ? ਕੀ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਬੇਖੌਫ ਹੋ ਕੇ ਜੀਊਣ ਦਾ ਹੱਕ ਖੋਹਿਆ ਜਾਣਾ ਠੀਕ ਹੈ? ਕੀ ਦੇਸ਼ 'ਚ ਇੱਕ ਦੇਸ਼, ਇੱਕ ਕੌਮ, ਇੱਕ ਬੋਲੀ, ਇੱਕ ਚੋਣ ਦੀ ਰਾਜਨੀਤੀ ਨੂੰ ਲਾਗੂ ਕਰਨਾ ਡਿਕਟੇਟਰਾਨਾ ਸੋਚ ਵੱਲ ਦੇਸ਼ ਨੂੰ ਵਧਾਉਣਾ ਨਹੀਂ? ਜੋ ਸਾਡੇ ਅਨੁਸਾਰ ਨਹੀਂ ਸੋਚਦਾ, ਜੋ ਸਾਡੇ ਅਨੁਸਾਰ ਨਹੀਂ ਬੋਲਦਾ, ਉਸ ਉਤੇ ਦੇਸ਼ ਧ੍ਰੋਹੀ ਦਾ ਫੱਟਾ ਲਾਉਣਾ ਕੀ ਦੇਸ਼ ਦਾ ਜਮਹੂਰੀ ਖਾਸਾ ਬਦਲਣਾ ਨਹੀਂ?

ਬਿਨ੍ਹਾਂ ਸ਼ੱਕ ਦੇਸ਼ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਇਹਨਾ ਮੁੱਦਿਆਂ ਸਬੰਧੀ ਚੋਣ ਮੈਨੀਫੈਸਟੋ ਜਾਰੀ ਕਰਨਗੀਆਂ। ਸਰਕਾਰ ਆਪਣੀਆਂ ਪ੍ਰਾਪਤੀਆਂ ਨੂੰ ਗਿਣਾਏਗੀ। ਆਪਣੇ ਵਿਰੋਧੀ ਭ੍ਰਿਸ਼ਟ ਨੇਤਾਵਾਂ, ਪਰਿਵਾਰਵਾਦ ਦੇ ਚਿੱਠੇ ਫਰੋਲੇਗੀ। ਪਰ ਉਹ ਆਪਣੇ ਭ੍ਰਿਸ਼ਟ ਨੇਤਾਵਾਂ ਜਾਂ ਆਪਣੀ ਪਾਰਟੀ 'ਚ ਚੋਣਾਂ ਵੇਲੇ ਸ਼ਾਮਲ ਲੋਕਾਂ ਦਾ ਨੰਗ ਢੱਕ ਲਵੇਗੀ। ਵਿਰੋਧੀ ਧਿਰਾਂ ਵੀ ਸਰਕਾਰ ਦੇ ਪਾਜ ਖੋਹਲਣ ਲਈ ਯਤਨਸ਼ੀਲ ਹੋਣਗੀਆਂ। ਪਰ ਕੀ ਉਹ ਆਮ ਲੋਕਾਂ ਦੀਆਂ ਮੁੱਖ ਲੋੜਾਂ ਅਤੇ ਲੋਕਾਂ ਦੀ ਅਸਲ ਸਥਿਤੀ, ਆਪਣੇ ਲੋਕਾਂ ਦੀ ਕਚਿਹਰੀ 'ਚ ਪੇਸ਼ ਕਰਨ ਲਈ ਕਾਮਯਾਬ ਹੋ ਸਕਣਗੀਆਂ?

ਆਉਣ ਵਾਲੀ ਤਿਮਾਹੀ ਦੇਸ਼ ਲਈ ਅਹਿਮ ਹੈ। ਆਮ ਲੋਕਾਂ ਨੂੰ ਉਹਨਾ "ਪ੍ਰਮੁੱਖ ਲੋਕਾਂ" ਦੇ ਧੱਕੇ ਧੌਂਸ, ਰੌਲੇ, ਰੱਪੇ ਨੂੰ ਸੁਣਨਾ ਪਵੇਗਾ, ਜਿਹਨਾ ਨੂੰ ਉਹ ਕਈ ਹਾਲਤਾਂ 'ਚ ਮਨੋਂ ਪਸੰਦ ਨਹੀਂ ਕਰਦੇ। ਅਸਲ 'ਚ ਲੋਕਾਂ ਲਈ, ਇਹ ਨੇਤਾ ਉਹਨਾ ਦੀ ਮਜ਼ਬੂਰੀ ਬਣ ਚੁੱਕੇ ਹਨ, ਕਿਉਂਕਿ ਇਹਨਾ ਨੇਤਾਵਾਂ ਨੇ ਲੋਕਾਂ ਨੂੰ ਕੁਝ ਹੱਦ ਤੱਕ ਇੰਨਾ ਬੇਵੱਸ ਕਰ ਦਿੱਤਾ ਹੋਇਆ ਹੈ ਕਿ ਉਹ ਬੋਲਦੇ ਹੀ ਨਹੀਂ ਹਨ, ਧੱਕਾ ਸਹੀ ਜਾਂਦੇ ਹਨ ਅਤੇ ਸਿਰਫ ਉਹਨਾ ਦੀ ਵੋਟ ਬੈਂਕ ਬਣਕੇ ਰਹਿ ਗਏ ਹਨ ਜਾਂ ਉਹਨਾ ਵਲੋਂ ਮਧੁਰ ਧਰਮੀ ਬਾਣੀ 'ਚ ਕੀਲੇ ਕਿਸੇ ਸਾਰਥਕ ਸੋਚ ਤੋਂ ਸੱਖਣੇ, ਰੋਟੀ, ਪਾਣੀ ਦਾ ਆਹਾਰ ਕਰਨ ਤੱਕ ਸੀਮਤ ਕਰ ਦਿੱਤੇ ਗਏ ਹਨ।

ਲੋਕਾਂ ਦੀ ਸਾਣ 'ਤੇ ਲੱਗੀ ਸੋਚ, ਇਸ ਸੋਚ ਨੂੰ ਕਦੇ ਖ਼ਤਮ ਕਰਨ ਦੇ ਸਮਰੱਥ ਹੋਏਗੀ ਕਿ ਚੋਣ ਦੇ ਸਮਿਆਂ 'ਚ ਸੱਭੋ ਕੁਝ ਜਾਇਜ਼ ਹੈ ਜਾਂ ਨਹੀਂ। ਇਹ ਤਾਂ ਆਉਣ ਵਾਲੀਆਂ ਚੋਣਾਂ ਦੱਸਣਗੀਆਂ ਜਾਂ ਫਿਰ ਭਵਿੱਖ!

# ਪੰਜਾਬੀ ਗੈਂਗਸਟਰਾਂ ਨੇ ਕੈਨੇਡਾ ਵਿੱਚ ਵੀ ਕਰ ਦਿੱਤੀ ਫਿਰੌਤੀਆਂ ਦੀ ਉਗਰਾਹੀ ਸ਼ੁਰੂ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਪਿਛਲੇ ਕਈ ਦਹਾਕਿਆਂ ਤੋਂ ਪੰਜਾਬੀ ਗੈਂਗ ਨਸ਼ਿਆਂ ਦੀ ਤਸਕਰੀ ਅਤੇ ਆਪਸੀ ਕਤਲੋਗਾਰਤ ਕਾਰਨ ਸਾਰੇ ਕੈਨੇਡਾ ਵਿੱਚ ਬਦਨਾਮ ਹਨ। ਇਨ੍ਹਾਂ ਦੀਆਂ ਕਰਤੂਤਾਂ ਕਾਰਨ ਸਾਰੇ ਭਾਈਚਾਰੇ ਨੂੰ ਨਮੋਸ਼ੀ ਝੱਲਣੀ ਪੈਂਦੀ ਹੈ। ਇੰਗਲਿਸ਼ ਮੀਡੀਆ ਇੰਡੋ ਕੈਨੇਡੀਅਨ ਗੈਂਗ ਦੱਸ ਕੇ ਪ੍ਰਮੁੱਖਤਾ ਨਾਲ ਇਨ੍ਹਾਂ ਬਾਰੇ ਨੈਗੇਟਿਵ ਖਬਰਾਂ ਲਗਾਉਂਦਾ ਹੈ। ਇਨ੍ਹਾਂ ਦੇ ਕਾਲੇ ਕਾਰਨਾਮਿਆਂ ਦਾ ਖਮਿਆਜ਼ਾ ਅਮਰੀਕਾ ਕੈਨੇਡਾ ਬਾਰਡਰ 'ਤੇ ਸ਼ਰੀਫ ਪੰਜਾਬੀ ਟਰੱਕ ਡਰਾਈਵਰਾਂ ਨੂੰ ਭੁਗਤਣਾ ਪੈ ਰਿਹਾ ਹੈ। ਬਾਰਡਰ ਪੁਲਿਸ ਵੱਲੋਂ ਖੋਜੀ ਕੁੱਤਿਆਂ ਅਤੇ ਸਪੈਸ਼ਲ ਸਕੈਨਰਾਂ ਦੁਆਰਾ ਚੈੱਕਿੰਗ ਕਰ ਕੇ ਕਈ ਕਈ ਘੰਟੇ ਖੱਜਲ ਖੁਆਰ ਕੀਤਾ ਜਾਂਦਾ ਹੈ। ਨਸ਼ਿਆਂ ਦੇ ਵਪਾਰ ਤੋਂ ਇਲਾਵਾ ਹੁਣ ਤਿੰਨ ਚਾਰ ਮਹੀਨਿਆਂ ਤੋਂ ਗੈਂਗਸਟਰਾਂ ਨੇ ਫਿਰੌਤੀਆਂ ਮੰਗਣ ਦਾ ਨਵਾਂ ਤੇ ਸੌਖਾ ਧੰਦਾ ਸ਼ੁਰੂ ਕਰ ਲਿਆ ਹੈ। ਫਿਰੌਤੀ ਨਾ ਮਿਲਣ 'ਤੇ ਸ਼ਿਕਾਰ ਦੇ ਘਰ 'ਤੇ ਫਾਇਰਿੰਗ ਕੀਤੀ ਜਾਂਦੀ ਹੈ ਅਤੇ ਕਾਰੋਬਾਰੀ ਥਾਵਾਂ ਨੂੰ ਅੱਗ ਲਗਾ ਦਿੱਤੀ ਜਾਂਦੀ ਹੈ। ਪ੍ਰਵਾਸੀ ਪੰਜਾਬੀ ਜਿਹੜੇ ਕੈਨੇਡਾ ਦੇ ਅਮਨ ਕਾਨੂੰਨ ਦੇ ਹਾਲਾਤ ਦੀਆਂ ਤਾਰੀਫਾਂ ਕਰਦੇ ਨਹੀਂ ਸੀ ਥੱਕਦੇ, ਹੁਣ ਇਸ ਤਰਾਂ ਮਹਿਸੂਸ ਕਰ ਰਹੇ ਹਨ ਜਿਵੇਂ ਲਾਰੈਂਸ ਬਿਸ਼ਨੋਈ ਭੱਜ ਕੇ ਕੈਨੇਡਾ ਆ ਗਿਆ ਹੋਵੇ। ਫਿਰੌਤੀਆਂ ਮੰਗਣ ਦੀ ਬੁਰਾਈ ਵੈਨਕੂਵਰ ਸਰੀ ਖੇਤਰ ਤੋਂ ਸ਼ੁਰੂ ਹੋਈ ਸੀ ਤੇ ਹੁਣ ਐਬਸਫੋਰਡ, ਕੈਲਗਰੀ, ਐਡਮਿੰਟਨ, ਟਰਾਂਟੋ ਅਤੇ ਬਰੈਂਪਟਨ ਆਦਿ ਤੋਂ ਹੁੰਦੀ ਹੋਈ ਛੋਟੇ ਸ਼ਹਿਰਾਂ ਤੱਕ ਵੀ ਪਹੁੰਚ ਗਈ ਹੈ।

31 ਦਸੰਬਰ ਤੱਕ ਪੁਲਿਸ ਕੋਲ 28 ਤੋਂ ਵੱਧ ਸ਼ਿਕਾਇਤਾਂ ਪਹੁੰਚ ਚੁੱਕੀਆਂ ਹਨ ਜਿਨ੍ਹਾਂ ਦੀ ਤਫਤੀਸ਼ ਚੱਲ ਰਹੀ ਹੈ। ਜਿਨ੍ਹਾਂ ਵਿਚਾਰਿਆਂ ਨੇ ਡਰਦੇ ਮਾਰੇ ਚੁੱਪ ਚੁਪੀਤੇ ਫਿਰੌਤੀਆਂ ਭਰ ਦਿੱਤੀਆਂ ਹਨ, ਉਨ੍ਹਾਂ ਦੀ ਗਿਣਤੀ ਫਿਲਹਾਲ ਪਤਾ ਨਹੀਂ ਚੱਲ ਸਕੀ। 27 ਦਸੰਬਰ ਨੂੰ ਪ੍ਰਸਿੱਧ ਲਕਸ਼ਮੀ ਨਰਾਇਣ ਮੰਦਰ ਦੇ ਪ੍ਰਧਾਨ ਸਤੀਸ਼ ਕੁਮਾਰ ਦੇ ਬੇਟੇ ਦੇ ਘਰ 'ਤੇ ਸਰੀ ਵਿਖੇ ਹੋਈ ਫਾਇਰਿੰਗ ਨੇ ਤਾਂ ਸਾਰੇ ਇੰਡੋ ਕੈਨੇਡੀਅਨ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕੁਝ ਦਿਨ ਪਹਿਲਾਂ ਐਡਮਿੰਟਨ ਪੁਲਿਸ ਨੇ ਫਿਰੌਤੀ ਦੇ ਮਾਮਲਿਆਂ ਕਾਰਨ ਲਗਾਈਆਂ ਗਈਆਂ ਦਰਜ਼ਨ ਦੇ ਕਰੀਬ ਅੱਗਾਂ ਦੀਆਂ ਵਾਰਦਾਤਾਂ ਬਾਰੇ ਪ੍ਰੈੱਸ ਰਿਲੀਜ਼ ਜਾਰੀ ਕੀਤੀ ਹੈ। ਇਸ ਵਿੱਚ ਦੱਸਿਆ ਗਿਆ ਕਿ ਜਿਆਦਾਤਰ ਧਮਕੀਆਂ ਭਾਰਤੀ ਤੇ ਖਾਸ ਤੌਰ 'ਤੇ ਪੰਜਾਬੀ ਬਿਲਡਰਾਂ ਨੂੰ ਆ ਰਹੀਆਂ ਹਨ। ਹੁਣ ਤੱਕ ਅਨੇਕਾਂ ਉਸਾਰੀ ਅਧੀਨ ਘਰ, ਸ਼ੋਅ ਰੂਮ ਅਤੇ ਸ਼ੋਅ ਹਾਊਸ ਅੱਗ ਲਗਾ ਕੇ ਸਾੜ ਦਿੱਤੇ ਗਏ ਹਨ। ਅੱਗ ਲਗਾਉਣ ਤੋਂ ਬਾਅਦ ਫਿਰੌਤੀ ਦੀ ਮੰਗ ਦੋਗੁਣੀ ਹੋ ਜਾਂਦੀ ਹੈ ਤੇ ਪੂਰੀ ਨਾ ਹੋਣ 'ਤੇ ਸ਼ਿਕਾਰ ਦੇ ਰਿਹਾਇਸ਼ੀ ਘਰ ਉੱਪਰ ਗੋਲੀਬਾਰੀ ਕੀਤੀ ਜਾਂਦੀ ਹੈ। ਸ਼ੁਕਰ ਹੈ ਕਿ ਅਜੇ ਤੱਕ ਕੋਈ ਜ਼ਖਮੀ ਜਾਂ ਹਲਾਕ ਨਹੀਂ ਹੋਇਆ।

ਇਨ੍ਹਾਂ ਵਾਰਦਾਤਾਂ ਵਿੱਚ ਛੋਟੀ ਉਮਰ ਦੇ ਤੇ ਜਲਦੀ ਅਮੀਰ ਹੋਣ ਦੀ ਚਾਹ ਰੱਖਣ ਵਾਲੇ ਨੌਜਵਾਨ ਸ਼ਾਮਲ ਹਨ। ਪੁਲਿਸ ਖਾਸ ਤੌਰ 'ਤੇ ਅਜਿਹੇ ਨੌਜਵਾਨਾਂ 'ਤੇ ਨਿਗ੍ਹਾ ਰੱਖ ਰਹੀ ਹੈ ਜਿਨ੍ਹਾਂ ਦੀਆਂ ਗੱਡੀਆਂ ਵਿੱਚ ਪੈਟਰੋਲ ਨਾਲ ਭਰੇ ਹੋਏ ਜੈਰੀਕੈਨ ਹੋਣ। ਪੁਲਿਸ ਨੇ ਫਿਰੌਤੀਆਂ ਮੰਗਣ, ਅੱਗਾਂ ਲਗਾਉਣ ਤੇ ਫਾਇਰਿੰਗ ਕਰਨ ਦੇ ਮਾਮਲਿਆਂ ਵਿੱਚ ਹੁਣ ਤੱਕ 5 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਦੀ ਉਮਰ ਬਾਰੇ ਜਾਣ ਕੇ ਹੈਰਾਨੀ ਹੁੰਦੀ ਹੈ। ਪਰਮਿੰਦਰ ਸਿੰਘ ਉਮਰ 20 ਸਾਲ, ਹਸਨ ਡੈਂਬਲੀ ਉਮਰ 18 ਸਾਲ, ਮਾਨਵ ਹੀਰ ਉਮਰ 18 ਸਾਲ, ਰਵਿੰਦਰ ਸੰਧੂ 19 ਸਾਲ ਅਤੇ ਅਰਜੁਨ ਸਾਹਨਨ 19 ਸਾਲ। ਇਨ੍ਹਾਂ ਵਿੱਚੋਂ ਪਰਮਿੰਦਰ ਸਿੰਘ 'ਤੇ ਧਮਕੀਆਂ, ਅੱਗਜ਼ਨੀ ਅਤੇ ਗੋਲੀਬਾਰੀ ਦੇ 12 ਕੇਸ ਦਰਜ਼ ਹਨ। ਕੈਨੇਡਾ ਦੇ ਨਰਮ ਕਾਨੂੰਨਾਂ ਕਾਰਨ ਉਸ ਨੂੰ ਛੱਡ ਕੇ ਬਾਕੀ ਚਾਰ ਮੁਜ਼ਰਿਮਾਂ ਦੀ ਕੁਝ ਦਿਨਾਂ ਬਾਅਦ ਹੀ ਜ਼ਮਾਨਤ ਹੋ ਗਈ ਹੈ। ਇਸ ਕਾਰਨ ਹੋਰ ਕਈ ਗੈਂਗਸਟਰਾਂ ਨੂੰ ਉਤਸ਼ਾਹ ਮਿਲਿਆ ਹੈ ਤੇ ਫਿਰੌਤੀ ਲਈ ਧਮਕੀਆਂ ਵਿੱਚ ਵਾਧਾ ਹੋਇਆ ਹੈ।

9 ਦਸੰਬਰ ਨੂੰ ਉਂਟਾਰੀਉ ਪੁਲਿਸ ਨੇ ਐਬਸਫੋਰਡ ਦੇ 23 ਸਾਲਾ ਤਨਮਨਜੋਤ ਗਿੱਲ ਨਾਮਕ ਇੱਕ ਗੈਂਗਸਟਰ ਨੂੰ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਬਰੈਂਪਟਨ ਵਿਖੇ ਇੱਕ ਵਪਾਰਿਕ ਅਦਾਰੇ 'ਤੇ ਗੋਲੀਆਂ ਚਲਾਉਣ ਦੇ ਕੇਸ ਵਿੱਚ ਗ੍ਰਿਫਤਾਰ ਕੀਤਾ ਸੀ। ਉਸ ਦੀ ਪੁੱਛ ਗਿੱਛ ਤੋਂ ਫਿਰੌਤੀਆਂ ਵਸੂਲਣ ਵਾਲੇ ਸੰਗਠਿਤ ਗਰੋਹਾਂ ਬਾਰੇ ਅਜਿਹੇ ਹੈਰਾਨੀਜਨਕ ਇੰਕਸ਼ਾਫ ਹੋਏ ਹਨ ਕਿ ਉਂਟਾਰੀਉ ਪੁਲਿਸ ਨੂੰ ਇੱਕ ਟਾਸਕ ਫੋਰਸ ਦਾ ਗਠਨ ਕਰਨਾ ਪਿਆ ਹੈ ਜੋ ਸਿਰਫ ਫਿਰੌਤੀਆਂ ਦੇ ਕੇਸਾਂ ਨੂੰ ਨਜਿੱਠੇਗੀ। ਕੈਨੇਡਾ ਵਿੱਚ ਜਿੱਥੇ ਇੱਕ ਪਾਸੇ ਮਹਿੰਗਾਈ ਅਤੇ ਆਰਥਿਕ ਮੰਦੀ ਕਾਰਨ ਲੋਕਾਂ ਦਾ ਜਿਊਣਾ ਮੁਹਾਲ ਹੋਇਆ ਪਿਆ ਹੈ, ਉਥੇ ਦੂਸਰੇ ਪਾਸੇ ਕਾਰੋਬਾਰੀ ਲੋਕਾਂ ਨੂੰ ਜਬਰੀ ਵਸੂਲੀ, ਧਮਕੀਆਂ, ਗੋਲੀਬਾਰੀ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਨੇ ਦਹਿਲਾ ਦਿੱਤਾ ਹੈ। ਕੈਨੇਡਾ ਪੁਲਿਸ ਹੁਣ ਤੱਕ ਪੰਜਾਬੀ ਗੈਂਗਸਟਰਾਂ ਵੱਲੋਂ ਕੀਤੇ ਜਾ ਰਹੇ ਨਸ਼ਿਆਂ ਦੇ ਕਾਰੋਬਾਰ ਅਤੇ ਆਪਸੀ ਕਤਲੇਆਮ ਦੇ ਕੇਸਾਂ ਨੂੰ ਹੱਲ ਕਰਨ ਵਿੱਚ ਅਸਫਲ ਰਹੀ ਹੈ, ਲੱਗਦਾ ਹੈ ਕਿ ਇਸ ਮਾਮਲੇ ਵਿੱਚ ਉਸ ਨੂੰ ਜਿਆਦਾ ਸਫਲਤਾ ਹਾਸਲ ਨਹੀਂ ਹੋਵੇਗੀ।

ਵੈਸੇ ਵੀ ਕੈਨੇਡਾ ਪੁਲਿਸ ਪੰਜਾਬੀਆਂ ਦੇ ਕਤਲਾਂ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈਂਦੀ। ਜਦੋਂ ਕੋਈ ਗੈਂਗਸਟਰ ਜਿਆਦਾ ਅੱਤ ਚੁੱਕ ਲੈਂਦਾ ਹੈ ਤਾਂ ਪੁਲਿਸ ਵੱਧ ਤੋਂ ਵੱਧ ਇੱਕ ਘੋਸ਼ਣਾ ਜਾਰੀ ਕਰ ਦਿੰਦੀ ਹੈ ਕਿ ਇਸ 'ਤੇ ਖੂਨੀ ਹਮਲਾ ਹੋਣ ਦੀ ਉਮੀਦ ਹੈ। ਜਿਹੜਾ ਵੀ ਵਿਅਕਤੀ ਇਸ ਨਾਲ ਸਬੰਧ ਰੱਖੇਗਾ, ਉਸ ਦਾ ਵੀ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ। ਇਸੇ ਕਾਰਨ ਨਿਰਦੋਸ਼ ਪੰਜਾਬੀਆਂ ਅਤੇ ਗੈਂਗਸਟਰਾਂ ਦੀਆਂ ਹੱਤਿਆਵਾਂ ਦੇ 85% ਤੋਂ ਵੱਧ ਕੇਸ ਅੱਜ ਤੱਕ ਅਣਸੁਲਝੇ ਪਏ ਹਨ। ਗੈਂਗ ਹਿੰਸਾ ਕਾਰਨ ਕੈਨੇਡਾ ਵਿੱਚ ਹੁਣ ਤੱਕ 400 ਤੋਂ ਵੱਧ ਪੰਜਾਬੀ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ ਤੇ ਇਹ ਮੌਤਾਂ ਕੈਨੇਡਾ ਵਿੱਚ ਗੈਂਗ ਹਿੰਸਾ ਕਾਰਨ ਹੋਣ ਵਾਲੀਆਂ ਕੁੱਲ ਮੌਤਾਂ ਦਾ 27% ਬਣਦੀਆਂ ਹਨ।

ਜਾਂਚ ਏਜੰਸੀਆਂ ਦਾ ਦਾਅਵਾ ਹੈ ਕਿ ਉਹ ਇਨ੍ਹਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈ ਰਹੀਆਂ ਹਨ। ਪਰ ਕੈਨੇਡਾ ਦੇ ਨਰਮ ਕਾਨੂੰਨਾਂ ਵਿੱਚ ਬੱਝੇ ਹੋਣ ਕਾਰਨ ਤਫਤੀਸ਼ ਜੂੰਅ ਦੀ ਤੋਰ ਚੱਲ ਰਹੀ ਹੈ। ਤਨਮਨਜੋਤ ਗਿੱਲ ਦੀ ਪੁੱਛ ਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਉਸ ਦੇ ਗੈਂਗ ਕੋਲ ਸ਼ਿਕਾਰ ਬਣਾਏ ਜਾਣ ਵਾਲੇ ਕਾਰੋਬਾਰੀਆਂ ਦੀ ਪੂਰੀ ਜਨਮ ਪੱਤਰੀ ਸੀ। ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਦੇ ਨਾਮ, ਬੱਚਿਆਂ ਦੇ ਸਕੂਲ, ਕਾਰਾਂ ਦੇ ਨੰਬਰ, ਪਸੰਦੀਦਾ ਰੈਸਟੋਰੈਂਟ ਅਤੇ ਇਥੋਂ ਤੱਕ ਕਿ ਉਨ੍ਹਾਂ ਦੇ ਪੰਜਾਬ ਵਿਚਲੇ ਐਡਰੈੱਸ ਤੱਕ ਦੀ ਜਾਣਕਾਰੀ ਉਨ੍ਹਾਂ ਕੋਲ ਸੀ। ਇਨ੍ਹਾਂ ਗੈਂਗਾਂ ਦੀ ਕਾਰਜਸ਼ੈਲੀ ਤੋਂ ਇਸ ਤਰਾਂ ਲੱਗਦਾ ਹੈ ਕਿ ਇਨ੍ਹਾਂ ਦੀ ਅਗਵਾਈ ਤੇ ਮਾਰਗ ਦਰਸ਼ਨ ਕੈਨੇਡਾ ਵਿੱਚ ਸ਼ਰਨ ਲਈ ਬੈਠੇ ਗੋਲਡੀ ਬਰਾੜ, ਲਖਬੀਰ ਸਿੰਘ ਲੰਡਾ, ਅਰਸ਼ ਡਾਲਾ, ਰਮਨ ਜੱਜ ਅਤੇ ਰਿੰਕੂ ਬੀਹਲਾ ਆਦਿ ਵਰਗੇ ਪੰਜਾਬ ਵਿੱਚ ਫਿਰੌਤੀਆਂ ਉਗਰਾਹੁਣ ਦੇ ਮਾਹਰ ਉਸਤਾਦ ਕਰ ਰਹੇ ਹਨ। ਪੁਲਿਸ ਤਫਤੀਸ਼ ਦੌਰਾਨ ਇੱਕ ਗੈਂਗ ਮੈਂਬਰ ਨੇ ਮੰਨਿਆਂ ਹੈ ਕਿ ਉਹ ਫਿਰੌਤੀਆਂ ਉਗਰਾਹੁਣ ਦੇ ਧੰਦੇ ਵਿੱਚ ਇਸ ਕਾਰਨ ਪਏ ਹਨ ਕਿਉਂਕਿ ਪਕੜੇ ਜਾਣ 'ਤੇ ਨਸ਼ਿਆਂ ਦੇ ਕੇਸਾਂ ਨਾਲੋਂ ਬਹੁਤ ਘੱਟ ਸਜ਼ਾ ਮਿਲਦੀ ਹੈ, ਜ਼ਮਾਨਤ ਜਲਦੀ ਹੋ ਜਾਂਦੀ ਹੈ ਤੇ ਪੈਸਾ ਜਿਆਦਾ ਬਣਦਾ ਹੈ।

ਵੈਨਕੂਵਰ ਸਰੀ ਇਲਾਕੇ ਵਿੱਚ ਤਾਂ ਇਸ ਮੁਸੀਬਤ ਨੇ ਕਾਰੋਬਾਰੀਆਂ ਦੀ ਨੀਂਦ ਹਰਾਮ ਕਰ ਦਿੱਤੀ ਹੈ। ਹਾਲਾਤ ਐਨੇ ਵਿਗੜ ਗਏ ਹਨ ਕਿ 6 ਜਨਵਰੀ ਨੂੰ ਬ੍ਰਿਟਿਸ਼ ਕੋਲੰਬੀਆ ਸੂਬੇ (ਬੀ.ਸੀ.) ਦੀ ਅਟਾਰਨੀ ਜਨਰਲ ਨਿੱਕੀ ਸ਼ਰਮਾ ਨੂੰ ਭਾਰਤੀਆਂ ਦੇ ਇੱਕ ਵੱਡੇ ਇਕੱਠ ਵਿੱਚ ਆ ਕੇ ਇਹ ਭਰੋਸਾ ਦੇਣਾ ਪਿਆ ਕਿ ਸਰਕਾਰ ਇਸ ਨਵੀਂ ਮੁਸੀਬਤ ਪ੍ਰਤੀ ਬੇਹੱਦ ਗੰਭੀਰ ਹੈ। ਇਸ ਇਕੱਠ ਵਿੱਚ ਸਥਾਨਕ ਐਮ.ਪੀ. ਅਤੇ ਐਮ.ਐਲ.ਏ. ਵੀ ਹਾਜ਼ਰ ਹੋਏ। ਉਸ ਨੇ ਅਪੀਲ ਕੀਤੀ ਕਿ ਕਾਰੋਬਾਰੀਆਂ ਨੂੰ ਫਿਰੌਤੀਆਂ ਦੇਣ ਦੀ ਬਜਾਏ ਪੁਲਿਸ ਦੀ ਮਦਦ ਲੈਣੀ ਚਾਹੀਦੀ ਹੈ। ਭਾਰਤੀ ਕੈਨੇਡੀਅਨ ਭਾਈਚਾਰੇ ਨੇ ਅਟਾਰਨੀ ਜਨਰਲ ਨੂੰ ਬੀ.ਸੀ. ਦੇ ਮੁੱਖ ਮੰਤਰੀ ਡੇਵਿਡ ਐਬੀ, ਸਰੀ ਦੀ ਮੇਅਰ ਬਰੈਂਡਾ ਲਾਕ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਵਾਸਤੇ ਮੈਮੋਰੈਂਡਮ ਦਿੱਤੇ ਤੇ ਮੰਗ ਕੀਤੀ ਕਿ ਹੋਰ ਕਾਨੂੰਨੀ ਕਾਰਵਾਈਆਂ ਦੇ ਨਾਲ ਜਿਆਦਾ ਪ੍ਰਭਾਵਿਤ ਇਲਾਕਿਆਂ ਵਿੱਚ ਪੁਲਿਸ ਗਸ਼ਤ ਅਤੇ ਚੈਕਿੰਗ ਵਧਾਈ ਜਾਵੇ ਤਾਂ ਜੋ ਬਦਮਾਸ਼ਾਂ ਦੇ ਦਿਲਾਂ ਵਿੱਚ ਕਾਨੂੰਨ ਪ੍ਰਤੀ ਡਰ ਪੈਦਾ ਹੋਵੇ। ਇਸ ਤੋਂ ਇਲਾਵਾ ਪਹਿਲਾਂ ਹੋਈਆਂ ਵਾਰਦਾਤਾਂ ਨੂੰ ਵੀ ਹੱਲ ਕੀਤਾ ਜਾਵੇ।

ਲਾਰੈਂਸ ਬਿਸ਼ਨੋਈ ਵਰਗਿਆਂ ਤੋਂ ਪ੍ਰਭਾਵਿਤ ਹੋ ਕੇ ਫਿਰੌਤੀਆਂ ਉਗਰਾਹੁਣ ਵਾਲੇ ਇਨ੍ਹਾਂ ਗੈਂਗਾਂ ਨੂੰ ਸ਼ਾਇਦ ਪਤਾ ਨਹੀਂ ਕਿ ਪੰਜਾਬ ਅਤੇ ਕੈਨੇਡਾ ਦੇ ਹਾਲਾਤ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਕੈਨੇਡਾ ਵਿੱਚ ਪੁਲਿਸ ਕੋਲੋਂ ਇਨਸਾਫ ਲੈਣ ਲਈ ਕਿਸੇ ਸੱਤਾਧਾਰੀ ਲੀਡਰ ਦਾ ਫੋਨ ਕਰਵਾਉਣ ਜਾਂ ਕੋਈ ਹੋਰ ਸੱਜਾ ਖੱਬਾ ਕਰਨ ਦੀ ਜਰੂਰਤ ਨਹੀਂ ਪੈਂਦੀ। ਇੰਡੋ ਕੈਨੇਡੀਅਨ ਲੋਕ ਆਪਣੇ ਹੱਕਾਂ ਪ੍ਰਤੀ ਪੂਰੀ ਤਰਾਂ ਨਾਲ ਜਾਗਰੂਕ ਹਨ ਜਿਸ ਕਾਰਨ ਪੁਲਿਸ ਕੋਲ ਧੜਾ ਧੜ ਸ਼ਿਕਾਇਤਾਂ ਪਹੁੰਚ ਰਹੀਆਂ ਹਨ। ਇਹ ਗੈਂਗਸਟਰ ਪੰਜਾਬੀਆਂ ਦੇ ਨਾਮ 'ਤੇ ਕਾਲਾ ਧੱਬਾ ਹਨ ਤੇ ਆਪਣੇ ਭਾਈਚਾਰੇ ਦੀ ਬਦਨਾਮੀ ਤੇ ਦੁੱਖਾਂ ਦਾ ਕਾਰਨ ਬਣ ਰਹੇ ਹਨ। ਜੇ ਅੱਜ ਇਹ ਲੋਕ ਕੈਨੇਡਾ ਦੇ ਨਰਮ ਕਾਨੂੰਨਾਂ ਦਾ ਫਾਇਦਾ ਉਠਾ ਰਹੇ ਹਨ ਤਾਂ ਕਲ੍ਹ ਨੂੰ ਇਹ ਕਾਨੂੰਨ ਬਦਲ ਵੀ ਸਕਦੇ ਹਨ।


**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**




Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Edmonton
Parminder Singh Balluana
780-258-5800
780 599 2000
Email: balluana.parminder@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

ਬਰਸੀ ਤੇ ਵਿਸ਼ੇਸ਼

# ਸਮੁੰਦਰ ਦੀ ਛੱਲ ਵਰਗਾ ਸੀ 'ਦੀਦਾਰ ਸੰਧੂ'



ਬਲਵਿੰਦਰ ਸਿੰਘ ਭੁੱਲਰ
ਮੋਬਾ: 098882 75913

ਸਾਂਝੇ ਪੰਜਾਬ ਦੀ ਸ਼ਰ ਜ਼ਮੀਨ ਤੇ ਜਨਮਿਆ ਤੇ ਭਾਰਤ ਦੀ ਅਜ਼ਾਦ ਫ਼ਿਜਾ ਵਿੱਚ ਜਵਾਨ ਹੋਇਆ ਦੀਦਾਰ ਸੰਧੂ ਇੱਕ ਅਜਿਹਾ ਗੀਤਕਾਰ ਤੇ ਗਾਇਕ ਸੀ, ਜਿਸਨੇ ਦੋਹਾਂ ਹੀ ਪੱਖਾਂ ਤੇ ਅੰਬਰਾਂ ਨੂੰ ਛੋਹਿਆ ਹੈ। ਉਸਦੀ ਲੇਖਣੀ ਵਿੱਚ ਠੇਠ ਪੰਜਾਬੀ, ਨਵੀਂ ਸ਼ਬਦਾਵਲੀ, ਪੇਂਡੂ ਸੱਭਿਆਚਾਰ, ਬਾਗੀ ਸੁਰ, ਮਜਾਜ਼ੀ ਇਸ਼ਕ ਆਦਿ ਦੀ ਖ਼ੂਬਸੂਰਤੀ ਝਲਕ ਮਿਲਦੀ ਹੈ।

3 ਜੁਲਾਈ 1942 ਨੂੰ ਚੱਕ ਨੰਬਰ 133 ਜਿਲ੍ਹਾ ਸਰਗੋਧਾ ਹੁਣ ਪਾਕਿਸਤਾਨ ਵਿੱਚ ਪਿਤਾ ਸਮੁੰਦ ਸਿੰਘ ਦੇ ਘਰ ਮਾਤਾ ਦਾਨ ਕੌਰ ਦੀ ਕੁੱਖੋਂ ਜਨਮ ਲੈਣ ਵਾਲਾ ਪੰਜ ਭਰਾਵਾਂ ਦਾ ਸਭ ਤੋਂ ਛੋਟਾ ਦੀਦਾਰ ਸੰਧੂ ਬਚਪਨ ਹੀ ਹੰਢਾ ਰਿਹਾ ਸੀ, ਕਿ ਦੇਸ਼ ਵੰਡੇ ਜਾਣ ਕਾਰਨ ਉਸਨੂੰ ਆਪਣੇ ਪਰਿਵਾਰ ਸਮੇਤ ਭਾਰਤ ਆਉਣਾ ਪਿਆ। ਉਹਨਾਂ ਦਾ ਪਰਿਵਾਰ ਕੁਝ ਚਿਰ ਬੱਦੋਵਾਲ ਰਿਹਾ ਅਤੇ ਫਿਰ 1956 ਵਿੱਚ ਜਿਲ੍ਹਾ ਲੁਧਿਆਣਾ ਦੇ ਪਿੰਡ ਭਰੋਵਾਲ ਖੁਰਦ ਵਿਖੇ ਪੱਕੇ ਤੌਰ ਤੇ ਰਹਿਣ ਲੱਗ ਪਿਆ। 1966 'ਚ ਦੀਦਾਰ ਦਾ ਵਿਆਹ ਪਿੰਡ ਗਾਲਿਬ ਕਲਾਂ ਦੇ ਭਾਨ ਸਿੰਘ ਦੀ ਪੁੱਤਰੀ ਅਮਰਜੀਤ ਕੌਰ ਨਾਲ ਹੋਇਆ, ਉਹਨਾਂ ਦੇ ਘਰ ਇੱਕ ਪੁੱਤਰ ਅਤੇ ਇੱਕ ਪੁੱਤਰੀ ਨੇ ਜਨਮ ਲਿਆ।

ਦੀਦਾਰ ਪੇਂਡੂ ਖੇਤਰ ਵਿੱਚ ਵਿਚਰਿਆ, ਉਸਨੇ ਅਮੀਰਜ਼ਾਦਿਆਂ ਵੱਲੋਂ ਗਰੀਬ ਲੜਕੀਆਂ ਵੱਲ ਚਲਦੀ ਕੈਰੀ ਨਜ਼ਰ, ਲੁਕ ਛਿਪ ਕੇ ਹੁੰਦੀਆਂ ਨੌਜਵਾਨ ਮੁੰਡੇ ਕੁੜੀਆਂ ਦੇ ਪਿਆਰ ਦੀਆਂ ਅਠਖੇਲੀਆਂ, ਜਵਾਨੀ ਦੇ ਉਬਾਲ ਨਾਲ ਉੱਭਰਦੇ ਸੁਹੱਪਣ, ਜੱਟਾਂ ਦੇ ਖਾਣ ਪੀਣ ਦੇ ਸ਼ੌਂਕ ਆਦਿ ਨੂੰ ਨੇੜਿਉਂ ਤੱਕਿਆ, ਉਸਨੇ ਖ਼ੁਦ ਅਜਿਹੇ ਮਹੌਲ ਤੋਂ ਦੂਰ ਰਹਿ ਕੇ ਸੱਭਿਆਚਾਰਕ ਸਦਾਚਾਰ ਦੀ ਸੀਮਾਂ ਟੱਪਣ ਤੋਂ ਗੁਰੇਜ ਕੀਤਾ, ਪਰ ਉਸਨੇ ਇਹ ਸਭ ਕੁਝ ਅੱਖਰ ਰੂਪੀ ਮੋਤੀਆਂ 'ਚ ਪਰੋ ਕੇ ਪੰਜਾਬੀ ਸੱਭਿਆਚਾਰ ਮੂਹਰੇ ਪੇਸ਼ ਕਰਨ ਦਾ ਹੌਂਸਲਾ ਕਰ ਵਿਖਾਇਆ। ਉਸਨੇ ਗੀਤਾਂ ਰਾਹੀਂ ਖ਼ੁਸ਼ਬੋਆਂ ਵੰਡੀਆਂ, ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ, ਮਹਿਕਾਂ ਖਿਲਾਰੀਆਂ, ਸਰੋਤਿਆਂ ਦਾ ਮਨੋਰੰਜਨ ਵੀ ਕੀਤਾ ਤੇ ਉਹਨਾਂ ਦੀ ਜ਼ਮੀਰ ਨੂੰ ਵੀ ਟੁੰਬਿਆ।

ਦੀਦਾਰ ਦੇ ਵਾਕਾਂ ਦਾ ਚਿਤਰਨ ਬਹੁਤ ਖ਼ੂਬਸੂਰਤੀ ਭਰਿਆ ਹੁੰਦਾ, ਉਹ ਖ਼ੁਦ ਲਿਖਕੇ ਖ਼ੁਦ ਵੀ ਗਾਉਂਦਾ ਅਤੇ ਉਸਦੇ ਗੀਤ ਹੋਰ ਗਾਇਕ ਵੀ ਗਾਉਂਦੇ। ਉਸਦਾ ਰਚਿਆ ਪਹਿਲਾ ਗੀਤ 'ਜੱਟ ਬੜਾ ਬੇਦਰਦੀ' ਉਸ ਸਮੇਂ ਦੀ ਸਟਾਰ ਗਾਇਕਾ ਨਰਿੰਦਰ ਬੀਬਾ ਦੀ ਅਵਾਜ਼ ਵਿੱਚ ਰਿਕਾਰਡ ਹੋਇਆ। ਪ੍ਰਸਿੱਧ ਜੋੜੀ ਮੁਹੰਮਦ ਸਦੀਕ ਤੇ ਰਣਜੀਤ ਕੌਰ ਨੇ ਦੀਦਾਰ ਦੇ ਲਿਖੇ ਗੀਤ 'ਸੁਰਮਾਂ ਪੰਜ ਰੱਤੀਆਂ' 'ਕਾਗਜ ਵਰਗੀ ਭਾਬੀ' 'ਕੁੜਤੀ ਮਲਮਲ ਦੀ' 'ਲੱਡੂ ਵੰਡਦੀ ਕਚਹਿਰੀਉਂ ਆਵਾਂ' ਸਟੇਜਾਂ ਤੋਂ ਪੇਸ਼ ਕੀਤੇ ਤਾਂ ਹਰ ਬੱਚੇ ਬੁੱਢੇ ਦੀ ਜ਼ੁਬਾਨ ਤੇ ਦੀਦਾਰ ਸੰਧੂ ਦਾ ਨਾਂ ਚੜ੍ਹ ਗਿਆ। ਉਸਨੇ ਕੁਝ ਸਟੇਜਾਂ ਤੇ ਮੁਹੰਮਦ ਸਦੀਕ ਨਾਲ ਵੀ ਕੰਮ ਕੀਤਾ ਅਤੇ ਫੇਰ 1962 ਵਿੱਚ ਲੋਕ ਸੰਪਰਕ ਵਿਭਾਗ ਵਿੱਚ ਨੌਕਰੀ ਕਰ ਲਈ।

ਇਸੇ ਦੌਰਾਨ ਉਸਨੇ ਸਨੇਹ ਲਤਾ ਨਾਲ ਗਾਇਕ ਜੋੜੀ ਬਣਾ ਕੇ ਆਪਣਾ ਪਹਿਲਾ ਗੀਤ 'ਪਿੰਡ ਦਿਆਂ ਮੁੰਡਿਆਂ ਨੂੰ ਸਾਨੂੰ ਦੇਖ ਕੇ ਨੀਂਦ ਨਾ ਆਵੇ' ਸਰੋਤਿਆਂ ਦੇ ਰੂਬਰੂ ਕੀਤਾ ਤਾਂ ਜੋੜੀ ਦੀਆਂ ਹਰ ਪਾਸੇ ਧੁੰਮਾਂ ਪੈ ਗਈਆਂ। ਦੀਦਾਰ ਸਨੇਹ ਦੀ ਜੋੜੀ ਦੀ ਅਵਾਜ਼ ਦਾ ਸੁਮੇਲ ਏਨਾ ਪ੍ਰਭਾਵਸ਼ਾਲੀ ਸੀ, ਕਿ ਜਲਦੀ ਹੀ ਇਹ ਜੋੜੀ ਸਦੀਕ ਰਣਜੀਤ ਦੇ ਮੁਕਾਬਲੇ ਤੇ ਆ ਖੜੀ। ਕਰੀਬ ਸੱਤ ਸਾਲ ਇਸ ਜੋੜੀ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਉਪਰੰਤ ਸਨੇਹ ਲਤਾ ਦੇ ਵਿਆਹ ਕਾਰਨ ਜੋੜੀ ਟੁੱਟ ਗਈ ਤੇ ਦੀਦਾਰ ਦੀ ਗਾਇਕੀ ਵਿੱਚ ਇੱਕ ਵਾਰ ਖੜੋਤ ਵੀ ਆ ਗਈ। ਪਰ ਉਸਨੇ ਹੌਂਸਲਾ ਕਰਦਿਆਂ ਮੁੜ ਗਾਇਕੀ ਨੂੰ ਲੀਹ ਤੇ ਲਿਆਂਦਾ ਅਤੇ ਹੋਰ ਗਾਇਕਾਵਾਂ ਸੁਰਿੰਦਰ ਕੌਰ, ਅਮਰ ਨੂਰੀ, ਪਰਮਿੰਦਰ ਸੰਧੂ, ਕੁਲਦੀਪ ਕੌਰ, ਬਲਜੀਤ ਬੱਲੀ, ਸੁਸ਼ਮਾ, ਸੁਖਵੰਤ ਕੌਰ ਤੇ ਰਮਾ ਵਿੱਜ ਆਦਿ ਨਾਲ ਸਟੇਜਾਂ ਕੀਤੀਆਂ। ਇਸਤੋਂ ਇਲਾਵਾ ਉਸਦੇ ਲਿਖੇ ਗੀਤ ਮੁਹੰਮਦ ਸਦੀਕ ਰਣਜੀਤ ਕੌਰ, ਨਰਿੰਦਰ ਬੀਬਾ, ਬੀਰ ਚੰਦ, ਰਣਜੀਤ ਵਿਰਕ, ਪ੍ਰਮਿਲਾ ਪੰਮੀ, ਸਵਰਨ ਲਤਾ, ਸੁਦੇਸ ਕਪੂਰ, ਕਰਨੈਲ ਗਿੱਲ, ਰੇਸ਼ਮ ਰੰਗੀਲਾ, ਪ੍ਰੀਤੀ ਬਾਲਾ, ਕਰਨੈਲ ਸਿੰਘ, ਬੀਰ ਚੰਦ ਗੋਪੀ ਆਦਿ ਨੇ ਵੀ ਗਾਏ।



ਦੀਦਾਰ ਸੰਧੂ ਦੀ ਲੇਖਣੀ ਦੀ ਤੁਕ ਬੰਦੀ ਬਹੁਤ ਕਮਾਲ ਦੀ ਸੀ, ਮਿਸ਼ਾਲ ਵਜੋਂ 'ਸਾਉਣ ਮਹੀਨਾ ਪੈਣ ਛਰਾਟੇ, ਵਗ ਪਰਨਾਲੇ ਢਾਬ ਭਰੀ' 'ਜੀ ਕਰਦਾ ਏ ਝਾਂਜਰ ਪਾ ਕੇ ਉੱਡ ਜਾਂ ਕਬੂਤਰ ਬਣਕੇ' 'ਤੇਰੇ ਮਾਨ ਸਰੋਵਰ ਝੀਲ ਜਿਹੇ ਨੈਣਾਂ ਦੇ ਨਜ਼ਰੀਂ ਚੜ੍ਹ ਜਾਵਾਂ' 'ਤੇਰਾ ਆਉਣਾ ਨੀ ਸਮੁੰਦਰਾਂ ਦੀ ਛੱਲ ਵਰਗਾ' ਆਦਿ। ਜ਼ੁਲਮ ਤਸ਼ੱਦਦ ਵੀ ਉਸਦੀਆਂ ਲਿਖਤਾਂ ਵਿੱਚ ਮਿਲਦਾ ਹੈ ਜਿਵੇਂ 'ਮੇਰਾ ਉਹ ਮੁਜ਼ਾਰੇ ਵਾਲਾ ਹਾਲ ਜੀਹਤੋਂ ਮਾਲਕਾਂ ਜ਼ਮੀਨ ਖੋਹ ਲਈ' 'ਨਾ ਮਾਰ ਜਾਲਮਾਂ ਵੇ ਪੇਕੇ ਤੱਤੜੀ ਦੇ ਦੂਰ', ਇੱਥੇ ਹੀ ਬੱਸ ਨਹੀਂ ਜਦੋਂ ਪਿੰਡ ਦਾ ਜਗੀਰਦਾਰ ਗਰੀਬੀ ਹੰਢਾ ਰਹੀ ਸੋਹਣੀ ਮੁਟਿਆਰ ਤੇ ਕਟਾਸ ਕਸਦੈ ਤਾਂ ਜੰਗੀਰਦਾਰ ਦੀ ਹੈਂਕੜ ਤੇ ਇੱਜਤਦਾਰ ਮੁਟਿਆਰ ਦੇ ਹੌਂਸਲੇ ਨੂੰ ਉਹ ਇਉਂ ਬਿਆਨ ਕਰਦਾ ਹੈ 'ਮੰਨਿਆ ਗਰੀਬ ਹੁੰਦੇ ਵੱਡਿਆਂ ਦੇ ਆਸਰੇ ਤੇ, ਇਹ ਤਾਂ ਤੇਰਾ ਬਣਦਾ ਨੀ ਹੱਕ ਵੇ ਜਗੀਰਦਾਰਾ, ਇਹ ਤਾਂ ਤੇਰਾ ਬਣਦਾ ਨੀ ਹੱਕ।'

ਕਿਤੇ ਕਿਤੇ ਥੋੜੀ ਜਿਹੀ ਲੱਚਰਤਾ ਵੀ ਦਿਖਾਈ ਦਿੰਦੀ ਹੈ, ਜਿਵੇਂ 'ਗਰਮ ਲੈਚੀਆਂ ਗਰਮ ਮਸਾਲਾ ਗਰਮ ਸੁਣੀਂਦੀ ਹਲਦੀ, ਵਿਆਹ ਕਰਵਾਉਣਾ ਸੀ ਲੱਕ ਪਤਲੇ ਤੋਂ ਡਰਦੀ' 'ਆਹ ਲੋਕ ਪੁੱਛਣ ਪਏ ਮੈਨੂੰ ਇਹ ਬੀਬੀ ਕਿਵੇਂ ਟਿਕਾਈ ਐ।' ਵਿਛੋੜੇ ਦੀ ਗੱਲ ਵੀ ਕਰਦੈ 'ਗਲੀਆਂ ਦੇ ਕੱਖ ਰੋਣਗੇ' 'ਨਜਾਇਜ ਅਸਲੇ ਵਾਂਗੂ ਯਾਰ ਲਕੋਣਾ ਪੈਜੂਗਾ।' ਦੀਦਾਰ ਦੀਆਂ ਲਿਖਤਾਂ ਵਿੱਚ ਪੇਂਡੂ ਠੇਠ ਪੰਜਾਬੀ ਸਬਦਾਂ ਦਾ ਵੱਡਾ ਭੰਡਾਰ ਹੈ, ਛਰਾਟੇ, ਢਾਬ, ਮਾਨ ਸਰੋਵਰ, ਲੌਣ, ਘੱਗਰਾ, ਮੁਜ਼ਾਰਾ, ਜਗੀਰਦਾਰਾ, ਤੱਤੜੀ, ਬਟੀਲੂ, ਬੱਚੀਆਂ, ਕੌਡੀਆਂ, ਦੇਸੀ ਦਾਰੂ, ਕਾਲਜਾ, ਗੱਭਰੂ, ਤਵੀਤ, ਹਿੱਕ, ਚਰਾਗ, ਬੋਤਲ ਆਦਿ ਅਨੇਕਾਂ ਸ਼ਬਦ ਹਨ ਜੋ ਪੁਰਾਤਨ ਸੱਭਿਆਚਾਰ ਨੂੰ ਯਾਦ ਕਰਵਾਉਂਦੇ ਹਨ।

'ਖੱਟੀ ਨੀ ਬਿਨ ਬਦਨਾਮੀ ਤੋਂ ਉਹਨੇ ਵੀ ਕੁਝ ਗਵਾਇਆ ਹੋਊ, ਜਿਸਨੇ ਇਸ ਭਰੀ ਸੁਰਾਹੀ ਚੋਂ ਪਹਿਲਾ ਪੈੱਗ ਭਰਕੇ ਲਾਇਆ ਹੋਊ' ਸਟੇਜਾਂ ਤੇ ਪੇਸ਼ ਕਰ ਕਰ ਕੇ ਦੀਦਾਰ ਲੰਬਾ ਸਮਾਂ ਸ਼ਰਾਬ ਤੋਂ ਬਚਣ ਦੇ ਸੁਝਾਅ ਦਿੰਦਾ ਰਿਹਾ। ਪਰ ਇਸ ਨੂੰ ਜੀਵਨ 'ਚ ਉਖੜੇ ਪੈਰ ਹੀ ਕਿਹਾ ਜਾ ਸਕਦਾ ਹੈ ਕਿ 1988 ਵਿੱਚ ਵਿਦੇਸ਼ਾਂ ਦੇ ਦੌਰੇ ਤੇ ਗਏ ਦੀਦਾਰ ਨੇ ਇਸੇ ਪੈੱਗ ਨੂੰ ਆਪਣਾ ਸਾਥੀ ਬਣਾ ਲਿਆ, ਕਈ ਵਰ੍ਹੇ ਉਸਨੇ ਰੱਜ ਕੇ ਸੁਰਾਹੀ ਚੋਂ ਪੈੱਗ ਲਗਾਏ। ਆਖ਼ਰ ਇਸ ਚੰਦਰੀ ਸ਼ਰਾਬ ਨੇ ਗੁਰਦਿਆਂ ਤੇ ਬੁਰਾ ਪ੍ਰਭਾਵ ਪਾ ਦਿੱਤਾ ਅਤੇ ਇਸੇ ਸਦਕਾ ਇਹ ਲੋਕਾਂ ਦਾ ਮਹਾਨ ਗੀਤਕਾਰ ਤੇ ਗਾਇਕ 16 ਫਰਵਰੀ 1991 ਨੂੰ ਦਿਆਨੰਦ ਹਸਪਤਾਲ ਲੁਧਿਆਣਾ ਵਿਖੇ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

# ਬੱਚਿਆਂ ਨੂੰ ਰੱਖੋ ਘਰੇਲੂ ਝਗੜਿਆਂ ਤੋਂ ਦੂਰ



ਹਰ ਘਰ ਪਰਿਵਾਰ ਵਿੱਚ ਕਈ ਤਰ੍ਹਾਂ ਦੇ ਹਲਾਤ ਪੈਦਾ ਹੁੰਦੇ ਹਨ। ਜਿੱਥੇ ਪਰਿਵਾਰ ਇੱਕ ਦੂਸਰੇ ਦੇ ਪਿਆਰ ਸਨੇਹ ਵਿੱਚ ਭਿੱਜਾ ਮੁੱਹਬਤ ਦੀਆਂ ਬਾਤਾਂ ਪਾਉਂਦਾ ਹੈ, ਖੁਸ਼ੀਆਂ ਮਨਾਉਂਦਾ, ਆਪਣਿਆਂ ਦੇ ਹਾਸਿਆਂ ਵਿੱਚ ਹੱਸਦਾ ਉੱਥੇ ਕਈ ਵਾਰ ਨਿੱਕੀ ਮੋਟੀ ਕਿਹਾ ਸੁਣੀ ਹੋਣੀ ਵੀ ਆਮ ਗੱਲ ਹੈ। ਹਰ ਘਰ ਪਰਿਵਾਰ ਦੇ ਆਪਣੇ ਸੌ ਮਸਲੇ ਹੁੰਦੇ ਹਨ, ਜਿੰਨਾਂ ਨੂੰ ਵਿਚਾਰਦਿਆਂ ਹਰ ਮੈਂਬਰ ਆਪਣੀ ਆਪਣੀ ਰਾਇ ਦਿੰਦਾ ਹੈ। ਹਰੇਕ ਇਨਸਾਨ ਦਾ ਗੱਲ ਨੂੰ ਸਮਝਣ ਦਾ ਨਜਰੀਆ ਆਪੋ ਆਪਣਾ ਹੁੰਦਾ ਹੈ। ਜਦੋਂ ਇਹ ਇੱਕ ਦੂਸਰੇ ਨਾਲ ਮੇਲ ਨਹੀਂ ਖਾਂਦਾ ਤਾਂ ਅਕਸਰ ਪਰਿਵਾਰਾਂ ਵਿੱਚ ਝਗੜੇ ਪੈਦਾ ਹੋ ਜਾਂਦੇ ਹਨ। ਜਿਸ ਨਾਲ ਪਰਿਵਾਰਿਕ ਸਥਿਤੀਆਂ ਉਲਝ ਜਾਂਦੀਆਂ ਹਨ, ਅਤੇ ਕਈ ਵਾਰ ਰਿਸਤਿਆਂ ਵਿੱਚ ਵੀ ਫਿਕ ਪੈ ਜਾਂਦੀ ਹੈ।

ਜਿਆਦਾਤਰ ਪਰਿਵਾਰਿਕ ਝਗੜਿਆਂ ਦਾ ਮੁੱਖ ਕਾਰਣ ਪਤੀ ਪਤਨੀ, ਮਾਪਿਆਂ ਅਤੇ ਬੱਚਿਆਂ ਦੀ ਆਪਸੀ ਅਸਹਿਮਤੀ ਹੁੰਦੀ ਹੈ। ਨਿੱਕੀਆਂ ਨਿੱਕੀਆਂ ਗੱਲਾਂ ਤੇ ਪਰਿਵਾਰਿਕ ਮੈਂਬਰਾਂ ਦੀ ਅਸਹਿਮਤੀ, ਅਸਹਿਣਸ਼ੀਲਤਾ ਅਤੇ ਹਾਜਰ ਜਵਾਬੀ ਵੱਡੇ ਝਗੜਿਆਂ ਦਾ ਰੂਪ ਧਾਰਨ ਕਰਦੀ ਹੈ। ਜਿਸਦਾ ਬੁਰਾ ਅਸਰ ਪਰਿਵਾਰ ਦੇ ਹਰੇਕ ਮੈਂਬਰ ਦੀ ਸਰੀਰਕ ਅਤੇ ਮਾਨਸਿਕ ਸਿਹਤ ਉੱਪਰ ਹੁੰਦਾ ਹੈ। ਇਸ ਸਥਿਤੀ ਦਾ ਸਭ ਤੋਂ ਭਿਆਨਕ ਅਸਰ ਬੱਚਿਆਂ ਉੱਪਰ ਹੁੰਦਾ ਹੈ। ਬੱਚਿਆਂ ਦਾ ਪਹਿਲਾ ਸਕੂਲ ਉਹਨਾਂ ਦਾ ਘਰ ਹੁੰਦਾ ਹੈ, ਪਹਿਲੇ ਗੁਰੂ ਮਾਪੇ ਹੁੰਦੇ ਹਨ। ਬੱਚਿਆਂ ਦੇ ਸ਼ਖਸੀਅਤ ਦੇ ਨਿਰਮਾਣ ਵਿੱਚ ਮਾਪਿਆਂ ਅਤੇ ਹੋਰ ਪਰਿਵਾਰਿਕ ਮੈਂਬਰਾਂ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਜਿਸ ਤਰ੍ਹਾਂ ਦੇ ਮਾਹੌਲ ਵਿੱਚ ਬੱਚਾ ਵੱਡਾ ਹੋਵੇਗਾ ਉਸੇ ਤਰ੍ਹਾਂ ਦੀ ਬੱਚੇ ਦੀ ਸ਼ਖਸੀਅਤ ਉੱਭਰ ਕੇ ਬਾਹਰ ਆਉਂਦੀ ਹੈ।

ਇੱਕ ਸਰਵੇਖਣ ਅਨੁਸਾਰ ਜਿੰਨਾਂ ਬੱਚਿਆਂ ਦੇ ਪਰਿਵਾਰ ਵਿੱਚ ਉਹਨਾਂ ਦੀ ਅੱਖਾਂ ਸਾਹਮਣੇ ਹਰ ਵੇਲੇ ਕਲੇਸ ਰਹਿੰਦਾ ਹੈ, ਉਹ ਦੂਸਰੇ ਬੱਚਿਆਂ ਦੇ ਮੁਕਾਬਲੇ ਜਾਂ ਤਾਂ ਵੱਧ ਗੁਸੈਲੇ ਅਤੇ ਆਪੇ ਤੋਂ ਬਾਹਰ ਹੋ ਜਾਣ ਵਾਲੇ ਹੁੰਦੇ ਹਨ ਜਾਂ ਦਿਲ ਦੇ ਬਹੁਤ ਕਮਜੋਰ, ਸਹਿਮੇ, ਘੱਟ ਆਤਮ ਵਿਸਵਾਸ ਵਾਲੇ ਅਤੇ ਹਮੇਸਾ ਨਿਰਾਸ ਰਹਿਣ ਵਾਲੇ ਬਣ ਜਾਂਦੇ ਹਨ।

ਪਹਿਲੀ ਗੱਲ ਕਿ ਪਰਿਵਾਰਕ ਝਗੜੇ ਹੋਣੇ ਹੀ ਨਹੀਂ ਚਾਹੀਦੇ, ਮਾਪਿਆਂ ਨੂੰ ਏਨੇ ਸੂਝਵਾਨ ਹੋਣਾ ਚਾਹੀਦਾ ਹੈ ਕਿ ਉਹ ਹਰ ਗੱਲ ਦਾ ਹੱਲ ਸ਼ਾਂਤੀ ਨਾਲ ਬੈਠ ਕੇ ਇੱਕ ਦੂਸਰੇ ਨਾਲ ਵਿਚਾਰ ਕਰਕੇ ਕੱਢਣ ਦੇ ਯੋਗ ਹੋਣ। ਜੇਕਰ ਅਜਿਹੀ ਸੁਚੱਜੀ ਸੋਚ ਦੇ ਮਾਲਿਕ ਨਹੀਂ ਹਨ, ਤਾਂ ਘੱਟੋ ਘੱਟ ਇਹ ਯਤਨ ਜਰੂਰ ਕਰਨ ਕਿ ਆਪਣੇ ਬੱਚਿਆਂ ਦੇ ਸਾਹਮਣੇ ਕਿਸੇ ਵੀ ਤਰ੍ਹਾਂ ਦਾ ਝਗੜਾ, ਬਹਿਸ ਨਾ ਕੀਤੀ ਜਾਵੇ। ਇਹਨਾਂ ਝਗੜਿਆਂ ਦਾ ਬੱਚੇ ਦੀ ਮਾਨਸਿਕਤਾ ਉੱਪਰ ਬਹੁਤ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਪਰਿਵਾਰਿਕ ਝਗੜਿਆਂ ਦਾ ਇੱਕ ਸਭ ਤੋਂ ਬੁਰਾ ਪ੍ਰਭਾਵ ਇਹ ਹੈ ਕਿ ਬੱਚੇ ਚਨੌਤੀਆਂ ਭਰਭੂਰ ਸਥਿਤੀਆਂ ਨੂੰ ਸਮਝਣ ਅਤੇ ਨਜਿੱਠਣ ਪ੍ਰਤੀ ਇੱਕ ਵੱਖਰਾ ਭਰਮ ਪਾਲ ਲੈਂਦੇ ਹਨ। ਉਹਨਾਂ ਨੂੰ ਇਹ ਲੱਗਣ ਲੱਗਦਾ ਹੈ ਕਿਸੇ ਵੀ ਅਣਸੁਖਾਵੀਂ ਸਥਿਤੀ ਉੱਪਰ ਕਾਬੂ ਕਰਨ ਦਾ ਤਰੀਕਾ ਕੇਵਲ ਝਗੜਾ ਜਾਂ ਬਹਿਸ ਕਰਨਾ ਹੈ। ਇਹ ਪ੍ਰਭਾਵ ਬੱਚਿਆਂ ਦੀ ਚੰਗੀ ਸ਼ਖਸੀਅਤ ਨਿਰਮਾਣ ਵਿੱਚ ਸਭ ਤੋਂ ਵੱਡਾ ਰੋੜਾ ਬਣ ਜਾਂਦਾ ਹੈ।

ਮਾਪਿਆਂ ਨੂੰ ਚਾਹੀਦਾ ਹੈ ਕਿ ਹਰੇਕ ਮਸਲੇ ਨੂੰ ਬੜੇ ਹੀ ਸੰਜੀਦਾ ਢੰਗ ਨਾਲ ਹੱਲ ਕੀਤਾ ਜਾਵੇ। ਬਹਿਸ ਕਰਨ ਜਾਂ ਕਰੋਧਿਤ ਹੋਣ ਦੀ ਬਜਾਇ ਇੱਕ ਦੂਸਰੇ ਸਾਹਮਣੇ ਆਪਣੇ ਪੱਖ ਰੱਖੇ ਜਾਣ, ਇੱਕ ਦੂਸਰੇ ਦੇ ਵਿਚਾਰਾਂ ਨੂੰ ਸਮਝਣ ਦਾ ਯਤਨ ਕੀਤਾ ਜਾਵੇ ਅਤੇ ਇੱਕ ਦੂਸਰੇ ਦੀ ਸਹਿਮਤੀ ਨਾਲ ਮਸਲੇ ਨੂੰ ਸੁਲਝਾਇਆ ਜਾਵੇ। ਅਜਿਹਾ ਕਰਨ ਨਾਲ ਇੱਕ ਤਾਂ ਪਰਿਵਾਰਿਕ ਮਾਹੌਲ ਖਰਾਬ ਨਹੀਂ ਹੋਵੇਗਾ, ਦੂਸਰਾ ਬੱਚਿਆਂ ਉੱਪਰ ਕਿਸੇ ਤਰ੍ਹਾਂ ਦਾ ਬੁਰਾ ਪ੍ਰਭਾਵ ਨਹੀਂ ਪਵੇਗਾ ਅਤੇ ਤੀਸਰਾ ਬੱਚੇ ਆਪਣੇ ਮਾਤਾ ਪਿਤਾ ਦੀ ਸੰਜੀਦਗੀ, ਸਮਝਦਾਰੀ ਨੂੰ ਸਮਝਦੇ ਹੋਏ ਉਹਨਾਂ ਦਾ ਹੋਰ ਸਤਿਕਾਰ ਕਰਨਗੇ।

ਇਸ ਲਈ ਜੇਕਰ ਤੁਸੀਂ ਵੀ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਆਗਿਆਕਾਰੀ, ਅਨੁਸ਼ਾਸਨ ਪਸੰਦ, ਸਮਝਦਾਰ ਹੋਣ ਤਾਂ ਉਹਨਾਂ ਨੂੰ ਪਰਿਵਾਰਿਕ ਝਗੜਿਆਂ ਤੋਂ ਹਮੇਸਾ ਦੂਰ ਰੱਖੋ। ਅਜਿਹਾ ਕਰਨ ਨਾਲ ਤੁਹਾਡੇ ਬੱਚਿਆਂ ਦੀ ਇੱਕ ਚੰਗੀ ਸ਼ਖਸੀਅਤ ਦਾ ਵਿਕਾਸ ਹੋਵੇਗਾ, ਪਰਿਵਾਰਿਕ ਮੈਂਬਰਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਤੰਦਰੁਸਤ ਰਹੇਗੀ ਅਤੇ ਤੁਸੀਂ ਸਾਰੇ ਇੱਕ ਖ਼ੁਸ਼ਹਾਲ ਜੀਵਨ ਜੀਅ ਸਕਦੇ ਹੋ।

ਹਰਕੀਰਤ ਕੌਰ

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

ਇੰਮੀਗ੍ਰੇਸਨ ਦੀਆਂ ਸਾਰੀਆਂ ਲੋੜਾਂ ਇੱਕ ਹੀ ਫੋਨ ਕਾਲ ਨਾਲ ਪੂਰੀਆਂ ਕਰੋ
R2 IMMIGRATION
• Study Visa • Start-up Visa
• Visitor Visa • Citizenship Application
• LMIA, PNP • PR Card Renewal
• Express Entry
R2 Immigration Services Inc.
Rahul Sharma 403-439-0007
RCIC
info@r2immi.ca 403-434-5555
4310 104 Ave NE #3266 Unit 2 Calgary AB T3J 1W5

Punjab
MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Punjab Land Documents Writer (Regd.)
ਐਨ.ਆਰ.ਆਈ. ਵੀਰ ਅਤੇ ਭੈਣਾਂ ਲਈ ਖਾਸ ਸੂਚਨਾ
ਇੰਡੀਆ ਦੀਆਂ ਜ਼ਮੀਨਾਂ Properties ਅਤੇ ਸਾਰੇ ਡਾਕੂਮੈਂਟਸ ਤਸੱਲੀ ਬਖਸ਼ ਲਿਖਦੇ ਹਨ।
1. ਮੁਖਤਿਆਰਨਾਮੇ (Power of Attorney's), ਵਸੀਅਤ, ਜ਼ਮੀਨ ਟਰਾਂਸਫਰ, ਬੈਅ ਕੇਸ ਪੈਰਵੀ, ਤਕਸੀਮ, ਬੈਂਕ ਲਿਮਟਾਂ, ਇੱਕਰਾਰਨਾਮੇ, (Affidavit), NRI ਥਾਣੇ, ਜ਼ਮੀਨਾਂ ਦੇ ਕੰਮ ਆਦਿ।
2. ਇੰਤਕਾਲ ਕਰਵਾਉਣ, ਗਿਰਦਾਵਰੀ, ਫਰਦਾਂ, ਨਕਲਾਂ ਆਦਿ ਦੇ ਕੰਮ।
3. ਮੋਟਰ ਕੁਨੈਕਸ਼ਨ, ਮੈਰਿਜ ਸਰਟੀਫਿਕੇਟ, ਪੈਨਸ਼ਨ (ਲਾਈਫ ਸਰਟੀਫਿਕੇਟ) ਆਦਿ ਵੀ ਲਿਖਦੇ ਹਨ।
ਇੱਥੇ ਇੰਡੀਆ ਦੇ ਸਾਰੇ ਕੰਮ ਇਨਾਂ ਪਾਸੋਂ ਕੈਨੇਡਾ ਬੈਠੇ ਕਰਵਾ ਸਕਦੇ ਹੋ, ਅਤੇ ਅਦਾਲਤੀ ਕੰਮਾਂ (ਕੇਸਾਂ) ਬਾਰੇ ਸਲਾਹ ਵੀ ਕਰ ਸਕਦੇ ਹੋ। ਇਹ ਡਾਕੂਮੈਂਟਸ ਤਸਦੀਕ ਵੀ ਕਰਦੇ ਹਨ।
ਇਹ ਸਿਵਲ ਕੋਰਟਸ ਵਿੱਚ 35 ਸਾਲ ਕੀਤੇ ਕੰਮਾਂ ਦਾ ਤਜ਼ਰਬਾ ਰੱਖਦੇ ਹਨ।
1 587 581 1313
Unit #2140, 76 Westwinds Crescent NE
AVTAR S.TOOR
Documents Writer, Calgary AB
A Commissioner for Oaths

COLD IRON TRUCK CENTER
SALE LEASING WARRANTY
WE BUY, WE SELL TRUCKS & TRAILERS
212 - 6958 76 Ave NW, Edmonton
+1-416-560-2250, +1-780-904-0005
www.coldirontrucks.com

## ਬਾਲ ਅਦਬ ਦਾ ਅਸਲ ਆਸ਼ਕ- ਅਸ਼ਰਫ ਸੁਹੇਲ

# ਲਹਿੰਦੇ ਪੰਜਾਬ ਦਾ ਚੜਦਾ ਸੂਰਜ- ਅਸ਼ਰਫ ਸੁਹੇਲ



ਜਸਵੀਰ ਸਿੰਘ ਭਲੂਰੀਆ
+91-99159-95505




ਅਸ਼ਰਫ ਸੁਹੇਲ (ਪਾਕਿਸਤਾਨ) ਜੀ ਦਾ ਨਾਂ ਆਲਮੀ ਬਾਲ ਅਦਬ ਵਿੱਚ ਅਸਮਾਨ ਵਿੱਚ ਚਮਕਦੇ ਧਰੂੰ ਤਾਰੇ ਵਾਂਗ ਹੈ। ਬਾਲ ਅਦਬ ਲਈ ਕੰਮ ਕਰਨਾ ਉਹਨਾਂ ਲਈ ਅੱਲ੍ਹਾ ਦੀ ਇਬਾਦਤ ਕਰਨ ਵਾਂਗ ਹੈ। ਉਨਾਂ ਦਾ 'ਪਖੇਰੂ' ਹੱਦਾਂ-ਸਰਹੱਦਾਂ ਪਾਰ ਕਰਕੇ ਹਵਾ ਦੇ ਬੁੱਲੇ ਵਾਂਗ ਦੁਨੀਆਂ ਭਰ ਦੇ ਪੰਜਾਬੀ ਜ਼ੁਬਾਨ ਬੋਲਦੇ ਬੱਚਿਆਂ ਕੋਲ ਪਹੁੰਚ ਜਾਂਦਾ ਹੈ, ਉਨਾਂ ਨਾਲ ਖੇਡਦਾ ਹੈ, ਮਨੋਰੰਜਨ ਕਰਦਾ ਹੈ ਅਤੇ ਸਿਖਿਆਦਾਇਕ ਕਹਾਣੀਆਂ ਅਤੇ ਕਵਿਤਾਵਾਂ ਵੀ ਸੁਣਾਉਂਦਾ ਹੈ। ਏਸੇ ਲਈ ਬੱਚੇ 'ਪਖੇਰੂ' ਦੀ ਬੇਸਬਰੀ ਨਾਲ ਉਡੀਕ ਕਰਦੇ ਰਹਿੰਦੇ ਹਨ। 'ਪਖੇਰੂ' ਦੇ ਨਾਲ ਨਾਲ ਸੁਹੇਲ ਜੀ ਨੇ ਚੜਦੇ ਪੰਜਾਬ ਦੇ ਲੇਖਕਾਂ ਦੀਆਂ ਅਨੇਕਾਂ ਕਿਤਾਬਾਂ ਸ਼ਾਹਮੁਖੀ ਲਿਪੀ ਵਿੱਚ ਛਾਪ ਕੇ ਟੁੱਟੀਆਂ ਮੁਹੱਬਤੀ ਤੰਦਾਂ ਨੂੰ ਦੁਬਾਰਾ ਗੰਢ ਪਾਈ ਹੈ। ਆਪਣੀ ਹੱਕ-ਹਲਾਲ ਦੀ ਕਮਾਈ ਗੁਜਾਰੇ ਜੋਗੀ ਰੱਖ ਕੇ ਬਾਕੀ ਸਾਰੀ ਕਮਾਈ ਉਹ ਇਸੇ ਕਾਰਜ ਦੇ ਲੇਖੇ ਲਾ ਦਿੰਦੇ ਹਨ। ਮੇਰੀ ਸਾਂਝ ਵੀ ਉਹਨਾਂ ਨਾਲ ਬਾਲ ਰਸਾਲੇ 'ਪਖੇਰੂ' ਤੋਂ ਹੀ ਪਈ। ਜਿਸ ਨੂੰ ਉਹ ਬੀਤੇ 29-30 ਸਾਲ ਤੋਂ ਨਿਰੰਤਰ ਛਾਪ ਰਹੇ ਹਨ। 'ਪਖੇਰੂ' ਵਿੱਚ ਮੇਰੀ ਪਹਿਲੀ ਬਾਲ ਕਵਿਤਾ ਡਾ: ਦਰਸ਼ਨ ਸਿੰਘ ਆਸ਼ਟ ਜੀ ਰਾਹੀਂ ਛਪੀ ਸੀ। ਫਿਰ ਜਦੋਂ ਸੁਹੇਲ ਹੁਰਾਂ ਨੇ ਮੇਰੀਆਂ 101 ਬੁਝਾਰਤਾਂ ਜੋ ਪਹਿਲਾਂ 'ਅਜੀਤ' ਵਿੱਚ ਵੀ ਛਪ ਚੁੱਕੀਆਂ ਹਨ, ਨੂੰ 'ਪਖੇਰੂ' ਵਿੱਚ ਵੀ ਛਾਪਣਾ ਸ਼ੁਰੂ ਕੀਤਾ ਤਾਂ ਫੋਨ ਤੇ ਗੱਲਬਾਤ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਿਉਂ ਜਿਉਂ ਗੱਲਬਾਤ ਅੱਗੇ ਵਧਦੀ ਗਈ ਤਾਂ ਮਹਿਸੂਸ ਹੋਇਆ ਜਿਵੇਂ ਮੈਨੂੰ ਕੋਈ 'ਨਾਯਾਬ ਖਜ਼ਾਨਾ' ਲੱਭ ਗਿਆ ਹੋਵੇ। ਮੈਂ ਸੋਚਿਆ ਕਿਉਂ ਨਾ ਇਸ 'ਨਾਯਾਬ ਖਜ਼ਾਨੇ' ਬਾਰੇ ਚੜ ?ਦਦੇ ਪੰਜਾਬ ਨੂੰ ਜਾਣੂ ਕਰਵਾਇਆ ਜਾਵੇ। ਸੋ ਪੇਸ਼ ਹਨ ਅਸ਼ਰਫ ਸੁਹੇਲ ਜੀ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼-

**ਸਵਾਲ- ਅਸ਼ਰਫ ਸੁਹੇਲ ਜੀ ਸਭ ਤੋਂ ਪਹਿਲਾਂ ਆਪਣੇ ਜਨਮ, ਪਰਿਵਾਰ ਅਤੇ ਤਾਲੀਮ ਬਾਰੇ ਦੱਸੋ ?**

ਜਵਾਬ-ਜਸਵੀਰ ਭਲੂਰੀਆ ਜੀ ਮੇਰਾ ਪੂਰਾ ਨਾਮ ਮੁਹੰਮਦ ਅਸ਼ਰਫ ਸੁਹੇਲ ਹੈ। ਮੇਰਾ ਜਨਮ ਮੁਗਲਪੁਰੇ ਦੇ ਇਲਾਕੇ ਲਾਹੌਰ ਵਿੱਚ 23 ਜੁਲਾਈ 1963 ਨੂੰ ਹੋਇਆ। ਮੇਰੇ ਵੱਡ-ਵਡੇਰੇ ਰੋਪੜ ਦੇ ਰਹਿਣ ਵਾਲੇ ਸਨ। ਮੇਰੇ ਵਾਲਿਦ ਜੀ ਚੌਧਰੀ ਕਰਨ ਦੀਨ ਬੜੀਮਾਜਰਾ ਦੇ ਰਹਿਣ ਵਾਲੇ ਸਨ। ਮੇਰੇ ਮਾਤਾ ਜੀ ਰਹਿਮਤ ਬੀਬੀ ਰੋਪੜ ਨੇੜੇ ਪਿੰਡ ਬੰਨਮਾਜਰਾ ਤੋਂ ਸਨ। ਸਾਨੂੰ ਅੱਜ ਵੀ ਇੱਥੇ ਬੜੀ ਵਾਲੇ ਕਰਕੇ ਜਾਣਿਆ ਜਾਂਦਾ ਹੈ। ਗੁਰਬਤ ਕਾਰਨ ਪੜ੍ਹਾਈ ਮੈਂ ਮੈਟਰਿਕ ਤੱਕ ਹੀ ਕਰ ਸਕਿਆ। ਪਰ ਮੈਟਰਿਕ ਕਰਨ ਤੋਂ ਬਾਅਦ ਮੈਨੂੰ ਰੇਲਵੇ ਡਿਪਾਰਟਮੈਂਟ ਵਿੱਚ ਨੌਕਰੀ ਮਿਲ ਗਈ। ਪਰ ਪਰਿਵਾਰ ਵੱਡਾ ਸੀ ਇਸ ਲਈ ਘਰ ਦੇ ਗੁਜ਼ਾਰੇ ਲਈ ਸਾਰੇ ਜੀਆਂ ਨੂੰ ਛੋਟੇ ਮੋਟੇ ਕੰਮ ਕਰਨੇ ਪੈਂਦੇ ਸਨ।

**ਸਵਾਲ-ਤੁਸੀਂ ਬਾਲ ਅਦਬ ਨਾਲ ਕਿਵੇਂ ਬਾਵਾਸਤਾ ਹੋਏ ?**

ਜਵਾਬ-ਬਾਲ ਅਦਬ ਨਾਲ ਮੈਂ ਬਚਪਨ ਤੋਂ ਹੀ ਜੁੜ ਗਿਆ ਸਾਂ। ਲਿਫਾਫੇ ਬਣਾਉਂਣ ਲਈ ਸਾਡੇ ਘਰ ਕਾਗਜ਼ ਦੀ ਰੱਦੀ ਆਉਂਦੀ ਹੁੰਦੀ ਸੀ। ਉਸ ਰੱਦੀ ਵਿੱਚੋਂ ਮੈਨੂੰ ਏ-ਹਮੀਦ ਦਾ 'ਮੌਤ ਕਾ ਤਾਕਬ' ਬਾਲ ਨਾਵਲ ਲੱਭਾ। ਜਿਸ ਨੂੰ ਮੈਂ ਪੜ੍ਹਨਾ ਸ਼ੁਰੂ ਕਰ ਦਿੱਤਾ। ਉਸ ਨਾਵਲ ਤੋਂ ਮੈਨੂੰ ਪੜਨ ਦੀ ਐਸੀ ਚੇਟਕ ਲੱਗੀ ਕਿ ਮੈਂ ਸੈਂਕੜੇ ਕਿਤਾਬਾਂ ਆਪਣੇ ਜੇਬ ਖਰਚ ਦੇ ਪੈਸੇ ਤੋਂ ਖਰੀਦ ਕੇ ਪੜੀਆਂ ਅਤੇ ਸੈਂਕੜੇ ਕਿਤਾਬਾਂ ਮੈਂ ਕਰਾਏ ਤੇ ਲੈ ਕੇ ਪੜੀਆਂ। ਇਸ ਤਰ੍ਹਾਂ ਮੈਂ ਜ਼ਿੰਦਗੀ ਭਰ ਲਈ ਬਾਲ ਅਦਬ ਨਾਲ ਜੁੜ ਗਿਆ। ਸਭ ਤੋਂ ਪਹਿਲਾਂ ਮੈਂ ਗ਼ਜ਼ਲ ਲਿਖਣ ਦੀ ਕੋਸ਼ਿਸ਼ ਕੀਤੀ। ਪਹਿਲੀ ਕਿਤਾਬ ਮੈਂ ਚੜਦੇ-ਲਹਿੰਦੇ ਪੰਜਾਬ ਦੀਆਂ ਮਿੰਨੀ ਨਜ਼ਮਾਂ ਦੀ ਛਾਪੀ। ਦੂਜੀ ਕਿਤਾਬ ਚੜਦੇ-ਲਹਿੰਦੇ ਪੰਜਾਬ ਦੀਆਂ ਮਿੰਨੀ ਕਹਾਣੀਆਂ ਦੀ ਛਾਪੀ। ਇਸ ਦੌਰਾਨ ਇੰਡੀਆ ਤੋਂ ਮੇਰੇ ਬਹੁਤ ਸਾਰੇ ਅਦਬੀ ਦੋਸਤ ਬਣ ਗਏ ਸਨ।।

**ਸਵਾਲ- 'ਪਖੇਰੂ'ਬਾਲ ਰਸਾਲਾ ਛਾਪਣ ਬਾਰੇ ਫੁਰਨਾ ਕਿਵੇਂ ਫੁਰਿਆ ?**


ਜਵਾਬ-ਭਲੂਰੀਆ ਜੀ ਏਧਰ ਪਹਿਲਾਂ ਇੱਕ 'ਰਵੇਲ' ਨਾਂ ਦਾ ਰਸਾਲਾ ਨਿਕਲਦਾ ਸੀ। ਉਸ ਵਿੱਚ ਬੱਚਿਆਂ ਲਈ ਦੋ- ਤਿੰਨ ਸਫੇ ਹੁੰਦੇ ਸਨ,ਜਿੰਨਾਂ ਦਾ ਮੈਂ ਐਡੀਟਰ ਹੁੰਦਾ ਸਾਂ। ਉਸ ਰਸਾਲੇ ਵਿੱਚ ਅਸੀਂ ਬੱਚਿਆਂ ਨੂੰ ਸਵਾਲ ਪਾਉਂਦੇ ਸਾਂ। ਮਸਲਨ ਜੇ ਤੁਸੀਂ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਹੁੰਦੇ ਤਾਂ,ਜੇ ਤੁਸੀਂ ਪੰਜਾਬ ਦੇ ਵਜ਼ੀਰ-ਏ-ਆਜ਼ਮ ਹੁੰਦੇ, ਜੇ ਤੁਸੀਂ ਤਾਲੀਮੀ ਅਦਾਰੇ ਦੇ ਵਜ਼ੀਰ-ਏ-ਆਜ਼ਮ ਹੁੰਦੇ ਤਾਂ ਕੀ ਕਰਦੇ ? ਇੱਕ ਵਾਰ ਅਸੀਂ ਪੁੱਛਿਆ ਕਿ ਜੇ ਤੁਸੀਂ 'ਰਵੇਲ'ਦੇ ਐਡੀਟਰ ਹੁੰਦੇ ਤਾਂ ਕੀ ਕਰਦੇ ? ਤਾਂ ਬਹੁਤ ਸਾਰੇ ਬਾਲਾਂ ਨੇ ਜਵਾਬ ਦਿੱਤਾ ਕਿ 'ਮੈਂ ਬਾਲਾਂ ਲਈ ਇੱਕ ਵੱਖਰਾ ਪਰਚਾ ਕੱਢਦਾ।'ਇੱਥੋਂ ਅਸੀਂ ਸੋਚਿਆ ਕਿ ਸਾਨੂੰ ਬਾਲਾਂ ਲਈ ਵੱਖਰਾ ਪਰਚਾ ਕੱਢਣਾ ਚਾਹੀਦੈ। ਜ਼ਮੀਰ ਅਹਿਮਦਪਾਲ, ਇਲਿਆਸ ਘੁੰਮਣ ਅਤੇ ਮੈਂ ਤਿੰਨਾਂ ਨੇ ਮਿਲ ਕੇ 'ਮੀਟੀ' ਨਾਂ ਦਾ ਪਰਚਾ ਕੱਢਣਾ ਸ਼ੁਰੂ ਕੀਤਾ। ਇਹ ਪਰਚਾ ਦੋ ਕੁ ਸਾਲ ਚੱਲ ਕੇ ਬੰਦ ਹੋ ਗਿਆ। ਇਹ ਪਾਕਿਸਤਾਨ ਦਾ ਬਾਲ ਅਦਬ ਦਾ ਪਹਿਲਾ ਪਰਚਾ ਸੀ। ਇਸੇ ਦੌਰਾਨ ਹੀ ਮੈਂ ਗੁਰਮੁਖੀ ਪੜ੍ਹਨੀ,ਲਿਖਣੀ ਸਿੱਖੀ। ਇਸ ਤੋਂ ਬਾਅਦ ਮੈਂ 1996 ਵਿੱਚ ਆਪਣਾ ਪਰਚਾ 'ਪਖੇਰੂ' ਛਾਪਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਮੈਂ ਦਰਸ਼ਨ ਸਿੰਘ ਆਸ਼ਟ ਜੀ ਦੀ ਕਹਾਣੀ ਤਰਜਮਾ ਕਰਕੇ ਛਾਪੀ। ਇਸ ਸਮੇਂ ਮੈਂ ਆਪਣੀਆਂ ਕਹਾਣੀਆਂ ਲਿਖਣ ਦਾ ਆਗਾਜ਼ ਕੀਤਾ। ਉਹੀ ਸਾਰੀਆਂ ਕਹਾਣੀਆਂ ਫਿਰ ਚੜਦੇ ਪੰਜਾਬ ਵਿੱਚ 'ਅਜੀਤ' ਅਖਬਾਰ ਨੇ ਛਾਪ ਕੇ ਮੇਰਾ ਮਾਣ ਵਧਾਇਆ।

**ਸਵਾਲ- 'ਪਖੇਰੂ' ਰਸਾਲੇ ਦੀ ਹੁਣ ਛਪਣ-ਗਿਣਤੀ ਕਿੰਨੀ ਹੋ ਗਈ ਅਤੇ ਇਹ ਕਿਹੜੇ ਕਿਹੜੇ ਦੇਸ਼ ਵਿੱਚ ਪਹੁੰਚਦਾ ਹੈ।**

ਜਵਾਬ-ਸ਼ੁਰੂ ਵਿੱਚ ਮੈਂ ਦੋ-ਮਾਹੀ 16 ਸਫੇ ਦਾ ਪਰਚਾ ਸ਼ੁਰੂ ਕੀਤਾ। ਉਦੋਂ ਮੈਂ ਕੈਨੇਡਾ,ਅਮਰੀਕਾ,ਇੰਡੀਆ, ਦੁਨੀਆਂ ਵਿੱਚ ਜਿੱਥੇ ਜਿੱਥੇ ਵੀ ਪੰਜਾਬੀ ਵੱਸਦੇ ਹਨ,ਜਿੱਥੋਂ ਦਾ ਵੀ ਮੈਨੂੰ ਐਡਰੈਸ ਮਿਲਿਆ ਮੈਂ ਪਰਚਾ ਪਹੁੰਚਾਇਆ। ਇੱਥੇ ਸਾਡੇ ਸਕੂਲਾਂ ਵਿੱਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ,ਇਸੇ ਕਰਕੇ ਪੰਜਾਬੀ ਮੈਟਰ ਦੀ ਬੜੀ ਕਮੀ ਸੀ। ਫਿਰ ਮੈਂ ਇਧਰਲੇ ਲੇਖਕਾਂ ਨੂੰ ਵੀ ਪੰਜਾਬੀ ਲਿਖਣ ਲਈ ਪ੍ਰੇਰਿਆ। ਕੁਝ ਮੈਟਰ ਇੰਡੀਆ ਤੋਂ ਆ ਜਾਂਦਾ ਸੀ। ਇਸ ਤਰਾਂ 16 ਸਫੇ ਤੋਂ ਹੌਲੀ ਹੌਲੀ ਪਰਚਾ 80 ਸਫੇ ਦਾ ਹੋ ਗਿਆ। ਕਰਾਚੀ ਮੇਰੇ ਸਹੁਰੇ ਸਨ। ਛੁੱਟੀਆਂ ਵਿੱਚ ਮੈਂ ਬੱਚਿਆਂ ਨੂੰ ਉੱਥੇ ਛੱਡਣ ਜਾਂਦਾ ਸਾਂ। ਉੱਥੇ ਮੇਰਾ ਇੱਕ ਦੋਸਤ ਸੀ ਜੋ ਡਜ਼ਾਈਨਿੰਗ ਦਾ ਕੰਮ ਕਰਦਾ ਸੀ। ਉਹ ਕਹਿੰਦਾ ਪਰਚੇ ਦਾ ਦੋ-ਕਲਰ ਟਾਈਟਲ ਸੋਹਣਾ ਨਹੀਂ ਲੱਗਦਾ। ਟਾਈਟਲ ਤੁਹਾਨੂੰ ਮੈਂ ਬਣਾ ਕੇ ਦਿਆ ਕਰਾਂਗਾ। ਫਿਰ ਉਸਨੇ ਫੋਰ-ਕਲਰ ਟਾਈਟਲ ਬਣਾਉਣਾ ਸ਼ੁਰੂ ਕਰ ਦਿੱਤਾ। ਮੈਂ ਉਸ ਕੋਲੋਂ ਛੇ ਮਹੀਨੇ ਦੇ ਇਕੱਠੇ ਟਾਈਟਲ ਬਣਾ ਲਿਆਉਣੇ। ਛੇ ਮਹੀਨੇ ਬਾਅਦ ਫਿਰ ਛੇ ਮਹੀਨੇ ਦੇ ਟਾਈਟਲ ਬਣਵਾ ਲਿਆਉਣੇ। ਫਿਰ ਮੈਂ ਚਾਰ ਪੰਜ ਵੱਡੇ ਸ਼ਹਿਰਾਂ ਵਿੱਚ ਆਪਣੇ ਦੋਸਤਾਂ ਤੋਂ ਪਰਚਾ ਸ਼ੁਰੂ ਕਰਵਾਇਆ। ਦੋ ਕੁ ਮਹੀਨੇ ਤਾਂ ਮੈਂ ਉਹ ਪਰਚੇ ਆਪਣੇ ਖਰਚੇ ਤੇ ਕੱਢੇ। ਜਦੋਂ ਉਹਨਾਂ ਨੇ ਆਪ ਕੋਈ ਉਜਰ ਨਾ ਕੀਤਾ ਤਾਂ ਉਹ ਪਰਚੇ ਬੰਦ ਕਰਨੇ ਪਏ। ਅੱਜ ਦੀ ਤਰੀਕ ਵਿੱਚ ਮੈਂ 'ਪਖੇਰੂ' ਦੀ 5000 ਕਾਪੀ ਛਪਵਾਉਂਦਾ ਹਾਂ।

**ਸਵਾਲ-ਹੁਣ ਤੱਕ ਤੁਸੀਂ ਗੁਰਮੁਖੀ ਲਿਪੀ ਦੀਆਂ ਕਿੰਨੇ ਲੇਖਕਾਂ ਦੀਆਂ ਕਿੰਨੀਆਂ ਕਿਤਾਬਾਂ ਦਾ ਤਰਜਮਾ ਸ਼ਾਹਮੁਖੀ ਲਿਪੀ ਵਿੱਚ ਕਰ ਚੁੱਕੇ ਹੋ ?**

ਜਵਾਬ- ਹੁਣ ਤੱਕ ਮੈਂ 70 ਦੇ ਕਰੀਬ ਬਾਲ ਨਾਵਲ ਗੁਰਮੁਖੀ ਲਿੱਪੀ ਤੋਂ ਸ਼ਾਹਮੁਖੀ ਲਿੱਪੀ ਵਿੱਚ ਤਰਜਮਾ ਕਰਕੇ ਛਾਪ ਚੁੱਕਾ ਹਾਂ। ਜਿਨਾਂ ਵਿੱਚ ਕੁੱਝ ਕੁ ਲੇਖਕਾਂ ਦੇ ਨਾਂ ਜੋ ਮੈਨੂੰ ਯਾਦ ਹਨ ਉਹ ਇਹ ਹਨ-ਕਮਲਜੀਤ ਨੀਲੋਂ, ਡਾ: ਦਰਸ਼ਨ ਸਿੰਘ ਆਸ਼ਟ, ਜਸਬੀਰ ਭੁੱਲਰ, ਹਰਦੇਵ ਚੌਹਾਨ, ਬਚਿੰਤ ਕੌਰ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਡਾ: ਜਗਤਾਰ, ਪਰਮਜੀਤ ਦਿਉਲ, ਡਾਕਟਰ ਗੁਰਬਤ ਸਿੰਘ ਭੰਡਾਲ (ਕੈਨੇਡਾ), ਡਾਟਰ ਟੀ. ਐਨ. ਸ਼ਰਮਾ, ਪ੍ਰੋਫੈਸਰ ਪ੍ਰੀਤਮ ਸਿੰਘ, ਪਰਮਬੀਰ ਕੌਰ, ਡਾ: ਹਰਸ਼ਿੰਦਰ ਕੌਰ, ਪੰਜਾਬੀ ਸੱਥ ਲਾਂਬੜਾਂ ਦੀ ਸੰਪਾਦਿਤ ਕਿਤਾਬ, ਚੜ੍ਹਦੇ- ਲਹਿੰਦੇ ਪੰਜਾਬ ਦੇ ਬੱਚਿਆਂ ਦੀਆਂ ਕਹਾਣੀਆਂ, ਕਈ ਕਹਾਣੀ ਨੰਬਰ ਛਾਪੇ। ਇਸ ਤਰਾਂ ਅੱਗੇ ਵੀ ਕੰਮ ਜਾਰੀ ਹੈ।




**ਸਵਾਲ-ਕੀ ਤੁਸੀਂ ਸ਼ਾਹਮੁਖੀ ਤੋਂ ਗੁਰਮੁਖੀ ਲਿਪੀ ਵਿੱਚ ਵੀ ਕਿਸੇ ਕਿਤਾਬ ਦਾ ਤਰਜ਼ਮਾ ਕੀਤਾ ?**

ਜਵਾਬ-ਭਲੂਰੀਆ ਜੀ ਗੁਲੂਕਾਰ ਸ਼ੌਕਤ ਅਲੀ ਸਾਹਿਬ ਨੂੰ ਮੈਂ ਬਾਲ ਗੀਤ ਲਿਖਣ ਲਈ ਪ੍ਰੇਰਿਆ, ਉਹ ਵੱਡੇ ਬੰਦੇ ਸਨ। ਉਹ ਮੇਰੇ ਘਰ ਚੱਲ ਕੇ ਆਏ ਅਤੇ ਕਹਿਣ ਲੱਗੇ ਸੁਹੇਲ ਆਪਣੀ ਯਾਰੀ ਕਿਵੇਂ ਪੱਕੀ ਹੋ ਸਕਦੀ ਹੈ ? ਤਾਂ ਮੈਂ ਉਹਨਾਂ ਨੂੰ ਬਾਲ ਗੀਤ ਲਿਖਣ ਦੀ ਸਲਾਹ ਦਿੱਤੀ ਜੋ ਉਹਨਾਂ ਪਰਵਾਨ ਕਰ ਲਈ। ਉਹ ਗੀਤ ਪਹਿਲਾਂ 'ਪਖੇਰੂ' ਵਿੱਚ ਛਾਪੇ। ਫਿਰ ਚੜਦੇ ਪੰਜਾਬ ਦੇ 'ਅਜੀਤ' ਅਖਬਾਰ ਵਿੱਚ ਵੀ ਛਪੇ, ਫਿਰ ਉਧਰ ਉਹਨਾਂ ਗੀਤਾਂ ਦੀ ਕਿਤਾਬ ਵੀ ਛਪੀ। ਇੱਕ ਹੋਰ ਸਾਡੇ ਇਧਰ ਵੱਡਾ ਨਾਂ ਹੈ ਫਰਖੰਦਾ ਲੋਧੀ। ਉਨਾਂ ਦੇ ਬਾਲ ਗੀਤ ਵੀ ਮੈਂ ਛਾਪੇ ਸਨ।



ਅਸ਼ਰਫ ਸੁਹੇਲ ਜੀ
ਵਟਸਅਪ ਨੰ: +92-300-422-4210

**ਸਵਾਲ-ਕਿਸੇ ਵੀ ਲਿਪੀ ਵਿੱਚੋਂ ਦੂਜੀ ਲਿਪੀ ਵਿੱਚ ਤਰਜਮਾ ਕਰਨਾ ਬੜਾ ਪਵਿੱਤਰ (ਪਾਕਿ)ਕਾਰਜ ਹੈ। ਪਰ ਇਹ ਮਹਿੰਗਾ ਬਹੁਤ ਹੈ। ਕੀ ਤੁਹਾਨੂੰ ਕਿਸੇ ਸੰਸਥਾ ਜਾਂ ਸਰਕਾਰ ਵੱਲੋਂ ਕੋਈ ਮੱਦਦ ਮਿਲਦੀ ਹੈ ?**

ਜਵਾਬ-ਮੈਂ 'ਪਖੇਰੂ' ਲਈ ਅੱਜ ਤੱਕ ਕਿਸੇ ਤੋਂ ਕੋਈ ਪੈਸਾ ਨਹੀਂ ਮੰਗਿਆ। ਮੈਂ ਕੋਸ਼ਿਸ਼ ਕੀਤੀ ਹੈ ਕਿ 'ਪਖੇਰੂ' ਦਾ ਖਰਚਾ ਘਟਾਇਆ ਜਾਵੇ। ਮਸਲਨ ਕੰਪੋਜ਼ਿੰਗ, ਪ੍ਰਿੰਟਿੰਗ, ਪੇਸਟਿੰਗ ਵਗੈਰਾ ਵਗੈਰਾ ਮੈਂ ਖੁਦ ਕਰਨਾ ਸਿੱਖ ਲਿਆ। ਚੜਦੇ ਪੰਜਾਬ ਤੋਂ ਇੱਕ ਆਰਟਿਸਟ ਗੁਰਦੀਪ ਸਿੰਘ 'ਦੀਪ' ਮੇਰੇ ਨਾਲ ਜੁੜ ਗਏ ਉਹਨਾਂ ਨੇ ਮੇਰੀ ਬਹੁਤ ਮਦਦ ਕੀਤੀ। ਅੱਜ ਤੱਕ ਮੈਂ 'ਪਖੇਰੂ' ਦਾ ਦਫਤਰ ਵੀ ਨਹੀਂ ਖੋਲਿਆ। ਘਰ ਵਿੱਚ ਹੀ ਵਿੱਚ ਸਾਰਾ ਕੰਮ ਕਰਦਾ ਹਾਂ। ਮੈਂ ਹਰ ਮਹੀਨੇ 74 ਰੇਲਵੇ ਸਟੇਸ਼ਨਾਂ ਤੇ ਫਰੀ ਪਰਚਾ ਭੇਜਦਾ ਹਾਂ। ਪਿੰਡਾਂ ਅਤੇ ਸਕੂਲਾਂ ਵਿੱਚ ਵੀ ਫਰੀ ਪਰਚਾ ਭੇਜਦਾ ਹਾਂ। ਜਦ ਕਦੇ ਪੈਸੇ ਦੀ ਕਮੀ ਹੁੰਦੀ ਹੈ ਤਾਂ ਮੈਂ ਬਲੈਕ ਐਂਡ ਵਾਈਟ ਪਰਚਾ ਛਾਪ ਦਿੰਦਾ ਹਾਂ ਜਾਂ ਸਫੇ ਘੱਟਕਰ ਲੈਂਦਾ ਹਾਂ। ਇੱਕ ਮਹੀਨਾ ਰੰਗਦਾਰ ਅਤੇ ਇੱਕ ਮਹੀਨਾ ਬਲੈਕ ਐਂਡ ਵਾਈਟ ਪਰਚਾ ਵੀ ਛਾਪਿਆ। ਇੱਕ ਵਾਰ 1999 ਵਿੱਚ ਮੈਂ ਪਰਚਾ ਛਾਪਿਆ ਜਿਸ ਦਾ ਐਡੀਟੋਰੀਅਲ ਸੀ- 'ਪਖੇਰੂ ਦੀ ਆਪ ਬੀਤੀ,ਪਖੇਰੂ ਕਰਮ ਤੋਂ"। ਇਹ ਪਰਚਾ ਮੈਂ ਛਾਪ ਤਾਂ ਲਿਆ ਪਰ ਪੈਸੇ ਨਾ ਹੋਣ ਕਾਰਨ ਪੋਸਟ ਨਾ ਕਰ ਸਕਿਆ। ਹਾਲਾਂਕਿ ਉਦੋਂ ਪਰਚਾ 25 ਪੈਸੇ ਵਿੱਚ ਪੋਸਟ ਹੁੰਦਾ ਸੀ। ਉਹ ਪਰਚਾ ਦੋ-ਤਿੰਨ ਮਹੀਨੇ ਘਰ ਪਿਆ ਰਿਹਾ। ਜਦੋਂ ਭਲੂਰੀਆ ਜੀ ਉਸ ਛਪੇ ਨਵੇਂ ਪਰਚੇ ਤੇ ਮੇਰੀ ਨਜ਼ਰ ਪੈਂਦੀ ਤਾਂ ਮੈਂ ਬੇਵਸ ਹੋ ਕੇ ਰਹਿ ਜਾਂਦਾ। ਪਰ ਜਿਵੇਂ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਮੇਰੀ ਮੰਗਣ ਦੀ ਆਦਤ ਨਹੀਂ। ਮੈਂ ਫਿਰ ਹਿੰਮਤ ਕਰਕੇ ਅਗਲਾ ਪਰਚਾ ਛਾਪਿਆ ਜਿਸ ਦਾ ਐਡੀਟੋਰੀਅਲ ਸੀ- 'ਪਖੇਰੂ ਦੀ ਆਖਰੀ ਉਡਾਰੀ'। ਫਿਰ ਇਹ ਪਰਚਾ ਪਹੁੰਚਣ ਤੋਂ ਬਾਅਦ ਮੇਰੇ ਦੋਸਤਾਂ ਨੇ ਕਿਹਾ ਕਿ ਸੁਹੇਲ ਸਾਬ੍ਹ ਪਰਚਾ ਬੰਦ ਨਾ ਕਰੋ, ਸਫੇ ਘੱਟ ਕਰ ਲਓ ,ਬਲੈਕ ਐਂਡ ਵਾਈਟ ਛਾਪ ਲਓ ,ਪਰ ਪਰਚਾ ਚਾਲੂ ਰੱਖੋ। ਐਨ ਉਸੇ ਸਮੇਂ ਪੰਜਾਬੀ ਸੱਥ ਲਾਂਬੜਾਂ (ਜਲੰਧਰ)ਤੋਂ ਮੈਨੂੰ ਐਵਾਰਡ ਦੇਣ ਦਾ ਪੱਤਰ ਮਿਲ ਗਿਆ। ਉਸ ਅਵਾਰਡ ਨੇ ਮੈਨੂੰ ਬੇਹਦ ਹਿੰਮਤ ਤੇ ਹੌਸਲਾ ਦਿੱਤਾ ਤਾਂ ਮੈਂ ਅਗਲਾ ਪਰਚਾ ਛਾਪਣ ਦੇ ਕਾਬਲ ਹੋ ਗਿਆ। ਉਸ ਦਿਨ ਤੋਂ ਬਾਅਦ 'ਪਖੇਰੂ'ਅੱਜ ਤੱਕ ਛਪ ਰਿਹਾ ਹੈ ਅਤੇ ਪਾਠਕਾਂ ਤੱਕ ਪਹੁੰਚ ਵੀ ਰਿਹਾ ਹੈ। ਉਸ ਤੋਂ ਬਾਅਦ 2011 ਵਿੱਚ ਅਤੇ 2019 ਵਿੱਚ ਦੋ ਵਾਰ ਮੇਰੇ ਦਿਮਾਗ ਦਾ ਆਪਰੇਸ਼ਨ ਹੋਇਆ ਡਾਕਟਰਾਂ ਨੇ ਕਿਹਾ ਆਪਰੇਸ਼ਨ ਤੋਂ ਬਾਅਦ ਤਿੰਨ ਮਹੀਨੇ ਕੰਮ ਨਹੀਂ ਕਰਨਾ,ਤਾਂ ਮੈਂ ਦੋਵੇਂ ਵਾਰ ਤਿੰਨ-ਤਿੰਨ ਮਹੀਨੇ ਦੇ ਪਰਚੇ ਪਹਿਲਾਂ ਹੀ ਛਾਪ ਲੈਂਦਾ ਸਾਂ। ਪਰ ਪਰਚਾ ਛਪਣ ਵਿੱਚ ਰੁਕਾਵਟ ਨਹੀਂ ਆਉਣ ਦਿੱਤੀ।




**ਸਵਾਲ-ਪਾਕਿਸਤਾਨ ਵਿੱਚ ਪੰਜਾਬੀ ਜ਼ੁਬਾਨ ਦੀ ਕੀ ਹਾਲਤ ਹੈ ਤੇ ਇਸ ਦੀ ਬੇਹਤਰੀ ਲਈ ਤੁਸੀਂ ਕੀ ਉਪਰਾਲੇ ਕਰ ਰਹੇ ਹੋ ?**

ਜਵਾਬ-ਪਾਕਿਸਤਾਨ ਵਿੱਚ ਪੰਜਾਬੀ ਜ਼ੁਬਾਨ ਦੀ ਹਾਲਤ ਚੜਦੇ ਪੰਜਾਬ ਨਾਲੋਂ ਬਹੁਤ ਮਾੜੀ ਹੈ ,ਕਿਉਂਕਿ ਪਾਕਿਸਤਾਨ ਵਿੱਚ ਸਕੂਲਾਂ ਵਿੱਚ ਪੰਜਾਬੀ ਨਹੀਂ ਪੜ੍ਹਾਈ ਜਾਂਦੀ। ਇਸ ਦਾ ਸਿੱਧਾ ਅਸਰ 'ਪਖੇਰੂ'ਦੇ ਪਾਠਕਾਂ ਤੇ ਵੀ ਪੈਂਦਾ ਹੈ। ਦਿਨੋ ਦਿਨ ਲੋਕ ਪੰਜਾਬੀ ਜ਼ੁਬਾਨ ਨਾਲੋਂ ਟੁੱਟ ਰਹੇ ਹਨ। ਹਰ ਸਾਲ 21 ਫਰਵਰੀ ਨੂੰ ਜਾਂ ਜਦੋਂ ਕਦੇ ਪੰਜਾਬੀ ਜ਼ੁਬਾਨ ਨਾਲ ਧੱਕਾ ਹੁੰਦਾ ਹੋਵੇ, ਅਸੀਂ ਆਪਣੀ ਮਾਦਰੀ ਜ਼ੁਬਾਨ ਨੂੰ ਬਣਦਾ ਹੱਕ ਦਵਾਉਣ ਲਈ ਵੱਖ ਵੱਖ ਸ਼ਹਿਰਾਂ ਵਿੱਚ ਰੈਲੀਆਂ ਕਰਕੇ ਸਰਕਾਰ ਤੱਕ ਆਪਣੀ ਆਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ। ਮੈਂ ਸਕੂਲਾਂ ਵਿੱਚ ਪੰਜਾਬੀ ਪੜਾਉਣ ਲਈ ਸਿਲੇਬਸ ਦੀਆਂ ਕਿਤਾਬਾਂ ਵੀ ਤਿਆਰ ਕਰ ਲਈਆਂ ਹਨ। ਪਰ ਅਗਲਾ ਕੰਮ ਸਰਕਾਰਾਂ ਦਾ ਹੈ।

**ਸਵਾਲ-ਸੁਹੇਲ ਜੀ ਤੁਸੀਂ ਬੜੀ ਸਖਤ ਮਿਹਨਤ ਕੀਤੀ ਹੈ ਤੇ ਕਰ ਰਹੇ ਹੋ,ਜਾਹਿਰ ਹੈ ਕਿ ਤੁਹਾਨੂੰ ਬਹੁਤ ਸਾਰੇ ਮਾਨ ਸਨਮਾਨ ਵੀ ਮਿਲੇ ਹੋਣਗੇ। ਉਹ ਆਪਣੇ ਪਾਠਕਾਂ ਨਾਲ ਸਾਂਝੇ ਕਰੋ ?**

ਜਵਾਬ-ਇਸ ਨਿਮਾਣੇ ਜਿਹੇ ਬੰਦੇ ਨੂੰ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਅਦਾਰਿਆਂ ਨੇ ਮਾਣ ਬਖਸ਼ਿਆ ਹੈ।ਸਾਰੇ ਤਾਂ ਯਾਦ ਨਹੀਂ ਉਹਨਾਂ ਵਿੱਚੋਂ ਕਨੇਡਾ ਤੋਂ ਆਸ਼ੀਸ਼ ਅਵਾਰਡ, ਡਾ: ਫਕੀਰ ਮੁਹੰਮਦ ਫਕੀਰੀ ਐਵਾਰਡ (2003) ਵਿੱਚ,ਸਾਥੀ ਐਵਾਰਡ (ਕਰਾਚੀ ਤੋਂ), ਤਬੱਸਮੀ ਐਵਾਰਡ (2007),ਹਾ ?ਸ਼ਮ ਸ਼ਾਹ ਐਵਾਰਡ, ਕਾਰਵਾਂ-ਏ-ਅਦਬੀ ਐਵਾਰਡ, ਇਸ਼ਕ ਲਹਿਰ ਅਦਬੀ ਐਵਾਰਡ,ਪੰਜਾਬੀ ਸੱਥ ਲਾਂਬੜਾਂ ਜਲੰਧਰ ਤੋਂ (ਪ੍ਰੋ: ਤਰਲੋਚਨ ਸਿੰਘ ਬਾਠੀਆ ਅਵਾਰਡ),ਗਿੰਮੀ ਐਵਾਰਡ ਯੂ. ਕੇ. ਤੋਂ,ਪਾਕਿਸਤਾਨ ਤੋਂ ਖੱਦਰਪੋਸ਼ ਟਰਸਟ ਵੱਲੋਂ ਮੇਰੀਆਂ ਤਿੰਨ ਕਿਤਾਬਾਂ ਨੂੰ ਐਵਾਰਡ ਦਿੱਤਾ ਹੈ, ਪੰਜਾਬੀ ਸੱਥ ਲਾਂਬੜਾਂ ਜਲੰਧਰ ਤੋਂ (ਡਾ: ਫਕੀਰ ਮੁਹੰਮਦ ਫਕੀਰੀ ਐਵਾਰਡ), 'ਜਾਗਦੇ ਰਹਿਣਾ' ਕਿਤਾਬ ਲਈ (ਆਰਫ ਮੈਮੋਰੀਅਲ ਐਵਾਰਡ),ਪੰਜਾਬੀ ਸੱਥ ਲਾਂਬੜਾਂ ਜਲੰਧਰ ਤੋਂ (ਬੱਚਿਆਂ ਦੀ ਅਦਬੀ ਖਿਦਮਤ ਲਈ ਐਵਾਰਡ), ਕੈਨੇਡਾ ਤੋਂ 'ਕਲਮ ਫਾਊਂਡੇਸ਼ਨ ਐਵਾਰਡ' ਅਜੀਤ ਅਖਬਾਰ ਵੱਲੋਂ) ਕੈਨੇਡਾ ਤੋਂ (ਪੰਜਾਬ ਦੀ ਅਵਾਜ਼ ਐਵਾਰਡ), ਮੈਂਬਰ ਆਫ ਕੌਂਸਲ ਫਾਰ ਕਾਰਪੋਰੇਸ਼ਨ ਆਫ ਸਿਟੀ ਬਰੈਂਪਟਨ (ਗੁਰਪ੍ਰੀਤ ਸਿੰਘ ਢਿੱਲੋਂ ),ਪੰਜਾਬ ਸਰਕਾਰ ਪਾਕਿਸਤਾਨ ਵੱਲੋਂ ਬਾਲ ਅਦਬ ਦੀ ਸੇਵਾ ਲਈ ਇੱਕ ਲੱਖ ਦਾ ਨਗਦ ਇਨਾਮ ਦਿੱਤਾ ਹੈ।।

**ਸਵਾਲ-ਕੀ ਤੁਸੀਂ ਆਪਣੇ ਹੁਣ ਤੱਕ ਦੇ ਅਦਬੀ ਕਾਰਜ ਤੋਂ ਸੰਤੁਸ਼ਟ ਹੋ ?**

ਜਵਾਬ-ਭਲੂਰੀਆ ਜੀ ਮੇਰੇ ਕਈ ਤਰਜਮਾ ਕੀਤੇ ਨਾਵਲ ਸਕੂਲਾਂ/ਕਾਲਜਾਂ ਦੇ ਸਿਲੇਬਸ ਵਿੱਚ ਲੱਗੇ ਹੋਏ ਹਨ। 'ਪਖੇਰੂ' ਦੇ ਕਈ ਅੰਕਾਂ ਤੇ ਐਮ. ਫਿਲ, ਪੀ. ਐਚ. ਡੀ. ਹੋ ਚੁੱਕੀ ਹੈ। ਫੈਸਲਾਬਾਦ ਵੋਮੈਨ ਯੂਨੀਵਰਸਿਟੀ ਤੋਂ ਬੀਬਾ ਅਨੀਕਾ ਸ਼ਹਿਜ਼ਾਦੀ ਨੇ 'ਅਸ਼ਰਫ ਸੁਹੇਲ ਦੀ ਬਾਲ ਅਦਬ ਨੂੰ ਦੇਣ' ਵਿਸ਼ੇ ਤੇ ਐਮ. ਫਿਲ ਕੀਤੀ ਹੈ। ਚੜਦੇ ਪੰਜਾਬ ਵਿੱਚ ਵੀ 'ਪਖੇਰੂ' ਤੇ ਕਾਫੀ ਕੰਮ ਹੋਇਆ ਹੈ। ਬਾਕੀ ਅੱਲਾ ਪਾਕ ਦੀ ਮਿਹਰ ਹੈ।

**ਸਵਾਲ-ਭਵਿੱਖ ਦੀ ਕੋਈ ਖਾਸ ਯੋਜਨਾ ਹੋਵੇ ਤਾਂ ਦੱਸੋ ਸੁਹੇਲ ਸਾਹਿਬ ?**

ਜਵਾਬ-ਕੋਈ ਖਾਸ ਨਹੀਂ ਜਨਾਬ, ਮੈਂ ਆਪਣੇ ਤਨੋਂ ਮਨੋਂ ਕੰਮ ਕਰ ਰਿਹਾ ਹਾਂ ਅਤੇ ਜਦ ਤੱਕ ਸਰੀਰ ਵਿੱਚ ਸਾਹ ਚਲਦੇ ਹਨ ਕਰਦਾ ਰਹਾਂਗਾ, ਹਾਂ ਜਨਵਰੀ 2024 ਦਾ 'ਪਖੇਰੂ' ਛਪ ਕੇ ਤਿਆਰ ਹੈ। ਇਹ 19 ਨਾਵਲਾਂ ਦਾ 1200 ਸਫੇ ਦਾ 'ਪਖੇਰੂ' ਅੰਕ ਦੋ ਜਿਲਦਾਂ ਵਿੱਚ ਜਲਦ ਪਾਠਕਾਂ ਤੱਕ ਪਹੁੰਚ ਰਿਹਾ ਹੈ।

**ਸਵਾਲ- ਸੁਹੇਲ ਸਾਬ੍ਹ ਆਖਰੀ ਸਵਾਲ, ਕੀ ਤੁਸੀਂ ਪੰਜਾਬੀ ਅਵਾਮ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ ?**

ਜਵਾਬ-ਭਲੂਰੀਆ ਜੀ ਕਿਸੇ ਵੀ ਇਮਾਰਤ ਦੀ ਨੀਂਹ ਵਿੱਚ ਲੱਗੇ ਹੋਏ ਪੱਥਰ ਨਜ਼ਰ ਨਹੀਂ ਆਉਂਦੇ। ਪਰ ਜੋ ਇਮਾਰਤ ਉਨਾਂ ਪੱਥਰਾਂ ਉੱਤੇ ਤਾਮੀਰ ਹੁੰਦੀ ਹੈ, ਉਹ ਸਭ ਨੂੰ ਦੂਰੋਂ ਹੀ ਨਜ਼ਰ ਆਉਂਦੀ ਹੈ। ਮੈਂ ਤਾਂ ਨੀਂਹ ਵਿੱਚ ਲੱਗੇ ਉਨਾਂ ਪੱਥਰਾਂ ਵਾਂਗ ਹਾਂ ਜਿਹੜੇ ਨਜ਼ਰ ਨਹੀਂ ਆਉਂਦੇ। ਮੈਂ ਤਾਂ ਇਸੇ ਕੋਸ਼ਿਸ਼ ਵਿੱਚ ਲੱਗਾ ਹੋਇਆ ਹਾਂ ਕਿ ਇਸ ਨੀਂਹ ਉੱਤੇ ਤਾਮੀਰ ਹੋਣ ਵਾਲੀ ਇਮਾਰਤ ਖੂਬਸੂਰਤ ਅਤੇ ਮਜਬੂਤ ਬਣੇ। ਇਹ ਤਾਂ ਹੀ ਹੋ ਸਕਦਾ ਹੈ ਜੇ ਪੰਜਾਬੀ 'ਪਖੇਰੂ' ਦੇ ਪੰਖ ਹੋਰ ਮਜਬੂਤ ਕਰਨਗੇ। ਤਾਂ ਹੀ 'ਪਖੇਰੂ' ਹੋਰ ਉੱਚੀ ਉਡਾਰੀ ਭਰ ਸਕੇਗਾ। ਇਹ ਪੰਜਾਬੀਆਂ ਦੇ ਸਹਿਯੋਗ ਤੋਂ ਬਿਨਾਂ ਨਹੀਂ ਹੋ ਸਕਦਾ। ਦੁਨੀਆਂ ਭਰ ਵਿੱਚ ਵੱਸਦੇ ਪੰਜਾਬੀਆਂ ਨੂੰ ਮੇਰੀ ਦਰਖਾਸਤ ਹੈ ਕਿ ਤੁਸੀਂ ਵੱਧ ਤੋਂ ਵੱਧ ਤਨੋਂ-ਮਨੋਂ 'ਪਖੇਰੂ' ਨਾਲ ਜੁੜੋ। 'ਪਖੇਰੂ' ਤੁਹਾਡਾ ਹੈ। ਆਉਣ ਵਾਲੀਆਂ ਪੀੜੀਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਲਈ ਇਹ ਅਤਿ ਜਰੂਰੀ ਹੈ। ਜਿੰਨਾਂ ਸ਼ਖਸ਼ੀਅਤਾਂ ਨੇ ਹੁਣ ਤੱਕ ਸਹਿਯੋਗ ਦਿੱਤਾ ਹੈ, 'ਪਖੇਰੂ' ਦੀ ਹੌਸਲਾ ਅਫਜ਼ਾਈ ਕੀਤੀ ਹੈ। ਉਨਾਂ ਦਾ ਤਹਿ ਦਿਲੋਂ ਸ਼ੁਕਰੀਆ।

## ਸਤਨਾਮ ਸਿੰਘ ਸੰਧੂ ਰਾਜ ਸਭਾ ਲਈ ਹੋਏ ਨਾਮਜ਼ਦ

# ਕੀ ਫ਼ਰਕ ਹੁੰਦਾ ਹੈ ਰਾਜ ਸਭਾ ਲਈ ਚੁਣੇ ਤੇ ਨਾਮਜ਼ਦ ਕੀਤੇ ਮੈਂਬਰਾਂ 'ਚ ?




ਚੰਡੀਗੜ੍ਹ ਯੂਨੀਵਰਸਿਟੀ ਦੇ ਸੰਸਥਾਪਕ ਸਤਨਾਮ ਸਿੰਘ ਸੰਧੂ ਦੇ ਰਾਜ ਸਭਾ ਲਈ ਨਾਮਜ਼ਦ ਕੀਤੇ ਜਾਣ ਬਾਅਦ ਬਾਈ ਪ੍ਰਭ ਚੀਮਾ ਵੱਲੋਂ ਇਸ'ਤੇ ਸਟੋਰੀ ਕਰਨ ਲਈ ਕਿਹਾ ਗਿਆ ਸੀ।

ਸੰਵਿਧਾਨ ਦੇ ਚੌਥੇ ਸ਼ਡਿਊਲ'ਚ ਸ਼ਾਮਲ ਅਨੁਛੇਦ 80(1)a ਅਤੇ 80(3) ਰਾਸ਼ਟਰਪਤੀ ਨੂੰ ਇਹ ਸ਼ਕਤੀ ਦਿੰਦੇ ਹਨ ਕਿ ਉਹ ਕਲਾ,ਸਾਹਿਤ,ਵਿਗਿਆਨ ਤੇ ਲੋਕ ਸੇਵਾ'ਚ ਨਾਮਣਾ ਖੱਟਣ ਵਾਲੇ 12 ਵਿਅਕਤੀਆ ਨੂੰ ਰਾਜ ਸਭਾ ਲਈ ਨਾਮਜ਼ਦ ਕਰ ਸਕਦਾ ਹੈ।ਕਿਉਂਕਿ ਭਾਰਤ 'ਚ ਸੰਸਦੀ ਸਾਸ਼ਨ ਪ੍ਰਣਾਲੀ ਹੈ,ਸੋ ਰਾਸ਼ਟਰਪਤੀ ਨਾ-ਮਾਤਰ ਮੁਖੀ ਹੈ ਅਤੇ ਪ੍ਰਧਾਨ ਮੰਤਰੀ ਤੇ ਉਸਦੀ ਮੰਤਰੀ ਪਰਿਸ਼ਦ ਅਸਲੀ ਕਾਰਜਪਾਲਿਕਾ ਹੈ,ਸੋ ਅਸਲ 'ਚ ਅਸਿੱਧੇ ਰੂਪ'ਚ ਪ੍ਰਧਾਨ ਮੰਤਰੀ ਦੀ ਮਰਜ਼ੀ ਨਾਲ ਹੀ ਇਹ 12 ਜਣੇ ਤੈਅ ਹੁੰਦੇ ਹਨ।

ਰਾਜ ਸਭਾ ਦੇ ਕੁੱਲ 250 ਮੈਂਬਰ ਹੁੰਦੇ ਹਨ,ਉਹ ਵੱਖਰੀ ਗੱਲ ਹੈ 5 ਸੀਟਾਂ ਖ਼ਾਲੀ ਹੋਣ ਕਰਕੇ ਵਰਤਮਾਨ ਸਮੇਂ ਇਹ 245 ਹੀ ਹਨ।ਇਹਨਾਂ 250 ਚੋਂ 238 ਤਾਂ ਰਾਜਾਂ/UTs ਦੀਆਂ ਵਿਧਾਨ ਸਭਾਵਾਂ ਅਰਥਾਤ MLAs ਦੁਆਰਾ ਚੁਣੇ ਜਾਂਦੇ ਹਨ ਤੇ 12 ਮੈਂਬਰ ਉੱਪਰ ਦੱਸੇ ਅਨੁਸਾਰ ਰਾਸ਼ਟਰਪਤੀ ਦੁਆਰਾ ਨਾਜ਼ਮਦ ਕੀਤੇ ਜਾਂਦੇ ਹਨ।

**ਚੁਣੇ ਹੋਏ ਤੇ ਨਾਮਜ਼ਦ ਕੀਤੇ ਰਾਜ ਸਭਾ MP'ਚ ਅੰਤਰ**

ਦੋਵੇਂ ਤਰ੍ਹਾਂ ਦੇ ਮੈਂਬਰ ਬਰਾਬਰ ਤਨਖਾਹ ਤੇ ਭੱਤੇ ਲੈਂਦੇ ਹਨ।ਦੋਵੇਂ ਤਰ੍ਹਾਂ ਦੇ ਮੈਂਬਰਾਂ ਨੂੰ ਸਾਲ ਦੀ 5 ਕਰੋੜ ਦੀ ਰਾਸ਼ੀ MPLADS



ਸਤਨਾਮ ਸਿੰਘ ਸੰਧੂ

ਸਕੀਮ'ਚ ਗਰਾਂਟਾਂ ਲਈ ਮਿਲਦੀ ਹੈ।ਦੋਵੇਂ 6 ਸਾਲ ਲਈ ਚੁਣੇ ਜਾਂਦੇ ਹਨ।ਦੋਵੇਂ ਹੀ ਕੇਂਦਰ ਸਰਕਾਰ 'ਚ ਮੰਤਰੀ ਬਣ ਸਕਦੇ ਹੁੰਦੇ ਹਨ(ਉਹ ਅੱਡ ਗੱਲ ਹੈ ਕਿ ਅੱਜ ਤੱਕ ਕੋਈ ਨਾਮਜ਼ਦ ਮੈਂਬਰ ਪ੍ਰਧਾਨ ਮੰਤਰੀ/ਮੰਤਰੀ ਨਹੀਂ ਬਣਿਆ ਹੈ

ਫੇਰ ਫ਼ਰਕ ਕਿੱਥੇ ਹੈ ? ਹੈਗਾ !ਓਹੀ ਦੱਸਦੇ ਹਾਂ

(1)ਪਹਿਲਾ ਤਾਂ ਇਹ ਹੈ ਕਿ ਚੁਣਿਆ ਹੋਇਆ ਰਾਜ ਸਭਾ MP ਕਿਸੇ ਨਾ ਕਿਸੇ ਰਾਜ (ਜਾਂ ਦਿੱਲੀ,ਪਾਂਡੀਚਰੀ ਚ ਵਿਧਾਨ ਸਭਾਵਾਂ ਹੋਣ ਕਰਕੇ ਇਹਨਾਂ UTs )ਚੋਂ ਚੁਣ ਕੇ ਆਇਆ ਹੁੰਦਾ ਹੈ,ਸੋ ਉਹ ਸੰਬੰਧਤ ਰਾਜਾਂ ਜਾਂ ""' 'ਚ ਹੀ ਪੈਸਾ ਖਰਚ ਕਰ ਸਕਦੇ ਹਨ,ਪਰ ਨਾਮਜ਼ਦ ਮੈਂਬਰ ਦਾ ਕੋਈ ਅਜਿਹਾ ਰਾਜ ਜਾਂ ""' ਨਹੀਂ ਹੁੰਦਾ ਜਿੱਥੋਂ ਦੇ MLAs ਨੇ ਉਸ ਨੂੰ ਚੁਣ ਕੇ ਭੇਜਿਆ ਹੋਵੇ,ਸੋ ਉਹ ਪੂਰੇ ਦੇਸ਼'ਚ ਕਿਤੇ ਵੀ ਇਹ ਗਰਾਂਟ ਖਰਚ ਸਕਦਾ ਹੈ।

(2)ਰਾਜ ਸਭਾ ਦੇ ਚੁਣੇ ਹੋਏ ਮੈਂਬਰ ਰਾਸ਼ਟਰਪਤੀ ਤੇ ਉਪ-ਰਾਸ਼ਟਰਤੀ ਦੋਵਾਂ ਦੀ ਚੋਣ'ਚ ਭਾਗ ਲੈਂਦੇ ਹਨ,ਪਰ ਨਾਮਜ਼ਦ ਮੈਂਬਰ ਸਿਰਫ਼ ਉਪ-ਰਾਸ਼ਟਰਪਤੀ ਦੀ ਚੋਣ ਵਿੱਚ ਹੀ ਭਾਗ ਲੈ ਸਕਦੇ ਹਨ।

ਤੀਜੀ ਮਹੱਤਵਪੂਰਨ ਗੱਲ ਇਹ ਹੈ ਕਿ ਚਾਹੇ ਇਹ ਕਲਾ ਸਾਹਿਤ,ਵਿਗਿਆਨ ਤੇ ਲੋਕ ਸੇਵਾ'ਚ ਮਸ਼ਹੂਰ ਵਿਅਕਤੀ ਹੁੰਦੇ ਹਨ ਤੇ ਕਾਗਜ਼'ਤੇ ਨਿਰਪੱਖ ਤੇ ਅਜ਼ਾਦ ਹੁੰਦੇ ਹਨ,ਪਰ ਫੇਰ ਵੀ ਸੰਵਿਧਾਨ ਦੀ ਧਾਰਾ 99 ਇਹਨਾਂ ਨੂੰ ਇਹ ਆਗਿਆ ਦਿੰਦੀ ਹੈ ਕਿ ਉਹ 6 ਮਹੀਨਿਆਂ ਦੇ ਅੰਦਰ-ਅੰਦਰ ਕੋਈ ਵੀ ਪਾਰਟੀ ਜੁਆਇਨ ਕਰ ਸਕਦੇ ਹਨ,ਉਸ ਤੋਂ ਬਾਅਦ ਨਹੀਂ (ਇਹ ਤਾਂ ਸਪੱਸ਼ਟ ਹੈ ਕਿ ਉਹ ਸੱਤਾਧਾਰੀ ਪਾਰਟੀ ਹੀ ਜੁਆਇਨ ਕਰਨਗੇ) ਵਰਤਮਾਨ ਸਮੇਂ 12 ਨਾਮਜ਼ਦ ਮੈਂਬਰਾਂ ਚੋਂ 4 ਜਣੇ ਭਾਜਪਾ ਜੁਆਇਨ ਕਰੀ ਬੈਠੇ ਹਨ।

ਰਾਜ ਸਭਾ'ਚ ਹੁਣ ਤੱਕ ਨਾਮਜ਼ਦ ਪੰਜਾਬੀ :----

1# ਮੇਜਰ ਜਨਰਲ ਸਾਹਿਬ ਸਿੰਘ ਸੋਖੀ(ਡਾਕਟਰ) (1952-1956)

2# ਗੋਪਾਲ ਸਿੰਘ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਗਰੇਜ਼ੀ'ਚ ਅਨੁਵਾਦ ਕੀਤਾ) (1962-1968)

3# ਖ਼ੁਸ਼ਵੰਤ ਸਿੰਘ(ਲੇਖਕ,ਪੱਤਰਕਾਰ,ਵਕੀਲ ਤੇ ਡਿਪਲੋਮੈਟ) (1980-1986)

4# ਮਦਨ ਭਾਟੀਆ(ਵਕੀਲ) ਦੋ ਵਾਰ (1982-1988)ਤੇ (1988-1994)

5# ਅੰਮ੍ਰਿਤਾ ਪ੍ਰੀਤਮ(ਲੇਖਿਕਾ) (1986-1992)

6# ਭੁਪਿੰਦਰ ਸਿੰਘ ਮਾਨ(ਕਿਸਾਨ ਆਗੂ) (1990-1996)

7# ਕੁਲਦੀਪ ਨਈਅਰ(ਡਿਪਲੋਮੈਟ,ਪੱਤਰਕਾਰ ਤੇ ਲੇਖਕ) (1997-2003)

8# ਦਾਰਾ ਸਿੰਘ(ਪਹਿਲਵਾਨ ਤੇ ਅਭਿਨੇਤਾ) (2003-2009)

9# ਹਰੀ ਕ੍ਰਿਸ਼ਨ ਦੂਆ(ਪੱਤਰਕਾਰ) (2009-2015)

11# ਸਤਨਾਮ ਸਿੰਘ ਸੰਧੂ (Edu-cationalist) (2024-2030)

Jacknama Takeaway: ਤੁਸੀ ਗੌਰ ਨੀ ਕੀਤੀ ਮੈਂ 10ਵਾਂ ਨੰਬਰ ਛੱਡ ਦਿੱਤਾ ਹੈ।

ਇਹ ਨੰਬਰ ਛੱਡਿਆ ਗਿਆ ਹੈ ਨਵਜੋਤ ਸਿੰਘ ਸਿੱਧੂ ਲਈ, ਬਹੁਤ ਘੱਟ ਜਣੇ ਜਾਣਦੇ ਹੋਣਗੇ ਕਿ BJP ਨੇ ਸਿੱਧੂ ਨੂੰ ਆਪ'ਚ ਜਾਣ ਤੋਂ ਰੋਕਣ ਲਈ 28 ਅਪ੍ਰੈਲ 2016 ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਸੀ,ਪਰ ਸਿੱਧੂ ਠਹਿਰਿਆ ਆਪਣੀ ਮਰਜ਼ੀ ਕਰਨ ਵਾਲਾ ਉਹਨੇ ਛੇ ਸਾਲ ਲਈ ਦਿੱਤਾ ਇਹ ਅਹੁਦਾ ਛੇ ਮਹੀਨੇ ਵੀ ਨਾ ਰੱਖਿਆ ਤੇ 18 ਜੁਲਾਈ 2016 ਨੂੰ ਅਸਤੀਫਾ ਦੇ ਦਿੱਤਾ। ਬਾਅਦ'ਚ ਖਰ ਉਹ ਆਪ'ਚ ਤਾਂ ਨੀ ਗਿਆ ਸੀ।

ਪਰਗਟ ਸਿੰਘ ਤੇ ਬੈਂਸ ਭਰਾਵਾਂ ਨਾਲ ਰਲ ਕੇ ਸਤੰਬਰ'16 ਚ ਹੀ 'ਆਵਾਜ਼-ਏ-ਪੰਜਾਬ' ਫਰੰਟ ਬਣਾ ਲਿਆ ਸੀ।

PS: ਪੰਜਾਬ ਦੇ ਉਹ ਪੱਤਰਕਾਰ ਵੀਰ ਇਹ ਪੋਸਟ ਜ਼ਰੂਰ ਪੜ੍ਹਨ ਜਿਹਨਾਂ ਚੋਂ ਕਈ ਜਣੇ ਸੰਧੂ ਨੂੰ ਰਾਜ ਸਭਾ ਲਈ ਨਾਮਜ਼ਦ ਦੀ ਬਜਾਇ 'ਚੁਣੇ ਹੋਏ' ਕਹਿ ਰਹੇ ਹਨ।

Jacknama - ਜੈਕਨਾਮਾ

# ਕੈਂਸਰ ਨੂੰ ਹਰਾਉਣ ਵਾਲੇ "ਸਰਦਾਰ ਜੀ" ਨਾਲ ਕਿਵੇਂ ਸਲਮਾਨ ਖ਼ਾਨ ਨੇ ਮੁੜ ਮਿਲਣ ਦਾ ਵਾਅਦਾ ਨਿਭਾਇਆ




ਗਗਨਦੀਪ ਸਿੰਘ ਜੱਸੋਵਾਲ

ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਰਹਿਣ ਵਾਲੇ 9 ਸਾਲਾ ਜਗਨਬੀਰ ਨੂੰ 2018 ਵਿੱਚ ਬਲੱਡ ਕੈਂਸਰ ਹੋ ਗਿਆ ਸੀ।
ਉਸ ਵੇਲੇ ਜਗਨਬੀਰ ਦੀ ਉਮਰ ਮਹਿਜ਼ 4 ਸਾਲਾਂ ਦੀ ਸੀ।
ਜਗਨਬੀਰ ਨੂੰ ਇਲਾਜ ਲਈ ਮੁੰਬਈ ਲੈ ਕੇ ਜਾਣਾ ਪਿਆ ਸੀ।
ਉਸ ਵੇਲੇ ਜਗਨਬੀਰ ਦੇ ਮਾਪੇ ਉਸ ਨੂੰ ਇਹ ਕਹਿ ਕੇ ਮੁੰਬਈ ਲੈ ਕੇ ਗਏ ਸਨ ਕਿ ਉਹ ਜਗਨਬੀਰ ਨੂੰ ਉਸ ਦੇ ਮਨਪਸੰਦ ਐਕਟਰ ਸਲਮਾਨ ਖ਼ਾਨ ਨਾਲ ਮਿਲਵਾਉਣ ਲੈ ਕੇ ਜਾ ਰਹੇ ਹਨ।
ਮੁੰਬਈ ਪਹੁੰਚਣ ਤੋਂ ਬਾਅਦ ਉਨ੍ਹਾਂ ਦਾ ਟਾਟਾ ਮੈਮੋਰੀਅਲ ਹਸਪਤਾਲ ਵਿੱਚ ਇਲਾਜ (ਕੀਮੋਥੈਰੇਪੀ) ਸ਼ੁਰੂ ਹੋ ਗਿਆ।
ਉੱਥੇ ਜਦੋਂ ਜਗਨਬੀਰ ਨਾਲ ਹਸਪਤਾਲ ਦੇ ਵਿਚਲੇ ਮੁਲਾਜ਼ਮ ਜਾਂ ਹੋਰ ਲੋਕ ਗੱਲ ਕਰਦੇ ਤਾਂ ਉਹ ਇਹੋ ਕਹਿੰਦਾ, "ਮੈਂ ਤਾਂ ਮੁੰਬਈ ਸਲਮਾਨ ਖ਼ਾਨ ਸਰ ਨੂੰ ਮਿਲਣ ਲਈ ਆਇਆ ਹਾਂ।"
ਜਗਨਬੀਰ ਸਿੰਘ ਦੀ ਮਾਂ ਸੁਖਬੀਰ ਕੌਰ ਦੱਸਦੇ ਹਨ ਕਿ ਇਹ ਗੱਲ ਸਲਮਾਨ ਖ਼ਾਨ ਤੱਕ ਪਹੁੰਚ ਗਈ ਅਤੇ ਜਿਸ ਵੇਲੇ ਜਗਨਬੀਰ ਦੀ ਪਹਿਲੀ ਕੀਮੋਥੈਰੇਪੀ ਚੱਲ ਰਹੀ ਸੀ ਉਸ ਵੇਲੇ ਸਲਮਾਨ ਖ਼ਾਨ ਨੇ ਆ ਕੇ ਜਗਨਬੀਰ ਨੂੰ ਸਰਪ੍ਰਾਈਜ਼ ਦਿੱਤਾ ਅਤੇ ਉਸ ਦਾ ਹੱਥ ਫੜ ਲਿਆ।
ਉਨ੍ਹਾਂ ਨੇ ਕਿਹਾ, "ਸਰਦਾਰ ਜੀ ਪਛਾਣਿਆ ਕੌਣ?"
ਇਸ ਵੇਲੇ ਜਗਨਬੀਰ ਕੀਮੋਥੈਰੇਪੀ ਕਾਰਨ ਦਰਦ ਵਿੱਚ ਸੀ, ਉਹ ਸਲਮਾਨ ਖ਼ਾਨ ਦੀ ਅਵਾਜ਼ ਸੁਣਦਿਆਂ ਹੀ ਬਹੁਤ ਖੁਸ਼ ਹੋ ਗਿਆ।
ਜਗਨਬੀਰ ਨੇ ਕਿਹਾ, "ਮੈਂ ਕਿਵੇਂ ਵਿਸ਼ਵਾਸ ਕਰਾਂ ਕਿ ਤੁਸੀਂ ਹੀ ਸਲਮਾਨ ਹੋ?"
ਸੁਖਬੀਰ ਕੌਰ ਦੱਸਦੇ ਹਨ ਕਿ ਇਸ ਵੇਲੇ ਕੈਂਸਰ ਕਾਰਨ ਜਗਨਬੀਰ ਦੀ ਅੱਖਾਂ ਦੀ ਰੌਸ਼ਨੀ ਜਾ ਚੁੱਕੀ ਸੀ ਅਤੇ ਉਹ ਵੇਖ ਨਹੀਂ ਸਕਦਾ ਸੀ।
ਉਨ੍ਹਾਂ ਦੱਸਿਆ, "ਜਗਨਬੀਰ ਕਦੇ ਮੂੰਹ, ਕਦੇ ਡੌਲੇ ਅਤੇ ਕਦੇ ਸਲਮਾਨ ਦਾ ਬ੍ਰੈਸਲੈਟ ਹੱਥਾਂ ਨਾਲ ਟੋਹਣ ਲੱਗਾ।"
ਸਲਮਾਨ ਨੇ ਜਗਨਬੀਰ ਨੂੰ ਉਸ ਦੀ ਅੱਖਾਂ ਦੀ ਰੋਸ਼ਨੀ ਵਾਪਸ ਆਉਣ ਤੋਂ ਬਾਅਦ ਦੁਬਾਰਾ ਮਿਲਣ ਦਾ ਵਾਅਦਾ ਕੀਤਾ ਸੀ।
ਸਾਲ 2019 'ਚ 9 ਕੀਮੋਥੈਰੇਪੀ ਅਤੇ 4 ਰੇਡੀਏਸ਼ਨ ਥੈਰੇਪੀ ਹੋਣ ਤੋਂ ਬਾਅਦ ਡਾਕਟਰਾਂ ਨੇ ਜਗਨਬੀਰ ਨੂੰ ਕੈਂਸਰ ਮੁਕਤ ਐਲਾਨਿਆ ਸੀ।
ਜਗਨਬੀਰ ਦਾ ਇਲਾਜ ਸੱਤ ਮਹੀਨੇ ਦੇ ਕਰੀਬ ਚੱਲਿਆ ਸੀ।
ਹੌਲੀ ਹੌਲੀ ਜਗਨਬੀਰ ਦੀ ਅੱਖਾਂ ਦੀ ਰੌਸ਼ਨੀ ਵਾਪਸ ਆ ਗਈ।
ਜਗਨਬੀਰ ਪਿਛਲੇ ਸਾਲ ਮੁੰਬਈ ਵਿਚਲੇ ਹਸਪਤਾਲ ਵਿੱਚ ਚੈੱਕਅਪ ਲਈ ਗਿਆ ਅਤੇ ਇਸ ਵਾਰੀ ਉਹ ਸਲਮਾਨ ਨੂੰ ਦੇਖ ਵੀ ਸਕਿਆ ਅਤੇ ਉਨ੍ਹਾਂ ਨਾਲ ਸਮਾਂ ਵੀ ਬਿਤਾ ਸਕਿਆ।
ਜਗਨਬੀਰ ਨੇ ਦੱਸਿਆ, "ਸਲਮਾਨ ਖਾਨ ਨੇ ਮੈਨੂੰ ਪੁੱਛਿਆ, 'ਸਰਦਾਰ ਜੀ, ਆਪ ਨੇ ਬਹੁਤ ਦੇਰ ਲਗਾ ਦੀ ਪੰਜਾਬ ਸੇ ਆਨੇ ਮੇਂ।"
ਜਗਨਬੀਰ ਸਲਮਾਨ ਖਾਨ ਨੂੰ ਉਨ੍ਹਾਂ ਦੇ ਘਰ 1 ਦਸੰਬਰ 2023 ਨੂੰ ਮਿਲਿਆ ਸੀ।
ਕਿਵੇਂ ਹਸਪਤਾਲ ਨੇ ਜਗਨ ਦੀ ਸਲਮਾਨ ਖਾਨ ਨਾਲ ਪਹਿਲੀ ਮੁਲਾਕਾਤ ਕਾਰਵਾਈ
ਜਗਨਬੀਰ ਦੀ ਮਾਂ ਸੁਖਬੀਰ ਦੱਸਦੇ ਹਨ, "ਜਗਨਬੀਰ ਸਲਮਾਨ ਖਾਨ ਦਾ ਪ੍ਰਸ਼ੰਸਕ ਹੈ ਅਤੇ ਅਸੀਂ ਉਸ ਨੂੰ ਸਲਮਾਨ ਖ਼ਾਨ ਨੂੰ ਮਿਲਣ ਦੇ ਬਹਾਨੇ ਮੁੰਬਈ ਲੈ ਗਏ ਸੀ।
ਉਨ੍ਹਾਂ ਦੱਸਿਆ ਕਿ ਟਾਟਾ ਹਸਪਤਾਲ ਦਾ ਸਟਾਫ਼ ਉਸਨੂੰ 'ਸਰਦਾਰ ਜੀ' ਕਹਿ ਕੇ ਬੁਲਾਉਂਦਾ ਸੀ ਅਤੇ ਉਹ ਸਾਰਿਆਂ ਨੂੰ ਦੱਸਦਾ ਸੀ ਕਿ ਉਹ ਇੱਥੇ ਸਲਮਾਨ ਖ਼ਾਨ ਨੂੰ ਮਿਲਣ ਆਇਆ ਹੈ।
ਉਨ੍ਹਾਂ ਅੱਗੇ ਦੱਸਿਆ ਕਿ ਟਾਟਾ ਹਸਪਤਾਲ ਵਿੱਚ ਨਾਬਾਲਗ ਮਰੀਜ਼ਾਂ ਨੂੰ ਲੈਪਟਾਪ ਜਾਂ ਟੈਲੀਵਿਜ਼ਨ ਵਰਗੇ ਤੋਹਫੇ ਦਿੱਤੇ ਜਾਂਦੇ ਸੀ, ਪਰ ਜਗਨਬੀਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਸਲਮਾਨ ਖ਼ਾਨ ਨੂੰ ਮਿਲਣਾ ਚਾਹੁੰਦਾ ਹੈ।
"ਹਸਪਤਾਲ ਦੇ ਇੰਪਰੂਵਿੰਗ ਪੀਡੀਆਟ੍ਰਿਕ ਕੈਂਸਰ ਕੇਅਰ ਐਂਡ ਟ੍ਰੀਟਮੈਂਟ ਫਾਊਂਡੇਸ਼ਨ ਨੇ ਜਗਨਬੀਰ ਦਾ ਇੱਕ ਵੀਡੀਓ ਬਣਾਇਆ, ਅਤੇ ਇਕ ਸੰਸਥਾ ਇੰਪੈਕਟ ਨੇ ਸਲਮਾਨ ਤੱਕ ਪਹੁੰਚ ਕੀਤੀ। "
ਉਨ੍ਹਾਂ ਦੱਸਿਆ ਕਿ 7 ਨਵੰਬਰ 2018 ਨੂੰ ਸਲਮਾਨ ਖ਼ਾਨ ਜਗਨ ਨੂੰ ਮਿਲਣ ਆਏ ਉਸ ਸਮੇ ਜਗਨ ਦੀ ਕੀਮੋਥੈਰੇਪੀ ਚੱਲ ਰਹੀ ਸੀ ਤੇ ਉਸਨੂੰ ਦਿਖਾਈ ਨਹੀਂ ਦੇ ਰਿਹਾ ਸੀ।
ਉਨ੍ਹਾਂ ਦੱਸਿਆ, "ਸਲਮਾਨ ਨੇ ਜਗਨ ਨੂੰ ਪੁੱਛਿਆ, 'ਸਰਦਾਰ ਜੀ ਪਹਿਚਾਨਾ ਕੌਣ ?' ਫਿਰ ਜਗਨ ਨੇ ਸਲਮਾਨ ਦੇ ਮੋਢੇ, ਚਿਹਰੇ ਅਤੇ ਬਰੇਸਲੇਟ ਨੂੰ ਛੂਹਿਆ, ਫਿਰ ਵਿਸ਼ਵਾਸ ਕੀਤਾ ਕਿ ਉਹ ਅਸਲ ਵਿੱਚ ਸਲਮਾਨ ਖਾਨ ਹਨ ਅਤੇ ਉਹਨਾਂ ਨੇ ਅੱਧਾ ਘੰਟਾ ਉੱਥੇ ਜਗਨ ਨਾਲ ਬਿਤਾਇਆ।"
ਉਨ੍ਹਾਂ ਦੱਸਿਆ ਕਿ ਜਦੋਂ ਸਲਮਾਨ ਨੇ ਜਗਨ ਤੋਂ ਉਸ ਦੀ ਇੱਛਾ ਬਾਰੇ ਪੁੱਛਿਆ, ਤਾਂ ਜਗਨਬੀਰ, ਨੇ ਕਿਹਾ ਕਿ ਉਹ ਉਸਦੀ ਪਿੱਠ ਅਤੇ ਮੋਢੇ ਖੁਰਕਣ, ਅਤੇ ਸਲਮਾਨ ਨੇ ਅਜਿਹਾ ਕੀਤਾ।
ਸੁਖਬੀਰ ਨੇ ਅੱਗੇ ਕਿਹਾ, "ਜਗਨਬੀਰ ਨੇ ਸਲਮਾਨ ਖ਼ਾਨ ਨੂੰ ਕਿਹਾ ਕਿ ਇੱਕ ਵਾਰ ਦੇਖਣ ਦੀ ਤਮੰਨਾ ਸੀ, ਤਾਂ ਸਲਮਾਨ ਖਾਨ ਨੇ ਉਸ ਨੂੰ ਦੁਬਾਰਾ ਮਿਲਣ ਦਾ ਵਾਅਦਾ ਕੀਤਾ।"
ਸੁਖਬੀਰ ਦੱਸਦੇ ਹਨ ਕਿ ਜਗਨਬੀਰ ਦੇ ਕੈਂਸਰ ਮੁਕਤ ਹੋਣ ਤੋਂ ਬਾਅਦ ਉਹ 2019 ਵਿੱਚ ਪੰਜਾਬ ਵਾਪਸ ਆ ਗਏ ਸਨ।ਉਨ੍ਹਾਂ ਦੱਸਿਆ ਕਿ ਹੌਲੀ-ਹੌਲੀ ਜਗਨਬੀਰ ਦੀ ਅੱਖਾਂ ਦੀ ਰੌਸ਼ਨੀ ਵੀ 90 ਫ਼ੀਸਦੀ ਵਾਪਸ ਆ ਗਈ।



ਕਿਵੇਂ ਹੋਈ ਸਲਮਾਨ ਖਾਨ ਨਾਲ ਪੰਜ ਸਾਲਾਂ ਬਾਅਦ ਮੁਲਾਕਾਤ
ਜਗਨਬੀਰ ਨੇ ਸਲਮਾਨ ਖਾਨ ਨਾਲ ਉਨ੍ਹਾਂ ਦੇ ਘਰ ਕਾਫ਼ੀ ਸਮਾਂ ਬਿਤਾਇਆ ਅਤੇ ਗੱਲਾਂ ਕੀਤੀਆਂ
ਸੁਖਬੀਰ ਨੇ ਦੱਸਿਆ ਉਹ ਪਿਛਲੇ ਸਾਲ 29 ਨਵੰਬਰ ਨੂੰ ਜਗਨਬੀਰ ਦੀ ਸਾਲਾਨਾ ਜਾਂਚ ਲਈ ਮੁੰਬਈ ਗਏ ਸਨ।
ਉਨ੍ਹਾਂ ਦੱਸਿਆ, "ਸਾਨੂੰ ਟਾਟਾ ਮੈਮੋਰੀਅਲ ਹਸਪਤਾਲ ਦੇ ਡਾਇਰੈਕਟਰ ਦਾ ਫੋਨ ਆਇਆ ਕਿ ਉਨ੍ਹਾਂ ਕੋਲ ਜਗਨਬੀਰ ਲਈ ਸਰਪ੍ਰਾਈਜ਼ ਹੈ, ਉਨ੍ਹਾਂ ਨੇ ਦੱਸਿਆ ਕਿ ਸਲਮਾਨ ਖਾਨ ਨੇ ਜਗਨਬੀਰ ਨੂੰ 1 ਦਸੰਬਰ ਨੂੰ ਆਪਣੇ ਘਰ ਬੁਲਾਇਆ ਹੈ।"
ਉਨ੍ਹਾਂ ਦੱਸਿਆ, "ਜਦੋਂ ਅਸੀਂ ਸਲਮਾਨ ਦੇ ਘਰ ਗਏ, ਅਤੇ ਉਹ ਸਾਨੂੰ ਲੈਣ ਲਈ ਬਾਹਰ ਆਏ ਅਤੇ ਉਨ੍ਹਾਂ ਨੇ ਬਗੀਚੇ ਵਿੱਚ ਸਮਾਂ ਬਿਤਾਇਆ ਅਤੇ ਜਗਨ ਨੂੰ ਪੁੱਛਿਆ, 'ਸਰਦਾਰ ਜੀ ਤੁਸੀਂ ਕਿਵੇਂ ਹੋ?'।
ਜਗਨਬੀਰ ਨੇ ਦੱਸਿਆ, "ਸਲਮਾਨ ਨੇ ਲੁਧਿਆਣਾ 'ਚ ਮੇਰੇ ਵੱਡੇ ਭਰਾ ਨਾਲ ਵੀਡਿਓ ਕਾਲ 'ਤੇ ਗੱਲ ਕੀਤੀ। ਮੈਂ ਉਨ੍ਹਾਂ ਨੂੰ ਦੱਸਿਆ ਸੀ ਕਿ ਮੈਂ ਉਸ ਦੀਆਂ 50 ਫ਼ਿਲਮਾਂ ਦੇਖੀਆਂ ਹਨ।"
ਸਾਲ 2018 ਵਿੱਚ ਕੈਂਸਰ ਬਾਰੇ ਕਿਵੇਂ ਪਤਾ ਲਗਾ?
ਜਗਨਬੀਰ ਦੀ ਦਾਦੀ ਹਰਜੀਤ ਕੌਰ ਨੇ ਦੱਸਿਆ ਕਿ ਸਾਲ 2018 ਦੇ ਸਤੰਬਰ ਮਹੀਨੇ ਵਿੱਚ ਜਗਨਬੀਰ ਉਨ੍ਹਾਂ ਨਾਲ ਪਾਰਕ ਵਿੱਚ ਖੇਡਣ ਗਿਆ ਸੀ ਜਿੱਥੇ ਉਹ ਡਿੱਗ ਪਿਆ ਅਤੇ ਉਲਟੀਆਂ ਕਰਨ ਲੱਗ ਪਿਆ।
ਫਿਰ ਆਲੇ ਦੁਆਲੇ ਦੇ ਲੋਕ ਜਗਨਬੀਰ ਨੂੰ ਚੱਕ ਕੇ ਸਾਡੇ ਘਰ ਛੱਡ ਕੇ ਗਏ।
ਜਗਨਬੀਰ ਸਿੰਘ ਦੀ ਮਾਤਾ ਸੁਖਬੀਰ ਕੌਰ ਨੇ ਦੱਸਿਆ, "ਜਗਨਬੀਰ ਸਿੰਘ ਦੇ ਕਈ ਵਾਰ ਚੈਕਅੱਪ ਹੋਏ ਪਰ ਕਿਸੇ ਵੀ ਡਾਕਟਰ ਨੂੰ ਅਸਲ ਸਮੱਸਿਆ ਦਾ ਪਤਾ ਨਹੀਂ ਲੱਗਾ। ਜਗਨਬੀਰ ਨੇ ਦਿਨ ਵਿਚ 18-18 ਘੰਟੇ ਸੌਣਾ ਸ਼ੁਰੂ ਕਰ ਦਿੱਤਾ ਅਤੇ ਦਿਨ ਵਿੱਚ ਕਈ ਕਈ ਵਾਰੀ ਉਲਟੀਆਂ ਕਰਨ ਲੱਗਾ ਸੀ।"
ਸੁਖਬੀਰ ਦੱਸਦੇ ਹਨ, "ਅਸੀਂ 30 ਸਤੰਬਰ, 2018 ਨੂੰ ਫਤਿਹਗੜ੍ਹ ਸਾਹਿਬ ਦੇ ਗੁਰਦੁਆਰਾ ਜੋਤੀ ਸਰੂਪ ਵਿਖੇ ਮੱਥਾ ਟੇਕਣ ਲਈ ਗਏ ਸੀ ਜਿੱਥੇ ਜਗਨਬੀਰ ਨੂੰ ਦਿਖਣਾ ਬੰਦ ਹੋ ਗਿਆ, ਉਸ ਨੂੰ ਆਪਣੇ ਪਿਤਾ ਅਤੇ ਹੋਰ ਚੀਜ਼ਾਂ ਬਾਰੇ ਪਤਾ ਨਹੀਂ ਲੱਗ ਰਿਹਾ ਸੀ।
ਉਨ੍ਹਾਂ ਦੱਸਿਆ ਕਿ ਉਹ ਆਪਣੇ ਸ਼ਹਿਰ ਵਿਚਲੇ ਹੀ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਲਈ ਜਗਨਬੀਰ ਨੂੰ ਲੈ ਕੇ ਗਏ ਉੱਥੇ ਜਾਂਚ ਵਿੱਚ ਇਸ ਗੰਭੀਰ ਬਿਮਾਰੀ ਬਾਰੇ ਉਨ੍ਹਾਂ ਨੂੰ ਪਤਾ ਲੱਗਾ ਸੀ।
ਜਗਨਬੀਰ ਦੇ ਪਿਤਾ ਪੁਸ਼ਪਿੰਦਰ ਸਿੰਘ ਦੱਸਦੇ ਹਨ ਕਿ ਇਸ ਤੋਂ ਅਗਲੇ ਦਿਨ ਹੀ ਇੱਕ ਡਾਕਟਰ ਦੀ ਸਲਾਹ ਉੱਤੇ ਉਹ ਆਪਣੇ ਪੁੱਤਰ ਦੇ ਇਲਾਜ ਲਈ ਮੁੰਬਈ ਚਲੇ ਗਏ।
ਸੁਖਬੀਰ ਕੌਰ ਦੱਸਦੇ ਹਨ, "ਸਾਨੂੰ ਮੁੰਬਈ ਵਿੱਚ ਪਤਾ ਲੱਗਾ ਕਿ ਜਗਨਬੀਰ ਬਲੱਡ ਕੈਂਸਰ ਤੋਂ ਪੀੜਤ ਹੈ ਅਤੇ ਉਸ ਦੇ ਮੱਥੇ ਵਿੱਚ ਸਿੱਕੇ ਦੇ ਆਕਾਰ ਦੀ ਕੈਂਸਰ ਵਾਲੀ ਰਸੌਲੀ ਹੈ, ਜਿਸਦਾ ਨਸਾਂ 'ਤੇ ਦਬਾਅ ਪੈਣ ਕਾਰਨ ਉਸ ਦੀ ਅਚਾਨਕ ਨਜ਼ਰ ਕਮਜ਼ੋਰ ਹੋ ਗਈ ਸੀ।"
ਸੁਖਬੀਰ ਕੌਰ ਦੱਸਦੇ ਹਨ ਕਿ ਡਾਕਟਰਾਂ ਨੇ ਜਗਨਬੀਰ ਦੇ ਨੱਕ ਰਾਹੀਂ ਟਿਊਮਰ ਕੱਢਿਆ ਅਤੇ ਕਿਉਂਕਿ ਕੈਂਸਰ ਤੇਜ਼ੀ ਨਾਲ ਫੈਲ ਰਿਹਾ ਸੀ ਤੇ ਡਾਕਟਰ ਨੇ ਕੀਮੋਥੈਰੇਪੀ ਦੀ ਸਿਫ਼ਾਰਸ਼ ਕੀਤੀ।
ਉਨ੍ਹਾਂ ਦੱਸਿਆ ਕਿ ਅਗਲੇ ਇਲਾਜ ਲਈ ਉਹ ਜਗਨਬੀਰ ਨੂੰ ਟਾਟਾ ਹਸਪਤਾਲ ਲੈ ਗਏ ਸਨ।
ਉਨ੍ਹਾਂ ਦੱਸਿਆ ਕਿ ਉਹ ਇਲਾਜ ਦੇ ਦੌਰਾਨ ਮੁੰਬਈ ਦੇ ਦਾਦਰ ਵਿਚਲੇ ਗੁਰਦੁਆਰਾ ਸਾਹਿਬ ਵਿੱਚ ਹੀ ਠਹਿਰੇ ਹੋਏ ਸਨ।
ਹੋਰ ਕੈਂਸਰ ਦੇ ਮਰੀਜ਼ਾਂ ਨੂੰ ਪ੍ਰੇਰਿਤ ਕਰ ਰਿਹਾ
ਸੁਖਬੀਰ ਕੌਰ ਨੇ ਦੱਸਿਆ ਕਿ ਟਾਟਾ ਹਸਪਤਾਲ ਤੋਂ ਕੈਂਸਰ ਦੇ ਕਈ ਮਰੀਜ਼ ਜਗਨਬੀਰ ਨੂੰ ਅਕਸਰ ਫੋਨ ਕਰਦੇ ਹਨ।
ਜਗਨਬੀਰ ਨੇ ਦੱਸਿਆ ਕਿ ਉਹ ਸਾਰਿਆਂ ਨੂੰ ਇਹੀ ਕਹਿੰਦਾ ਹੈ ਕਿ ਜੇਕਰ ਉਹ ਬੱਚਾ ਹੋਣ ਕਰਕੇ ਕੈਂਸਰ ਨੂੰ ਹਰਾ ਸਕਦਾ ਹੈ ਤਾਂ ਉਹ ਕਿਉਂ ਨਹੀਂ ਕਰ ਸਕਦੇ।
ਜਗਨਬੀਰ ਨੇ ਦੱਸਿਆਂ ਕਿ ਉਹ ਸਿਰਫ਼ ਉਨ੍ਹਾਂ ਨੂੰ ਦੱਸਦਾ ਹੈ ਕਿ ਕੈਂਸਰ ਨੂੰ ਹਰਾਉਣਾ ਸਿਰਫ ਮਨ ਦੀ ਖੇਡ ਹੈ।
ਸੁਖਬੀਰ ਨੇ ਦੱਸਿਆ ਕਿ ਜਗਨ ਦੀ ਨਜ਼ਰ 90 ਫੀਸਦੀ ਵਾਪਸ ਆ ਗਈ ਹੈ ਅਤੇ ਉਹ ਵੱਡੇ ਫੌਂਟ ਨਾਲ ਪੜ੍ਹ ਸਕਦਾ ਹੈ। ਪੁਸ਼ਪਿੰਦਰ ਸਿੰਘ ਕਹਿੰਦਾ ਹਨ ਕਿ, "ਜਗਨ ਰੋਜ਼ ਸਕੂਲ ਜਾਂਦਾ ਹੈ, ਕ੍ਰਿਕੇਟ ਖੇਡਦਾ ਹੈ, ਸਕੇਟਿੰਗ ਕਰਦਾ ਹੈ ਅਤੇ ਭੰਗੜਾ ਵੀ ਪਾਉਂਦਾ ਹੈ।"
ਇੱਕ ਪ੍ਰੈਸ ਬਿਆਨ ਵਿੱਚ, ਇੰਪੈਕਟ ਫਾਊਂਡੇਸ਼ਨ ਨੇ ਕਿਹਾ ਕਿ ਸਲਮਾਨ ਖਾਨ ਨੇ ਕਿਹਾ ਕਿ ਜਗਨ ਨਾ ਸਿਰਫ ਆਪਣੇ ਕੈਂਸਰ ਨਾਲ ਬਹਾਦਰੀ ਨਾਲ ਲੜਿਆ, ਸਗੋਂ ਉਸਦੇ ਮਾਤਾ-ਪਿਤਾ ਨੂੰ ਹਮੇਸ਼ਾ ਦਿਲਾਸਾ ਦਿੱਤਾ ਕਿ ਸਭ ਕੁਝ ਠੀਕ ਹੋ ਜਾਵੇਗਾ।



# ਸਚਿਨ ਤੇਂਦੁਲਕਰ, ਜੈਕੀ ਸ਼ਰਾਫ ਅਤੇ ਨੀਰਵ ਮੋਦੀ ਸਮੇਤ 380 ਭਾਰਤੀਆਂ 'ਤੇ ਵਿੱਤੀ ਬੇਨਿਯਮੀਆਂ ਦਾ ਸ਼ੱਕ

ਨਵੀਂ ਦਿੱਲੀ - ਦਿ ਇੰਡੀਅਨ ਐਕਸਪ੍ਰੈੱਸ ਦੀ ਜਾਂਚ ਰਿਪੋਰਟ ਮੁਤਾਬਕ ਪੰਡੋਰਾ ਪੇਪਰਸ ਵਿਚ ਉਦਯੋਗਪਤੀ ਤੋਂ ਲੈ ਕੇ ਅਤੇ ਭਗੌੜੇ ਕਾਰੋਬਾਰੀਆਂ ਸਮੇਤ 380 ਭਾਰਤੀਆਂ ਦੇ ਨਾਂ ਸ਼ਾਮਲ ਪਾਏ ਗਏ
ਅਖਬਾਰ ਦੀ ਜਾਂਚ 'ਚ ਗੌਤਮ ਸਿੰਘਾਨੀਆ ਤੋਂ ਲੈ ਕੇ ਲਲਿਤ ਗੋਇਲ ਅਤੇ ਮਾਲਵਿੰਦਰ ਸਿੰਘ ਦੇ ਇਲਾਵਾ ਉਦਯੋਗਪਤੀ ਅਨਿਲ ਅੰਬਾਨੀ, ਭਗੌੜੇ ਨੀਰਵ ਮੋਦੀ, ਕ੍ਰਿਕਟਰ ਸਚਿਨ ਤੇਂਦੁਲਕਰ, ਜੈਕੀ ਸ਼ਰਾਫ, ਨੀਰਾ ਰਾਡੀਆ, ਹਰੀਸ਼ ਸਾਲਵੇ ਸਮੇਤ ਕਈ ਵੱਡੇ ਨਾਂ ਸ਼ਾਮਲ ਹਨ ਅਤੇ ਇਨ੍ਹਾਂ ਨਾਵਾਂ ਖਿਲਾਫ ਕਾਰਵਾਈ ਵੀ ਸ਼ੁਰੂ ਚੁੱਕੀ ਹੈ।
ਅਖਬਾਰ ਦੀ ਰਿਪੋਰਟ ਅਨੁਸਾਰ ਇਸ ਲਿਸਟ ਵਿਚ ਜਿਨ੍ਹਾਂ ਲੋਕਾਂ ਦੇ ਨਾਂ ਹਨ, ਉਨ੍ਹਾਂ ਦੇ ਕੰਪਲੈਕਸ ਦੀ ਤਲਾਸ਼ੀ ਲਈ ਸੰਮਨ, ਜਾਇਦਾਦ ਜ਼ਬਤ ਕਰਨ ਲਈ ਬਿਆਨ ਦਰਜ ਕਰਨਾ, ਇਨਕਮ ਟੈਕਸ ਅਤੇ ਆਰ. ਬੀ. ਆਈ. ਤੋਂ ਜਾਣਕਾਰੀ ਲੈਣ ਦੇ ਕੰਮ ਵਿਚ ਏਜੰਸੀਆਂ ਦੀ ਜਾਂਚ ਤੇਜ਼ ਹੋ ਹੋਈ ਹੈ। ਪੌਂਡੋਰਾ ਪੇਪਰਸ ਵਿਚ 14 ਆਫਸ਼ੋਰ ਸੇਵਾ ਪ੍ਰਦਾਤਾਵਾਂ ਦੇ 1 ਕਰੋੜ 19 ਲੱਖ ਗੁਪਤ ਦਸਤਾਵੇਜ਼ਾਂ ਦਾ ਜ਼ਿਕਰ ਹੈ।
ਇਸ ਵਿਚ ਰਿਚ ਲੋਕਾਂ ਵੱਲੋਂ ਆਪਣੇ ਗਲੋਬਲ ਮਨੀ ਫਲੋ ਨੂੰ ਮੈਨੇਜ ਕਰਨ ਲਈ ਵਰਤੀਆਂ ਜਾਣ ਵਾਲੀਆਂ 29,000 ਆਫਸ਼ੋਰ ਸੰਸਥਾਵਾਂ ਦੀ ਮਾਲਕੀ ਦੀ ਜਾਣਕਾਰੀ ਦਿੱਤੀ ਗਈ ਹੈ। ਇਹ ਡਾਟਾ ਇੰਟਰਨੈਸ਼ਨਲ ਕੰਸੋਟੋਰੀਅਮ ਆਫ ਇਨਵੈਸਟੀਗੇਟਿਵ ਜਰਨਲਿਸਟਸ ਵੱਲੋਂ ਪ੍ਰਾਪਤ ਕੀਤਾ ਗਿਆ ਹੈ ਅਤੇ 150 ਮੀਡੀਆ ਪਾਰਟਰਜ਼ ਨਾਲ ਨਾਲ ਸ਼ੇਅਰ ਕੀਤਾ ਗਿਆ ਹੈ।
ਕੇਂਦਰ ਸਰਕਾਰ ਨੇ ਜਾਂਚ ਦੀ ਅਗਵਾਈ ਕਰਨ ਲਈ ਮਲਟੀ-ਏਜੰਸੀ ਗਰੁੱਪ ਬਣਾਉਣ ਦਾ ਐਲਾਨ ਕੀਤਾ ਹੈ। ਇਸ ਤੋਂ ਬਾਅਦ ਆਮਦਨ ਕਰ ਵਿਭਾਗ ਨੇ ਜ਼ਿਆਦਾਤਰ ਭਾਰਤੀ ਨਾਗਰਿਕਾਂ ਨੂੰ ਨਿਰਦੇਸ਼ ਭੇਜੇ ਹਨ। ਇਸ ਰਿਪੋਰਟ ਦੇ ਖੁਲਾਸੇ ਤੋਂ ਬਾਅਦ ਆਉਣ ਵਾਲੇ ਦਿਨਾਂ ਵਿਚ ਜਾਂਚ ਦਾ ਦਾਇਰਾ ਹੋਰ ਵਧਣ ਦੀ ਸੰਭਾਵਨਾ ਹੈ ਅਤੇ ਕਈ ਵੱਡੇ ਨਾਵਾਂ ਦਾ ਪਰਦਾਫਾਸ਼ ਹੋ ਸਕਦਾ ਹੈ।

## ਅਨਿਲ ਅੰਬਾਨੀ

ਪੌਂਡੋਰਾ ਪੇਪਰਸ ਦੇ ਅਨੁਸਾਰ ਏ. ਡੀ. ਏ. ਸਮੂਹ ਦੇ ਚੇਅਰਮੈਨ ਅਨਿਲ ਅੰਬਾਨੀ ਅਤੇ ਉਨ੍ਹਾਂ ਦੇ ਪ੍ਰਤੀਨਿਧੀ ਜਰਸੀ (ਬ੍ਰਿਟਿਸ਼ ਵਰਜਿਨ ਆਈਲੈਂਡਜ਼) ਅਤੇ ਸਾਈਪ੍ਰਸ ਵਿੱਚ ਘੱਟੋ-ਘੱਟ 18 ਆਫਸ਼ੋਰ ਕੰਪਨੀਆਂ ਦੇ ਮਾਲਕ ਹਨ। 2007 ਅਤੇ 2010 ਦੇ ਵਿਚਕਾਰ ਸਥਾਪਿਤ ਇਨ੍ਹਾਂ ਵਿਚੋਂ ਸੱਤ ਕੰਪਨੀਆਂ ਨੇ ਘੱਟੋ-ਘੱਟ 1.3 ਬਿਲੀਅਨ ਡਾਲਰ ਦਾ ਉਧਾਰ ਲਿਆ ਅਤੇ ਨਿਵੇਸ਼ ਕੀਤਾ। ਇਨ੍ਹਾਂ ਕੰਪਨੀਆਂ ਦਾ ਪ੍ਰਬੰਧਨ ਕਰਨ ਵਾਲੇ ਸੇਵਾ ਪ੍ਰਦਾਤਾਵਾਂ ਨੇ ਕਿਹਾ ਕਿ ਬੈਂਕਾਂ ਤੋਂ ਉਨ੍ਹਾਂ ਦੇ ਕਰਜ਼ੇ ਦੀ ਗਾਰੰਟੀ ਰਿਲਾਇੰਸ (ਅਨਿਲ ਅੰਬਾਨੀ) ਦੁਆਰਾ ਦਿੱਤੀ ਗਈ ਸੀ। ਅੰਬਾਨੀ ਦੇ ਵਕੀਲ ਨੇ ਉਦੋਂ ਕਿਹਾ ਸੀ ਕਿ ਸਾਰੇ ਖੁਲਾਸੇ ਭਾਰਤੀ ਕਾਨੂੰਨ ਦੀ ਪਾਲਣਾ ਕਰਦੇ ਹੋਏ ਕੀਤੇ ਗਏ ਸਨ।




ਜਾਂਚ ਅਪਡੇਟ: ਈ. ਡੀ. ਨੇ ਤਿੰਨ ਭਾਰਤੀ ਕੰਪਨੀਆਂ ਤੋਂ ਰਿਪੋਰਟ ਕੀਤੀਆਂ ਸੰਸਥਾਵਾਂ ਬਾਰੇ ਜਾਣਕਾਰੀ ਮੰਗੀ ਹੈ। ਅਨਿਲ ਅੰਬਾਨੀ ਅਤੇ ਉਨ੍ਹਾਂ ਦੀ ਪਤਨੀ ਟੀਨਾ ਅੰਬਾਨੀ ਨੂੰ ਫੇਮਾ ਦੀਆਂ ਧਾਰਾਵਾਂ ਤਹਿਤ ਤਲਬ ਕੀਤਾ ਗਿਆ ਸੀ ਅਤੇ ਈ.ਡੀ. ਦੇ ਮੁੰਬਈ ਦਫ਼ਤਰ ਵਿੱਚ ਉਨ੍ਹਾਂ ਦੇ ਬਿਆਨ ਦਰਜ ਕੀਤੇ ਗਏ ਹਨ।

## ਗੌਤਮ ਸਿੰਘਾਨੀਆ

ਪੌਂਡੋਰਾ ਪੇਪਰਸ ਦੇ ਅਨੁਸਾਰ ਰੇਮੰਡ ਲਿਮਟਿਡ ਦੇ ਚੇਅਰਮੈਨ ਗੌਤਮ ਹਰੀ ਸਿੰਘਾਨੀਆ ਨੇ 2008 ਵਿਚ ਬ੍ਰਿਟਿਸ਼ ਵਰਜਿਨ ਆਇਰਲੈਂਡ (ਬੀ.ਵੀ.ਆਈ.) ਵਿੱਚ ਦੋ ਕੰਪਨੀਆਂ ਹਾਸਲ ਕੀਤੀਆਂ ਸਨ। ਪਹਿਲੀ ਕੰਪਨੀ ਦਾ ਨਾਮ ਡੇਰਾਸ ਵਰਲਡਵਾਈਡ ਕਾਰਪੋਰੇਸ਼ਨ ਹੈ ਅਤੇ ਉਹ ਇਸ ਕੰਪਨੀ ਵਿੱਚ ਲਾਭਕਾਰੀ ਮਾਲਕ ਹੈ ਜਦੋਂ ਕਿ ਦੂਜੀ ਕੰਪਨੀ ਦਾ ਨਾਮ ਲਿੰਡਨਵਿਲੇ ਹੋਲਡਿੰਗਜ਼ ਲਿਮਟਿਡ ਹੈ ਜਿਸ ਵਿੱਚ ਸਿੰਘਾਨੀਆ ਅਤੇ ਉਸਦੇ ਪਿਤਾ ਵਿਜੇਪਤ ਸਿੰਘਾਨੀਆ ਨੂੰ ਸ਼ੇਅਰਧਾਰਕਾਂ ਵਜੋਂ ਦਰਸਾਇਆ ਗਿਆ ਹੈ। ਇਹ ਕੰਪਨੀ 2016 ਵਿੱਚ ਬੰਦ ਹੋ ਗਈ ਸੀ।
ਜਾਂਚ ਅੱਪਡੇਟ: FEMA ਦੀ ਜਾਂਚ ਸ਼ੁਰੂ ਹੋਣ ਤੋਂ ਬਾਅਦ, BVI ਨੂੰ ਇੱਕ ਬੇਨਤੀ ਭੇਜੀ ਗਈ ਸੀ ਅਤੇ ਜਵਾਬ ਇਹ ਸੀ ਕਿ ਸਵਾਲ ਵੀ RBI ਨੂੰ ਭੇਜੇ ਗਏ ਸਨ। ਇਨਕਮ ਟੈਕਸ ਵਿਭਾਗ ਤੋਂ ਸਿੰਘਾਨੀਆ ਪਰਿਵਾਰ ਦੇ ਕਿਸੇ ਵੀ ਮੈਂਬਰ ਵਿਰੁੱਧ ਬਲੈਕ ਮਨੀ ਐਕਟ ਦੇ ਤਹਿਤ ਕੇਸਾਂ ਦੀ ਜਾਣਕਾਰੀ ਵੀ ਮੰਗੀ ਗਈ ਹੈ। ਗੌਤਮ ਸਿੰਘਾਨੀਆ ਅਤੇ ਉਨ੍ਹਾਂ ਦੇ ਪਿਤਾ ਵਿਜੇਪਤ ਸਿੰਘਾਨੀਆ ਨੂੰ ਤਿੰਨ ਸੰਮਨ ਭੇਜੇ ਗਏ ਹਨ।

## ਸਚਿਨ ਤੇਂਦੁਲਕਰ

ਪੰਡੋਰਾ ਪੇਪਰਸ ਦੇ ਅਨੁਸਾਰ, ਸਚਿਨ ਤੇਂਦੁਲਕਰ ਅਤੇ ਉਸਦੇ ਪਰਿਵਾਰਕ ਮੈਂਬਰ ਬ੍ਰਿਟਿਸ਼ ਵਰਜਿਨ ਆਇਰਲੈਂਡ (ਬੀਵੀਆਈ) ਕੰਪਨੀ ਸਾਸ ਇੰਟਰਨੈਸ਼ਨਲ ਲਿਮਟਿਡ ਦੇ ਲਾਭਕਾਰੀ ਮਾਲਕ ਸਨ। ਸਾਸ ਇੰਟਰਨੈਸ਼ਨਲ ਨੂੰ 2016 ਵਿੱਚ ਪਨਾਮਾ ਪੇਪਰਜ਼ ਤੋਂ ਤੁਰੰਤ ਬਾਅਦ ਬੰਦ ਕਰ ਦਿੱਤਾ ਗਿਆ ਸੀ। ਜਦੋਂ ਇਹ ਬੰਦ ਹੋ ਗਿਆ ਸੀ, ਤਾਂ ਕੰਪਨੀ ਦੇ ਸ਼ੇਅਰ ਸ਼ੇਅਰਧਾਰਕਾਂ (ਤੇਂਦੁਲਕਰ, ਉਸਦੀ ਪਤਨੀ ਅੰਜਲੀ ਤੇਂਦੁਲਕਰ ਅਤੇ ਉਸਦੇ ਪਿਤਾ) ਦੁਆਰਾ ਵਾਪਸ ਖਰੀਦ ਲਏ ਗਏ ਸਨ। ਪਰਿਵਾਰ ਨੂੰ ਪਾਂਡੋਰਾ ਪੇਪਰਸ ਵਿਚ ਸਿਆਸੀ ਤੌਰ 'ਤੇ ਬੇਨਕਾਬ ਵਿਅਕਤੀਆਂ ਵਜੋਂ ਸੂਚੀਬੱਧ ਕੀਤਾ ਗਿਆ ਹੈ ਕਿਉਂਕਿ ਸਚਿਨ ਤੇਂਦੁਲਕਰ ਵੀ ਸਾਬਕਾ ਸੰਸਦ ਮੈਂਬਰ ਸਨ।
ਜਾਂਚ ਅੱਪਡੇਟ: ਫੇਮਾ ਦੀ ਵਰਤੋਂ ਕਰਦੇ ਹੋਏ ਈ. ਡੀ. ਨੇ ਕ੍ਰਿਕੇਟ ਸਟਾਰ ਸਚਿਨ ਤੇਂਦੁਲਕਰ ਦੇ ਆਈ. ਟੀ. ਆਰ. ਵੇਰਵੇ ਮੰਗਣ ਲਈ ਆਮਦਨ ਕਰ ਨੂੰ ਇਕ ਪੱਤਰ ਭੇਜਿਆ ਹੈ। ਸਚਿਨ ਤੇਂਦੁਲਕਰ ਦੀ ਕੰਪਨੀ ਦੇ ਸੀ.ਈ.ਓ ਅਤੇ ਉਨ੍ਹਾਂ ਦੇ ਚਾਰਟਰਡ ਅਕਾਊਂਟੈਂਟ ਨੂੰ ਐੱਸ .ਏ. ਏ.ਐੱਸ. ਬਾਰੇ ਜਾਣਕਾਰੀ ਲੈਣ ਲਈ ਨਿਰਦੇਸ਼ ਭੇਜੇ ਗਏ ਸਨ। ਅਗਲੇਰੀ ਜਾਂਚ ਜਾਰੀ ਹੈ।

## ਨੀਰਾ ਰਾਡੀਆ

ਪੌਂਡੋਰਾ ਪੇਪਰਸ ਮੁਤਾਬਕ ਨੀਰਾ ਰਾਡੀਆ ਕਰੀਬ ਇੱਕ ਦਰਜਨ ਆਫਸ਼ੋਰ ਕੰਪਨੀਆਂ ਦੀ ਮਾਲਕ ਹੈ। ਰਿਕਾਰਡਾਂ ਵਿਚ ਭਾਰੀ ਵਿੱਤੀ ਲੈਣ-ਦੇਣ ਵਾਲੀਆਂ ਈ-ਮੇਲਾਂ ਦਿਖਾਈਆਂ ਗਈਆਂ। ਉਸਨੇ ਇੱਕ ਬੀ. ਵੀ. ਆਈ. ਕੰਪਨੀ ਦੁਆਰਾ ਦੁਬਈ ਵਿੱਚ 251,500 ਡਾਲਰ ਦੀ ਘੜੀ ਖਰੀਦੀ ਸੀ । ਉਦੋਂ ਰਾਡੀਆ ਨੇ ਕਿਹਾ ਸੀ ਕਿ ਉਹ ਇਨ੍ਹਾਂ ਕੰਪਨੀਆਂ ਨੂੰ ਨਹੀਂ ਜਾਣਦੀ ਸੀ ਅਤੇ ਨਾ ਹੀ ਉਸ ਦਾ ਇਨ੍ਹਾਂ 'ਚ ਕੋਈ ਸ਼ੇਅਰ ਹੈ।
ਜਾਂਚ ਅੱਪਡੇਟ: ਫੇਮਾ ਦਾ ਹਵਾਲਾ ਦਿੰਦੇ ਹੋਏ ਈ.ਡੀ. ਨੇ ਨੀਰਾ ਰਾਡੀਆ ਨੂੰ ਆਫਸ਼ੋਰ ਕੰਪਨੀਆਂ ਦੇ ਵੇਰਵੇ ਦੇਣ ਅਤੇ ਉਸ ਦੇ ਬਿਆਨ ਦਰਜ ਕਰਨ ਲਈ ਕਿਹਾ। ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਉਸ ਦੇ ਘਰ ਦੀ ਤਲਾਸ਼ੀ ਲਈ ਗਈ। ਇਨ੍ਹਾਂ ਤਲਾਸ਼ੀਆਂ ਤੋਂ ਜ਼ਬਤ ਕੀਤੇ ਗਏ ਡੇਟਾ ਨੂੰ ਵਿਸ਼ਲੇਸ਼ਣ ਲਈ ਭੇਜਿਆ ਗਿਆ ਹੈ ਅਤੇ ਉਨ੍ਹਾਂ ਨੂੰ ਨਵੇਂ ਸੰਮਨ ਜਾਰੀ ਕੀਤੇ ਗਏ ਹਨ। ਈ.ਡੀ. ਨੇ ਨੀਰਾ ਰਾਡੀਆ ਦੀ ਭੈਣ ਕਰੁਣਾ ਮੈਨਨ ਦਾ ਬਿਆਨ ਵੀ ਦਰਜ ਕੀਤਾ ਹੈ।

## ਹਰੀਸ਼ ਸਾਲਵੇ

ਪੌਂਡੋਰਾ ਪੇਪਰਸ ਦੇ ਅਨੁਸਾਰ ਹਰੀਸ਼ ਸਾਲਵੇ ਨੇ ਲੰਡਨ ਵਿਚ ਇਕ ਜਾਇਦਾਦ ਬਣਾਉਣ ਲਈ 2015 ਵਿਚ ਬ੍ਰਿਟਿਸ਼ ਵਰਜਿਨ ਆਇਰਲੈਂਡ (ਬੀ. ਵੀ.ਆਈ) ਵਿਚ ਦਿ ਮਸੂਲ ਨਾਮ ਦੀ ਇੱਕ ਕੰਪਨੀ ਹਾਸਲ ਕੀਤੀ ਸੀ। ਉਸ ਨੂੰ ਕੰਪਨੀ ਦੇ ਲਾਭਪਾਤਰੀ ਮਾਲਕ ਅਤੇ ਸਕੱਤਰ ਵਜੋਂ ਦਰਸਾਇਆ ਗਿਆ ਹੈ ਅਤੇ ਉਸ ਨੂੰ ਸਿਆਸੀ ਤੌਰ 'ਤੇ ਬੇਨਕਾਬ ਵਿਅਕਤੀ ਵਜੋਂ ਵੀ ਟੈਗ ਕੀਤਾ ਗਿਆ ਹੈ। ਹਰੀਸ਼ ਸਾਲਵੇ ਨੇ ਉਦੋਂ ਕਿਹਾ ਸੀ ਕਿ ਉਸਨੇ ਜਾਇਦਾਦ ਰੱਖਣ ਲਈ ਮਸੂਲ ਵਿੱਚ ਸ਼ੇਅਰ ਖਰੀਦੇ ਸਨ ਅਤੇ ਕਿਉਂਕਿ ਉਹ ਇੱਕ ਐਨ.ਆਰ.ਆਈ ਸੀ, ਉਸਨੂੰ ਕਿਸੇ ਆਫਸ਼ੋਰ ਕੰਪਨੀ ਦੇ ਸ਼ੇਅਰ ਖਰੀਦਣ ਲਈ ਆਰ.ਬੀ.ਆਈ ਦੀ ਇਜਾਜ਼ਤ ਦੀ ਲੋੜ ਨਹੀਂ ਸੀ।



# TikTok ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਬੀਮਾਰ ਕਰ ਰਿਹੈ

## ਅਮਰੀਕਾ 'ਚ 5 ਹਜ਼ਾਰ ਨੇ ਮਾਪਿਆਂ ਨੇ ਕੀਤਾ ਕੇਸ




ਚੀਨੀ ਐਪ TikTok ਖ਼ਿਲਾਫ਼ ਅਮਰੀਕਾ ਵਿੱਚ ਹਜ਼ਾਰਾਂ ਮਾਪੇ ਇਕੱਠੇ ਹੋਏ ਹਨ। ਅੱਲ੍ਹੜ ਉਮਰ ਦੇ ਨੌਜਵਾਨਾਂ ਦੀ ਮਾਨਸਿਕ ਸਿਹਤ 'ਤੇ ਐਪ ਦੇ ਮਾੜੇ ਪ੍ਰਭਾਵਾਂ ਨੂੰ ਲੈ ਕੇ 5,000 ਤੋਂ ਵੱਧ ਮਾਪਿਆਂ ਨੇ TikTok 'ਤੇ ਮੁਕੱਦਮਾ ਕੀਤਾ ਹੈ। TikTok ਕਦੇ ਅਮਰੀਕਾ ਵਿੱਚ ਆਪਣੀ ਮਨੋਰੰਜਕ ਸਮੱਗਰੀ ਲਈ ਬਹੁਤ ਮਸ਼ਹੂਰ ਸੀ।
ਦਿ ਗਾਰਡੀਅਨ ਮੁਤਾਬਕ ਮਾਪਿਆਂ ਨੇ TikTok ਨੂੰ ਡਿਜੀਟਲ ਯੁੱਗ ਦਾ ਤੰਬਾਕੂ ਨਾਲੋਂ ਵੀ ਖਤਰਨਾਕ ਨਸ਼ਾ ਦੱਸਿਆ ਹੈ। ਨਾਬਾਲਗਾਂ ਦੀ ਮਾਨਸਿਕ ਸਿਹਤ ਵਿੱਚ ਗਿਰਾਵਟ ਲਈ ਐਪ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਅਤੇ ਇਸ ਵਿਰੁੱਧ ਜਾਂਚ ਵੀ ਚੱਲ ਰਹੀ ਹੈ। TikTok ਖ਼ਿਲਾਫ਼ ਕਾਨੂੰਨੀ ਕਾਰਵਾਈ, ਜਿਸ ਦੀ ਅਗਵਾਈ ਵੈਬਸਾਈਟ Claim-shero.io ਕਰ ਰਹੀ ਸੀ, ਹੁਣ ਗਤੀ ਫੜ ਰਹੀ ਹੈ। ਹਜ਼ਾਰਾਂ ਮਾਪੇ ਚੀਨ ਦੀ ਮਲਕੀਅਤ ਵਾਲੀ ਦਿੱਗਜ਼ ਕੰਪਨੀ ਵਿਰੁੱਧ ਜਵਾਬਦੇਹੀ ਦੀ ਮੰਗ ਕਰ ਰਹੇ ਹਨ।

### TikTok ਨੇ ਸੀਮਤ ਕੀਤੇ ਮਾਪਿਆਂ ਦੇ ਅਧਿਕਾਰ

ਅਮਰੀਕਾ ਦੇ ਕਨੈਕਟੀਕਟ ਰਾਜ ਦੇ ਹਰਟਫੋਰਡ ਦੀ ਰਹਿਣ ਵਾਲੀ ਬ੍ਰਿਟਨੀ ਐਡਵਰਡਸ ਉਨ੍ਹਾਂ ਮਾਪਿਆਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ TikTok ਖ਼ਿਲਾਫ਼ ਮੁਕੱਦਮਾ ਦਾਇਰ ਕੀਤਾ ਹੈ। ਐਡਵਰਡਸ ਦੀ ਧੀ (12) TikTok ਦੀ ਆਦੀ ਹੈ। ਉਸ ਨੇ ਇਸ ਦੇ TikTok ਪੋਸਟ ਵਿੱਚ ਕੁਝ ਅਜਿਹਾ ਦੇਖਿਆ ਜਿਸ ਨਾਲ ਉਸ ਨੂੰ ਲੱਗਾ ਕਿ ਉਸ ਦੀ ਧੀ ਆਪਣੇ ਆਪ ਨੂੰ ਨੁਕਸਾਨ ਪਹੁੰਚਾ ਸਕਦੀ ਹੈ, ਜਿਸ ਤੋਂ ਬਾਅਦ ਉਸ ਨੂੰ ਇਸ ਐਪ ਦੇ ਮਾੜੇ ਪ੍ਰਭਾਵ ਬਾਰੇ ਪਤਾ ਲੱਗਿਆ। ਮੁਕੱਦਮੇ ਦਾਅਵਾ ਕਰਦੇ ਹਨ ਕਿ TikTok ਨੇ ਜੁਲਾਈ 2023 ਵਿੱਚ ਇੱਕ ਨਿਯਮ ਲਾਗੂ ਕੀਤਾ, ਜੋ ਵਿਵਾਦਪੂਰਨ ਕਦਮ ਹੈ। ਇਸ ਵਿੱਚ ਇੱਕ ਵਿਵਸਥਾ ਸੀ ਕਿ ਕੋਈ ਵੀ ਮਾਤਾ-ਪਿਤਾ ਆਪਣੇ ਬੱਚੇ ਦੇ TikTok 'ਤੇ ਖਾਤਾ ਬਣਾਉਣ ਦੇ ਇੱਕ ਸਾਲ ਬਾਅਦ ਪਲੇਟਫਾਰਮ ਖ਼ਿਲਾਫ਼ ਕੋਈ ਦਾਅਵਾ ਨਹੀਂ ਕਰ ਸਕਦਾ ਹੈ।

### ਪਰੇਸ਼ਾਨ ਕਰਨ ਵਾਲਾ ਸੱਚ ਆਇਆ ਸਾਹਮਣੇ

ਐਮਨੈਸਟੀ ਇੰਟਰਨੈਸ਼ਨਲ ਦੀ TikTok 'ਤੇ ਸਮੱਗਰੀ ਦੀ ਤਕਨੀਕੀ ਜਾਂਚ 'ਚ ਇਕ ਪਰੇਸ਼ਾਨ ਕਰਨ ਵਾਲਾ ਸੱਚ ਸਾਹਮਣੇ ਆਇਆ ਹੈ। ਜਾਂਚ ਵਿੱਚ ਪਾਇਆ ਗਿਆ ਹੈ ਕਿ TikTok ਦੀ ਸਮੱਗਰੀ ਸਿਫ਼ਾਰਿਸ਼ ਪ੍ਰਣਾਲੀ ਕਥਿਤ ਤੌਰ 'ਤੇ ਉਪਭੋਗਤਾਵਾਂ ਨੂੰ ਹਾਨੀਕਾਰਕ ਰੈਬਿਟ ਹੋਲ ਸਮੱਗਰੀ ਤੱਕ ਲਿਜਾਂਦੀ ਹੈ, ਜਿਸ ਵਿੱਚ ਰੋਮਾਂਟਿਕ ਜਾਂ ਆਤਮ-ਹੱਤਿਆ ਨੂੰ ਉਤਸ਼ਾਹਿਤ ਕਰਨ ਵਾਲੇ ਵੀਡੀਓ ਵੀ ਸ਼ਾਮਲ ਹੈ। ਰੈਬਿਟ-ਹੋਲ ਸਮੱਗਰੀ ਅਜਿਹੀ ਚੀਜ਼ ਹੈ ਜੋ ਸਤ੍ਹਾ 'ਤੇ ਸਧਾਰਨ ਦਿਖਾਈ ਦਿੰਦੀ ਹੈ, ਪਰ ਬਹੁਤ ਖ਼ਤਰਨਾਕ ਹੈ। ਹਾਲ ਹੀ ਵਿੱਚ ਅਮਰੀਕਾ ਵਿੱਚ ਇੱਕ 16 ਸਾਲਾ ਨੌਜਵਾਨ ਨੇ TikTok 'ਤੇ ਇੱਕ ਹਿੰਸਕ ਵੀਡੀਓ ਦੇਖ ਕੇ ਖੁਦਕੁਸ਼ੀ ਕਰ ਲਈ ਸੀ।

-ਰਾਜ ਗੋਗਨਾ

ਹੰਕਾਰ ਪੈਸੇ ਦਾ ਹੋਵੇ ਜਾਂ ਹੁਸਨ ਦਾ
ਰੱਬ ਤੋੜਦਾ ਜ਼ਰੂਰ ਹੈ।
ਜੇਕਰ ਬੰਦਾ ਮਿਹਨਤੀ ਹੋਵੇ ਤਾਂ
ਰੱਬ ਚੰਗੇ ਦਿਨ ਮੋੜਦਾ ਜ਼ਰੂਰ ਹੈ।

# ਸੁਹਣੇ ਬਣਨ ਦੀ ਕਲਾ

ਪਹਿਰਾਵੇ ਦਾ ਸੁੰਦਰਤਾ ਨਾਲ਼ ਬਹੁਤ ਗੂੜ੍ਹਾ ਸਬੰਧ ਹੈ। ਪਹਿਰਾਵੇ ਨਾਲ਼ ਬਹੁਤ ਸਾਰੀਆਂ ਅੰਦਰ ਦੀਆਂ ਗੱਲਾਂ ਉੱਤੇ ਲਿਪਾ ਪੋਚੀ ਕੀਤੀ ਜਾਂਦੀ ਹੈ। ਕਈ ਹਾਲਤਾਂ ਵਿੱਚ ਅੰਦਰਲੀਆਂ ਗੱਲਾਂ ਉੱਤੇ ਪਰਦਾ ਪਾਇਆ ਜਾਂਦਾ ਹੈ। ਸੰਤਾਂ ਸਾਧਾਂ ਦੇ ਭੇਖ ਵਿੱਚ ਠੱਗਾਂ ਤੇ ਲੁਟੇਰਿਆਂ ਹੱਥੋਂ ਨਿਰਛਲ ਤੇ ਭੋਲੇ ਭਾਲੇ ਲੋਕ ਠੱਗੇ ਜਾਂਦੇ ਹਨ। ਕੰਜਕਾਂ ਕੁਆਰੀਆਂ ਦਾ ਦਿਖਾਵਾ ਕਰ ਕੇ ਵੇਸਵਾਵਾਂ ਭਿਆਨਕ ਕਾਰੇ ਕਰ ਜਾਂਦੀਆਂ ਹਨ। ਦੁਨੀਆਂ ਵਿੱਚ ਸਭ ਤੋਂ ਵੱਧ ਕੁਕਰਮ ਇਸ ਬਨਾਉਟੀ ਭੇਖ ਵਿੱਚ ਹੁੰਦੇ ਹਨ। ਇਹ ਨਾ ਦੇਖੋ ਕਿ ਲਿਬਾਸ ਮਹਿੰਗਾ ਹੈ ਜਾਂ ਸਸਤਾ ਹੈ, ਇਹ ਦੇਖੋ ਕਿ ਤੁਹਾਡੀ ਸ਼ਖਸੀਅਤ ਲਈ ਢੁਕਵਾਂ, ਸੁਖਾਵਾਂ ਤੇ ਹੰਢਣਸਾਰ ਕਿੰਨਾਂ ਹੈ।



ਪੂਰਨ ਸਿੰਘ ਪਾਂਧੀ,
ਟਰਾਂਟੋ ਕਨੇਡਾ
905 789 6670

ਸੁੰਦਰਤਾ ਦਾ ਹਰ ਕੋਈ ਮਤਵਾਲਾ ਹੈ। ਸੁੰਦਰਤਾ ਕਿਤੇ ਵੀ ਹੋਵੇ, ਹਰ ਇੱਕ ਦਾ ਧਿਆਨ ਖਿੱਚ ਲੈਂਦੀ ਤੇ ਮਨ ਨੂੰ ਮੋਹ ਲੈਂਦੀ ਹੈ। ਇਹ ਇੱਕ ਅਜੇਹੀ ਭੁੱਖ ਹੈ, ਜਿਸ ਨਾਲ਼ ਕਦੇ ਕਿਸੇ ਨੂੰ ਰੱਜ ਨਹੀਂ ਆਇਆ। ਪਰ ਜੇ ਕੋਝਾ ਤੇ ਕਰੂਪ ਦਿਖਾਈ ਦਿੰਦਾ ਹੈ, ਸੁੰਦਰਤਾ ਦੀ ਖਿੱਚ ਤਦ ਹੀ ਪੈਂਦੀ ਹੈ। ਬਦਬੋ ਦੀ ਧੁੰਦ ਵਿੱਚੋਂ ਨਿਕਲਕੇ ਹੀ ਖੁਸ਼ਬੋ ਦਾ ਅਹਿਸਾਸ ਹੁੰਦਾ ਹੈ। ਹੁੰਮਸ ਵਿੱਚੋਂ ਨਿਕਲ ਕੇ ਹੀ ਸੁਗੰਧ-ਸੁਮੀਰ ਦਾ ਨਜ਼ਾਰਾ ਆਉਂਦਾ ਹੈ। ਕੁੜੱਤਣ ਪਿੱਛੋਂ ਹੀ ਮਿਠਾਸ ਦਾ ਅਨੁਭਵ ਹੁੰਦਾ ਹੈ। ਕਰੂਪ ਤੇ ਕੋਝਿਆਂ ਦੀ ਵਾਦੀ ਤੋਂ ਬਾਹਰ ਨਿਕਲ ਕੇ ਹੀ ਸੁੰਦਰਤਾ ਦੀ ਖਿੱਚ ਪੈਦਾ ਹੁੰਦੀ ਹੈ। ਅੱਖਾਂ ਤ੍ਰਿਪਤ ਹੁੰਦੀਆਂ ਤੇ ਡੂੰਘੇ ਸਾਹ ਲੈਣ ਨੂੰ ਜੀ ਕਰਦਾ ਹੈ।

ਪ੍ਰਕਿਰਤੀ ਸੁੰਦਰਤਾ ਨਾਲ਼ ਭਰੀ ਹੋਈ ਹੈ। ਪ੍ਰਕਿਰਤੀ ਵਿੱਚ ਕੋਈ ਬਨਾਵਟ ਨਹੀਂ। ਇਸ ਦੀਆਂ ਜ਼ੁਲਫਾਂ ਦਾ ਕੋਈ ਹਾਰ-ਸ਼ਿੰਗਾਰ ਨਹੀਂ ਕਰਦਾ। ਇਸ ਦੀਆਂ ਉਲਝੀਆਂ ਤੇ ਬੇਤਰਤੀਬ ਲਿਟਾਂ ਵਿਚ ਲੁਹੜਿਆਂ ਦਾ ਹੁਸਨ ਹੈ। ਰੋਹੀਆਂ ਦੇ ਰੁੱਖ ਤੇ ਜੰਗਲ਼ੀ ਝਾੜੀਆਂ ਮਨੁੱਖ ਨੂੰ ਦੂਰੋਂ 'ਵਾਜਾਂ ਮਾਰਦੇ ਪ੍ਰਤੀਤ ਹੁੰਦੇ ਹਨ। ਦਰਿਆਵਾਂ ਦੇ ਵਹਿਣ, ਬੱਦਲਾਂ ਦੀਆਂ ਕਾਲ਼ੀਆਂ ਘਟਾਵਾਂ, ਕਣੀਆਂ ਦੀ ਰਿਮ ਝਿਮ, ਪੰਛੀਆਂ ਦੇ ਖ਼ੂਬਸੂਰਤ ਖੰਭਾਂ ਦੀ ਉਡਾਰੀ, ਬੇਤਰਾਸ਼ੇ ਪੱਥਰਾਂ ਵਿੱਚੋਂ, ਝੂੰਮਦੀ ਬਨਾਸਪਤੀ ਵਿੱਚੋਂ ਤੇ ਝਰਨਿਆਂ ਦੀ 'ਕਲ ਕਲ' ਵਿੱਚੋਂ, ਕਿਸੇ ਅਦਭੁਤ ਹੁਸੀਨ ਕਲਾ ਦੇ ਦਰਸ਼ਨ ਦਿਦਾਰ ਹੁੰਦੇ ਹਨ।

ਸੁਹਣੇ ਬਣਨਾ ਜਾਂ ਸੁਹਣੇ ਲਗਣਾ ਇੱਕ ਕਲਾ, ਹੁਨਰ ਜਾਂ ਆਰਟ ਹੈ। ਸੁੰਦਰਤਾ ਮਨੁੱਖ ਦੇ ਅੰਦਰ ਬੈਠੀ ਹੈ। ਕਈਆਂ ਦਾ ਹੁਸਨ ਦਿਲ ਮੱਲ ਲੈਂਦਾ ਹੈ। ਕਈਆਂ ਦੇ ਸੁਹਣੇ ਮੁੱਖੜੇ, ਸੁਡੌਲ ਅੰਗ ਤੇ ਕੋਮਲ ਅਦਾਵਾਂ ਮੋਹਿਤ ਕਰਦੀਆਂ ਹਨ। ਰੂਪ ਸਰੂਪ 'ਵਾਜਾਂ ਮਾਰਦਾ ਹੈ। ਅੱਖਾਂ ਦੇ ਤੀਰ ਘਾਇਲ ਕਰ ਦੇ ਜਾਪਦੇ ਹਨ।

ਨਰਿੰਦਰ ਸਿੰਘ ਕਪੂਰ ਦਾ ਆਖਣਾ ਹੈ: "ਕਈ ਵਿਅਕਤੀ ਅਜਿਹੇ ਹੁੰਦੇ ਹਨ, ਜਿਹੜੇ ਇੱਕ ਨਜ਼ਰ ਨਾਲ਼ ਤੁਹਾਡੇ ਨਸੀਬ ਸਵਾਰ ਦਿੰਦੇ ਹਨ। ਕਈ ਹਨੇਰਾ ਬਣ ਕੇ ਆਉਂਦੇ ਹਨ, ਕਈ ਨਿਰਾ ਨੂਰ ਹੁੰਦੇ ਹਨ। ਕਈ ਖਾਲੀ ਹੱਥਾਂ ਨਾਲ਼ ਵੀ ਦੂਜਿਆਂ ਦੀਆਂ ਝੋਲ਼ੀਆਂ ਭਰ ਦਿੰਦੇ ਹਨ, ਪਰ ਕਈ ਸਾਡੇ ਹੱਥਾਂ ਵਿਚ ਫੜਿਆ ਵੀ ਖੋਹ ਲੈਂਦੇ ਹਨ।"

ਫਿਰਦੌਸੀ ਦਾ ਕਥਨ ਹੈ: "ਖ਼ੂਬਸਰਤੀ ਉਹ ਹੁੰਦੀ ਹੈ; ਜਿਸ ਦੀ ਸੌਂਕਣ ਵੀ ਸ਼ਲਾਘਾ ਕਰੇ"। ਪਰ ਅਸਲੀ ਸੁੰਦਰਤਾ ਵਿਅਕਤੀ ਦੇ ਅੰਦਰ ਹੁੰਦੀ ਹੈ। ਉਸ ਦੇ ਬੋਲਾਂ ਤੇ ਅਦਾਵਾਂ ਵਿੱਚੋਂ ਉਜਾਗਰ ਹੁੰਦੀ ਹੈ। ਜਿੰਨਾਂ ਕਿਸੇ ਦੇ ਵਿਚਾਰਾਂ ਦਾ ਸ਼ੀਸ਼ਾ ਨਿਰਮਲ ਹੋਵੇਗਾ ਤੇ ਦੀਰਘ ਦ੍ਰਿਸ਼ਟੀ ਹੋਵੇਗੀ, ਸ੍ਰਿਸ਼ਟੀ ਵਿੱਚੋਂ ਸੁੰਦਰਤਾ ਦੀ ਝਲਕ ਵਧੇਰੇ ਸਾਫ ਦਿਖਾਈ ਦੇਵੇਗੀ। ਟੈਂਕੀ ਵਿੱਚ ਜਿਹੋ ਜਿਹਾ ਨਿਰਮਲ ਜਾਂ ਗੰਧਲਾ ਪਾਣੀ ਭਰਿਆ ਹੋਵੇਗਾ, ਉਹੋ ਜਿਹਾ ਟੂਟੀ ਦੁਆਰਾ ਬਾਹਰ ਨਿਕਲੇਗਾ। ਮਨੁੱਖ ਦੇ ਮਨ ਵਿਚ ਜਿਹੋ ਜਿਹੇ ਵਿਚਾਰਾਂ ਦੀ ਪੂੰਜੀ ਹੋਵੇਗੀ, ਉਹੋ ਜਿਹਾ ਪ੍ਰਭਾਵ ਪੈਦਾ ਕਰੇਗੀ। ਮਨੁੱਖ ਦੀਆਂ ਸੋਚਾਂ ਤੇ ਵਿਚਾਰਾਂ ਦਾ ਬਾਹਰੀ ਰੂਪ ਸਰੂਪ ਉਸ ਦੇ ਇਕਰਾਰਾਂ, ਤਕਰਾਰਾਂ ਤੇ ਵਿਹਾਰਾਂ ਵਿੱਚੋਂ ਆਪਣੇ ਆਪ ਪਰਗਟ ਹੁੰਦਾ ਹੈ। ਨੇਕੀ ਤੇ ਪਰਉਪਕਾਰ ਦੀ ਭਾਵਨਾ ਵਿੱਚੋਂ ਸੁੰਦਰਤਾ ਦਾ ਵਿਕਾਸ ਹੁੰਦਾ ਹੈ। ਰੋਮਾ ਰੋਲਾ ਦਾ ਕਥਨ ਹੈ: "ਸਾਡੀ ਨਜ਼ਰ ਅਕਾਸ਼ ਵਰਗੀ ਵਿਸ਼ਾਲ ਤੇ ਸਾਗਰਾਂ ਵਰਗੀ ਡੂੰਘੀ ਹੋਣੀ ਚਾਹੀਦੀ ਹੈ।"

ਬਰਨਾਰਡ ਸ਼ਾਹ ਸੰਸਾਰ ਪ੍ਰਸਿੱਧ ਫਿਲਾਸਫਰ ਸੀ। ਉਸ ਸਮੇਂ ਦੀ ਐਕਟਰਿਸ ਇਸਾਡੋਰਾ ਡੰਕਨ ਸੰਸਾਰ ਦੀ ਸਭ ਤੋਂ ਸੁਹਣੀ ਇਸਤ੍ਰੀ ਸੀ। ਡੰਕਨ ਬਰਨਾਰਡ ਸ਼ਾਹ ਕੋਲ ਗਈ ਤੇ ਆਖਿਆ ਕਿ ਮੈ ਸੰਸਾਰ ਦੀ ਸਭ ਤੋਂ ਸੁਹਣੀ ਔਰਤ ਹਾਂ, ਤੂੰ ਸੰਸਾਰ ਸਭ ਤੋਂ ਮਹਾਨ ਫਿਲਾਸਫਰ ਹੈਂ। ਆਪਾਂ ਆਪਸੀ ਵਿਆਹ ਕਰਾ ਲਈਏ। ਸਾਡੇ ਦੋਹਾਂ ਦੇ ਘਰ ਜੋ ਬੱਚਾ ਪੈਦਾ ਹੋਵੇਗਾ ਉਹ ਮੇਰੇ ਵਾਂਗ ਸੁਹਣਾ, ਤੇਰੇ ਵਾਂਗ ਵਿਚਾਰਵਾਨ ਹੋਵੇਗਾ। ਪਰ ਬਰਨਾਰਡ ਸ਼ਾਹ ਆਖਣ ਲੱਗਾ ਕਿ ਜੇ ਬੱਚਾ ਮੇਰੇ ਵਰਗਾ ਕੋਝਾ ਤੇ ਕਰੂਪ ਤੇ ਤੇਰੀ ਮੱਤ ਵਰਗਾ ਮੂੜ੍ਹ ਤੇ ਮੂਰਖ ਪੈਦਾ ਹੋ ਗਿਆ, ਫਿਰ ਕੀ ਕਰਾਂਗੇ?

ਐਮਰਸਨ ਦਾ ਕਥਨ ਹੈ: "ਸੁੰਦਰਤਾ ਦੀ ਤਲਾਸ਼ ਵਿੱਚ ਅਸੀਂ ਚਾਹੇ ਸਾਰੀ ਦੁਨੀਆਂ ਦਾ ਚੱਕਰ ਲਾ ਆਈਏ ਜੇਕਰ ਉਹ ਸਾਡੇ ਅੰਦਰ ਨਹੀਂ ਤਾਂ ਕਿਤੇ ਨਹੀਂ ਮਿਲੇਗੀ।" ਲਾਲਾ ਹਰਦਿਆਲ ਆਖਦਾ ਹੈ: "ਸੁੰਦਰਤਾ ਅਤੇ ਸਦਾਚਾਰ ਸ਼ਖਸੀਅਤ ਦੇ ਸੁਤੰਤਰ ਤੱਤ ਹਨ।" ਬਹੁਤਾ ਹਾਰ ਸ਼ਿੰਗਾਰ, ਭੜਕੀਲਾ ਲਿਬਾਸ, ਗੂੜ੍ਹਾ ਮੇਕਅਪ ਮਨੁੱਖ ਨੂੰ ਸੁਹਣਾ ਬਨਾਉਣ ਲਈ ਬਾਹਰੀ ਸਾਧਨ ਹਨ। ਕਈ ਵਾਰ ਅਸਲ ਤੇ ਨਕਲ ਦੇ ਫਰਕ ਦੀ, ਚੰਗੇ ਤੇ ਮੰਦੇ ਦੀ, ਕੋਝੇ ਤੇ ਕਰੂਪ ਦੀ ਅਤੇ ਸੁੰਦਰ ਸਰੂਪ ਦੀ ਪਰਖ ਨਿਰਖ ਕਰਨੀ ਔਖੀ ਹੁੰਦੀ ਹੈ। ਦੁੱਧ ਵਿੱਚ ਮਿਲਿਆ ਪਾਣੀ ਵੀ ਦੁੱਧ ਦੇ ਭਾਅ ਵਿਕ ਜਾਂਦਾ ਹੈ। ਪਿੱਤਲ ਸੋਨੇ ਦਾ ਭੁਲੇਖਾ ਦੇ ਜਾਂਦਾ ਹੈ। ਤੁੰਮਾ ਖਰਬੂਜਾ ਹੋਣ ਦਾ, ਬਗਲਾ ਹੰਸ ਹੋਣ ਦਾ, ਠੱਗ-ਚੋਰ ਸੰਤ ਹੋਣ ਦਾ ਭੁਲੇਖਾ ਦੇ ਜਾਂਦੇ ਹਨ। ਟੈਗੋਰ ਦੇ ਬਚਨ ਹਨ: "ਜਿਸਨੂੰ ਫੁੱਲ ਤੇ ਬੱਚੇ ਪਿਆਰੇ ਨਹੀਂ ਲਗਦੇ, ਕਵਿਤਾ ਤੇ ਗੀਤ ਸੰਗੀਤ ਚੰਗਾ ਨਹੀਂ ਲਗਦਾ; ਉਸ ਮਨੁੱਖ ਦੀ ਸੰਗਤ ਤੋਂ ਬਚੋ, ਉਹ ਖਤਰਨਾਕ ਹੋ ਸਕਦੈ।" ਕਿਆ ਪੂਛਤੇ ਹੋ ਆਪ ਕੇ ਆਨੇ ਸੇ ਕਿਆ ਕਿਆ ਹੋ ਗਿਆ।

ਹਾਥ ਭਰ ਦਿਲ ਬੜ ਗਿਆ,
ਦੁੱਗਨਾ ਕਲੇਜਾ ਹੋ ਗਿਆ।

ਨਿਰਛਲ ਸੋਚ ਤੇ ਸੁਲਝੇ ਵਿਹਾਰ ਵਿੱਚੋਂ ਸੁੰਦਰਤਾ ਦੀ ਸੁਹਲ ਆਤਮਾ ਦੇ ਦੀਦਾਰ ਹੁੰਦੇ ਹਨ। ਵਿਹਾਰ ਦੀ ਕੋਮਲਤਾ ਵਿੱਚ ਸਤਰੰਗੀ ਪੀਂਗ ਵਰਗਾ ਹੁਲਾਰਾ ਹੈ। ਕਦੇ ਕਦੇ ਬਿਨ ਬੋਲਿਆਂ ਹੁਸਨ ਦੇ ਕਿੱਸੇ ਜੁੜ ਜਾਂਦੇ ਹਨ। ਕਿਸੇ ਦੇ ਟੂਣੇ-ਹਾਰ ਨੇਤਰ ਯਾਦੂ ਧੂੜਦੇ, ਅਣੀਆਲੇ ਤੀਰਾਂ ਵਾਂਗ ਧੁਰ ਅੰਦਰ ਤੱਕ ਘਾਇਲ ਕਰਦੇ ਪ੍ਰਤੀਤ ਹੁੰਦੇ ਹਨ। ਕਿਸੇ ਦਾ ਹੁਸਨ ਮਰੀਅਮ ਵਰਗਾ ਭੋਲਾ ਤੇ ਨਿਰਛਲ ਹੁੰਦਾ ਹੈ ਜਾਂ ਫਿਰ ਸਿਰ ਉੱਤੇ ਤਲਵਾਰ ਸੂਤੀ ਖੜ੍ਹੇ ਜਲਾਦ ਦੇ ਸਾਏ ਵਿੱਚ, ਨੀਹਾਂ ਵਿੱਚ ਚਿਣੇ ਜਾਂਦੇ ਮਾਸੂਮ ਬੱਚਿਆਂ ਵਰਗਾ ਹੁੰਦਾ ਹੈ।

ਪਹਿਰਾਵੇ ਦਾ ਸੁੰਦਰਤਾ ਨਾ਼ਲ ਬਹੁਤ ਗੂੜ੍ਹਾ ਸਬੰਧ ਹੈ। ਪਹਿਰਾਵੇ ਨਾਲ਼ ਬਹੁਤ ਸਾਰੀਆਂ ਅੰਦਰ ਦੀਆਂ ਗੱਲਾਂ ਉੱਤੇ ਲਿਪਾ ਪੋਚੀ ਕੀਤੀ ਜਾਂਦੀ ਹੈ। ਕਈ ਹਾਲਤਾਂ ਵਿੱਚ ਅੰਦਰਲੀਆਂ ਗੱਲਾਂ ਉੱਤੇ ਪਰਦਾ ਪਾਇਆ ਜਾਂਦਾ ਹੈ। ਸੰਤਾਂ ਸਾਧਾਂ ਦੇ ਭੇਖ ਵਿੱਚ ਠੱਗਾਂ ਤੇ ਲੁਟੇਰਿਆਂ ਹੱਥੋਂ ਨਿਰਛਲ ਤੇ ਭੋਲੇ ਭਾਲੇ ਲੋਕ ਠੱਗੇ ਜਾਂਦੇ ਹਨ। ਕੰਜਕਾਂ ਕੁਆਰੀਆਂ ਦਾ ਦਿਖਾਵਾ ਕਰ ਕੇ ਵੇਸਵਾਵਾਂ ਭਿਆਨਕ ਕਾਰੇ ਕਰ ਜਾਂਦੀਆਂ ਹਨ। ਦੁਨੀਆਂ ਵਿੱਚ ਸਭ ਤੋਂ ਵੱਧ ਕੁਕਰਮ ਇਸ ਬਨਾਉਟੀ ਭੇਖ ਵਿੱਚ ਹੁੰਦੇ ਹਨ। ਇਹ ਨਾ ਦੇਖੋ ਕਿ ਲਿਬਾਸ ਮਹਿੰਗਾ ਹੈ ਜਾਂ ਸਸਤਾ ਹੈ, ਇਹ ਦੇਖੋ ਕਿ ਤੁਹਾਡੀ ਸ਼ਖਸੀਅਤ ਲਈ ਢੁਕਵਾਂ, ਸੁਖਾਵਾਂ ਤੇ ਹੰਢਣਸਾਰ ਕਿੰਨਾਂ ਹੈ। ਗੁਰਬਾਣੀ ਵਿਚ ਸਾਹਿਬਾਂ ਦਾ ਫ਼ੁਰਮਾਨ ਹੈ:

ਜਿਨ ਪਟੁ ਅੰਦਰਿ ਬਾਹਰਿ ਗੁਦੜੁ
ਤੇ ਭਲੇ ਸੰਸਾਰਿ।
ਤਿਨ ਨੇਹੁ ਲੱਗਾ ਰਬ ਸੇਤੀ,
ਦੇਖਨੇ ਵਿਚਾਰੁ।
ਅਤੇ
ਬਾਹਰਿ ਧੋਤੀ ਤੂਮੜੀ ਅੰਦਰ
ਵਿਸੁ ਨਿਕੋਰਿ।
ਸਾਧ ਭਲੇ ਅਣਨਾਤਿਆਂ ਚੋਰ ਸਿ
ਚੋਰਾਂ ਚੋਰਿ।

ਸੁਆਮੀ ਮਹਾਂਬੀਰ ਸਾਰੀ ਉਮਰ ਨਿਰਵਸਤਰ ਰਹੇ। ਸਿਰਫ ਲੋਕਾਂ ਦੀਆਂ ਨਜ਼ਰਾਂ ਵਿੱਚ ਉਹ 'ਨੰਗੇ' ਸਨ ਪਰ ਉਸ ਨੂੰ ਲੋਕਾਂ ਵਾਂਗ ਨੰਗੇ ਹੋਣ ਦਾ ਰਤਾ ਜਿੰਨਾਂ ਵੀ ਅਹਿਸਾਸ ਨਹੀਂ ਸੀ। ਗਾਰਗੀ, ਰਾਬੀਆ ਤੇ ਮੀਰਾਂ ਬਾਈ ਲੋਕਾਂ ਦੀਆਂ ਨਜ਼ਰਾਂ ਵਿੱਚ ਨਿਰਲੱਜ ਤੇ ਬੇਸ਼ਰਮ ਇਸਤਰੀਆਂ ਸਨ। ਪਰ ਇਨ੍ਹਾਂ ਦੀ ਆਤਮਿਕ ਸੁੰਦਰਤਾ ਦੀ ਪਹੁੰਚ ਤੇ ਪ੍ਰਾਪਤੀ ਬਾਰੇ ਸਾਰਾ ਜਗਤ ਅੰਧੇਰੇ ਵਿੱਚ ਰਿਹਾ।

ਮਿਥਲਾਪੁਰੀ ਦੇ ਧਰਮਾਤਮਾ ਰਾਜਾ ਜਨਕ ਦੀ ਭਰੀ ਸਭਾ ਵਿੱਚ ਜਦੋਂ ਆਪਣੇ ਸਮੇਂ ਦਾ ਪ੍ਰਸਿੱਧ ਵਿਦਵਾਨ ਅਸ਼ਟਾਵੱਕਰ ਹਾਜ਼ਰ ਹੋਇਆ ਤਾਂ ਸਭਾ ਵਿੱਚ ਬੈਠੇ ਸਾਰੇ ਵਿਦਵਾਨ ਉਸ ਦੀ ਬਦਸ਼ਕਲ ਸੂਰਤ ਦੇਖ ਕੇ ਨਫਰਤ ਤੇ ਘਿਰਣਾ ਨਾ਼ਲ ਖਿੜ ਖਿੜਾ ਕੇ ਹੱਸ ਪਏ। ਅਸ਼ਟਾਵੱਕਰ ਦਾ ਅਰਥ ਹੈ ਜਿਸਦੇ ਸਰੀਰ ਵਿੱਚ ਅੱਠ ਵਿੰਗ ਵਲ਼ ਪਏ ਹੋਣ। ਨਿਸਚੇ ਹੀ ਉਹ ਬਹੁਤ ਬਦ ਸੂਰਤ ਸੀ। ਪਰ ਨਿਰਭੈ ਦੀ ਮੂਰਤ ਅਸ਼ਟਾਵੱਕਰ ਨੇ ਰਾਜਾ ਜਨਕ ਨੂੰ ਮੁਖਾਤਬ ਹੁੰਦਿਆਂ ਆਖਿਆ, "ਰਾਜਨ, ਤੂੰ ਮੈਨੂੰ ਕਿਨ੍ਹਾਂ ਚਮਿਆਰਾਂ ਦੀ ਸਭਾ ਵਿੱਚ ਲੈ ਆਇਆ ਹੈਂ?" ਹਉਮਾ, ਹੰਕਾਰ ਤੇ ਘੁਮੰਡ ਨਾ਼ਲ ਭਰੇ ਰਾਜ-ਪੰਡਤਾਂ ਲਈ 'ਚਮਿਆਰ' ਸ਼ਬਦ ਸਹਿਨ ਕਰਨਾ ਬਹੁਤ ਔਖਾ ਸੀ। ਸ਼ੇਰ ਦੀ ਸਵਾਰੀ ਕਰਨ ਵਾਲੇ ਨੂੰ ਸ਼ੇਰ ਤੋਂ ਉੱਤਰਨਾ ਬਹੁਤ ਔਖਾ ਹੁੰਦਾ ਹੈ। ਪਰ ਅਸ਼ਟਾਵੱਕਰ ਨੇ ਆਖਿਆ, "ਚੰਮ ਦੀ ਪਰਖ ਕਰਨ ਵਾਲੇ ਚਮਿਆਰ ਹੀ ਤਾਂ ਹੁੰਦੇ ਹਨ। ਮੇਰੀ ਭੱਦੀ ਸ਼ਕਲ ਤੇ ਭੈੜੀ ਚਮੜੀ ਦੇਖ ਕੇ ਇੰਨ੍ਹਾਂ ਨੂੰ ਘਿਰਣਾ ਹੋਈ ਹੈ। ਇਸ ਤਰ੍ਹਾਂ ਇਹ ਸਾਰੇ ਚਮਿਆਰ ਨਹੀਂ ਤਾਂ ਹੋਰ ਕੀ ਹੋ?"

ਸਪੱਸ਼ਟ ਹੈ ਕਿ ਕਿਸੇ ਮਨੁੱਖ ਦੀ ਮਹਾਨਤਾ ਉਸ ਦੇ ਵਸਤਰਾਂ ਜਾਂ ਪਹਿਰਾਵੇ ਕਰ ਕੇ ਨਹੀਂ; ਸਗੋਂ ਸਾਰੀ ਗੱਲ ਉਸ ਦੀ ਉੱਤਮ ਸੋਚ ਤੇ ਨਿਰਮਲ ਵਿਚਾਰਧਾਰਾ ਨਾ਼ਲ ਜੁੜੀ ਹੋਈ ਹੈ। ਜੇ ਸੋਚਾਂ ਤੇ ਵਿਚਾਰਾਂ ਵਿੱਚ ਮਲੀਨਤਾ ਹੈ ਤਾਂ ਬਾਣੀ ਵਿਚ ਸਾਹਿਬਾਂ ਦਾ ਫ਼ੁਰਮਾਨ ਹੈ:-:

ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ।
ਸਾਕਤ ਸਿਰ ਪਾਉ ਰੇਸ਼ਮੀ ਪਹਿਰਤਿ ਪਤਿ ਖੋਈ।

ਮਹਾਨ ਸੂਫੀ ਫਕੀਰ ਸਰਮਦ ਅਰਬੀ ਫਾਰਸੀ ਦਾ ਅਧਿਆਤਮਵਾਦੀ ਨਿਪੁੰਨ ਸ਼ਾਇਰ ਸੀ। ਪਾਕ ਪਵਿੱਤਰ ਤੇ ਉੱਚੀ ਅਵਸਥਾ ਦਾ ਮਾਲਕ। ਦਾਰਾ ਸ਼ਕੋਹ ਦਾ ਰੂਹਾਨੀ ਮੁਰਸ਼ਦ ਸੀ। ਨਗਨ ਅਵਸਥਾ ਰਹਿਣ ਵਾਲ਼ਾ ਫਕੀਰ। ਪਰ ਸਮੇਂ ਦਾ ਬਾਦਸ਼ਾਹ ਔਰੰਗਜ਼ੇਬ ਉਸ ਨੂੰ ਬਹੁਤ ਘਿਰਣਾ ਕਰਦਾ ਸੀ। ਮਸਜਦ ਦੀਆਂ ਪੌੜੀਆਂ ਵਿੱਚ ਬੈਠੇ ਉਸ ਅਲਮਸਤ ਫਕੀਰ ਨੂੰ ਦੇਖ ਕੇ ਹੰਕਾਰੀ ਬਾਦਸ਼ਾਹ ਔਰੰਗਜ਼ੇਬ ਨੇ ਸੰਨ 1656 ਵਿੱਚ ਕਤਲ ਕਰ ਦਿੱਤਾ। ਉਦੋਂ ਉਸ ਨਿਰਦੋਸ਼ ਦਾ ਸਰੀਰ ਤਾਂ ਕਤਲ ਕਰ ਦਿੱਤਾ ਪਰ ਉਸ ਦੀ ਵਿਚਾਰਧਾਰਾ ਤੇ ਫਿਲਾਸਫੀ ਅੱਜ ਵੀ ਜਿਉਂਦੀ ਹੈ। ਦਿੱਲੀ ਵਿਚ ਬਣੇ ਉਸ ਦੇ ਮਕਬਰੇ ਨੂੰ, ਉਸ ਦੇ ਸ਼ਰਧਾਲੂ ਅੱਜ ਵੀ ਦੂਰੋਂ ਦੂਰੋਂ ਚੱਲ ਕੇ ਸਿਜਦਾ ਕਰਨ ਜਾਂਦੇ ਹਨ।

ਆਖਿਆ ਜਾਂਦੈ ਕਿ ਇਬਰਾਹੀਮ ਲਿੰਕਨ ਬੇਹੱਦ ਕੁਢੱਬਾ, ਕੋਝਾ ਤੇ ਬਦਸ਼ਕਲ ਸੀ। ਲੱਖਾਂ-ਕਰੋੜਾਂ ਬਦਨਸੀਬ ਗਰੀਬਾਂ ਵਾਂਗ ਉਹ ਝੁੱਗੀ-ਝੌਂਪੜੀ ਵਿੱਚ ਉਹ ਜੰਮਿਆਂ, ਪਲਿਆ ਤੇ ਵੱਡਾ ਹੋਇਆ।

ਹੋਰਾਂ ਵਾਂਗ ਉਸ ਨੂੰ ਸਕੂਲਾਂ-ਕਾਲਜਾਂ ਵਿੱਚ ਪੜ੍ਹਨ ਦਾ ਮੌਕਾ ਨਸੀਬ ਨਹੀਂ ਹੋਇਆ। ਫਿਰ ਵੀ ਉਹ ਆਪਣੀ ਮਿਹਨਤ ਤੇ ਲਗਣ ਨਾ਼ਲ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਦੇ ਸਭ ਤੋਂ ਵੱਡੇ ਅਹੁਦੇ-ਰਾਸ਼ਟਰਪਤੀ-ਬਣਨ ਵਿਚ ਵਿੱਚ ਸਫਲ ਹੋਇਆ।

ਸੁੰਦਰਤਾ ਤੇ ਸੀਰਤ ਕਿਵੇਂ ਕਾਲਜਾ ਵਿੰਨ੍ਹ ਕੇ ਰੱਖ ਦਿੰਦੀ ਹੈ, ਇਸ ਦੀ ਉਦਾਹਰਣ ਹੀਰ-ਰਾਂਝੇ ਦੇ ਕਿੱਸੇ ਵਿੱਚੋਂ ਮਿਲਦੀ ਹੈ। ਆਖਿਆ ਜਾਂਦੈ, ਤੁਰਦਾ ਫਿਰਦਾ ਮੁਸਾਫਰ ਰਾਂਝਾ ਜਦੋਂ ਝਨਾ ਦੇ ਕੰਢੇ ਹੀਰ ਦੇ ਖਾਲੀ ਪਲੰਘ ਉੱਤੇ ਪੈ ਜਾਂਦਾ ਤੇ ਸੌਂ ਜਾਂਦਾ ਹੈ। ਗੁੱਸੇ ਵਿੱਚ ਅੱਗਭੰਬੂਲਾ ਹੋਈ ਹੀਰ ਰਾਂਝੇ ਨੂੰ ਜਗਾਉਂਦੀ ਹੈ ਪਰ

"ਰਾਂਝੇ ਉੱਠ ਕੇ ਆਖਿਆ,
'ਵਾਹ ਸੱਜਨ', ਹੀਰ ਹੱਸ ਕੇ ਤੇ
ਮਿਹਰਬਾਨ ਹੋਈ।"

ਜਿਸਮ ਦਾ ਸਭ ਤੋਂ ਖ਼ੂਬਸੂਰਤ ਤੇ ਕੀਮਤੀ ਅੰਗ ਅੱਖਾਂ ਹਨ। ਅੱਖਾਂ ਜਾਂ ਨੇਤਰਾਂ ਵਿੱਚ ਬਹੁਤ ਗੁੱਝੀਆਂ ਸ਼ਕਤੀਆਂ ਭਰੀਆਂ ਪਈਆਂ ਹਨ। ਨਜ਼ਰਾਂ ਮਿਲੀਆਂ ਤੇ ਸਮੁੱਚੀ ਜ਼ਿੰਦਗੀ ਦੀ ਸਾਂਝ ਦੀਆਂ ਤਾਰਾਂ ਜੁੜ ਗਈਆਂ। ਕੁੱਝ ਮਹਾਨ ਹਸਤੀਆਂ ਨੇ ਕਿਸੇ ਨੂੰ ਇੱਕੋ ਵਾਰ ਐਸਾ ਵੇਖਿਆ ਕਿ ਉਸ ਦੀ ਦੁਨੀਆਂ ਹੀ ਬਦਲ ਗਈ। ਘਾਇਲ ਕਰਦੀਆਂ ਨਜ਼ਰਾਂ ਦਾ ਇੱਕ ਚਿੱਤਰ ਕਬੀਰ ਸਾਹਿਬ ਨੇ ਚਿਤਰਿਆ:

ਕਬੀਰ ਸਤਿਗੁਰ ਸੂਰਮੇ
ਬਾਹਿਆ ਬਾਨ ਜੁ ਏਕ
ਲਾਗਤ ਹੀ ਭੁਇ ਗਿਰ ਪਰਾ,
ਪਰਾ ਕਲੇਜੇ ਛੇਕ।

ਇੱਕ ਨਜ਼ਰ ਪਿਆਰ, ਮੋਹ ਤੇ ਮਮਤਾ ਨਾਲ਼ ਛਲਕਦੀ ਹੁੰਦੀ ਹੈ। ਇੱਕ ਕੁੜੱਤਣ ਤੇ ਨਫਰਤ ਭਰੀਆਂ ਨਿਗਾਹਾਂ ਨਾ਼ਲ ਦੇਖਣਾ ਹੁੰਦਾ ਹੈ। ਇੱਕ ਤਿਰਛੀ ਤੇ ਖਚਰੀ ਅੱਖ ਨਾ਼ਲ ਵੇਖਣਾ ਹੁੰਦਾ ਹੈ। ਕਈ ਵਾਰ ਇਸ ਤਰ੍ਹਾਂ ਵੀ ਦੇਖਣਾ ਵੀ ਹੁੰਦਾ ਹੈ, ਜਿਵੇਂ ਕਿਸੇ ਨੂੰ ਦੇਖਿਆ ਹੀ ਨਾ ਹੋਵੇ ਤੇ ਕਿਸੇ ਨਾ਼ਲ ਕਿਸੇ ਤਰ੍ਹਾ ਦੀ ਕੋਈ ਸਾਂਝ ਨਾ ਹੋਵੇ।

ਕਈਆਂ ਦੀਆਂ ਨਜ਼ਰਾਂ ਯਾਦੂ ਕਰਦੀਆਂ, ਟੂਣੇ ਕਰਦੀਆਂ ਤੇ ਮਨ ਦੇ ਪਾਣੀਆਂ ਵਿੱਚ ਤੂਫਾਨ ਵਰਗੀ ਹਿਲਜੁਲ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਸ਼ਰਬਤੀ ਅੱਖਾਂ ਤੇ ਮਿਰਗ ਨੈਣਾ ਦੇ ਕੀਤੇ ਵਾਰ ਤੋਂ ਘਾਇਲ ਹੋਣੋ ਕੌਣ ਬਚ ਸਕਦੈ? ਅੱਖਾਂ ਚੁਰਾ ਕੇ ਤੱਕਣ ਦੀ ਵੀ ਇੱਕ ਐਕਟਿੰਗ ਹੁੰਦੀ ਹੈ ਪਰ ਕਿਸੇ ਵੱਲ ਨਿਰਛਲ ਤੇ ਮਿਹਰਬਾਨ ਹੋ ਕੇ ਨਜ਼ਰਾਂ ਭਰ ਕੇ ਦੇਖ ਲੈਣਾ ਵੀ ਕਿਸੇ ਦਾ ਆਦਰ ਕਰਨ, ਸਿਜਦਾ ਕਰਨ ਤੇ ਪਿਆਰ ਦਾ ਤੁਹਫਾ ਦੇਣ ਵਰਗਾ ਹੁੰਦਾ ਹੈ।

ਸੁੰਦਰਤਾ ਦਾ ਦੂਜਾ ਪੱਖ ਹੈ ਆਖਣ ਜਾਂ ਬੋਲਣ ਦਾ ਹੁਨਰ। ਆਖਣ, ਬੋਲਣ ਤੇ ਕਹਿਣ ਨਾ਼ਲ ਸ੍ਰਿਸ਼ਟੀ ਦਾ ਕਾਰ ਵਿਹਾਰ ਚਲਦਾ ਤੇ ਇੱਕ ਦੂਜੇ ਨਾ਼ਲ ਸਾਂਝ ਸਥਾਪਤ ਹੁੰਦੀ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਕਥਨ ਹੈ: "ਮੂੰਹ ਮਨੁੱਖ ਦੇ ਸਰੀਰ ਦਾ ਚਿੱਤਰ ਹੈ। ਇਹਦੇ ਤੋਂ ਸਰੀਰ ਦਾ ਕੁਹਝ ਜਾਂ ਸੁਹੱਪਣ ਪਛਾਣਿਆਂ ਜਾਂਦਾ ਹੈ। ਬੋਲੀ ਮਨੁੱਖ ਦੀ ਆਤਮਾ ਦਾ ਚਿੱਤਰ ਹੈ। ਇਹਦੇ ਤੋਂ ਉਹਦੀ ਆਤਮਾ ਦਾ ਵਧੀਆ ਜਾਂ ਘਟੀਆ ਹੋਣਾ ਦਿਸ ਪੈਂਦਾ ਹੈ। ਬੋਲੀ ਨਾ ਸਿਰਫ ਕਾਮਯਾਬੀ ਦੀ ਕੁੰਜੀ ਹੈ, ਇਹ ਜ਼ਿੰਦਗੀ ਦੇ ਹੁਸਨ ਤੇ ਸੁਆਦ ਦਾ ਯਾਦੂ ਵੀ ਹੈ।"

ਕਈਆਂ ਦੇ ਬੋਲਾਂ ਵਿੱਚ ਸੁਰ ਹੋਈ ਸਿਤਾਰ ਵਰਗੀ ਲਹਿਰ ਤੇ ਜਲਤਰੰਗ ਵਰਗੀ ਸੂਖਮਤਾ ਹੁੰਦੀ ਹੈ। ਬੋਲਾਂ ਦੀ ਮਿਠਾਸ ਹੀ ਮਨਾ ਨੂੰ ਖਿੱਚ ਪਾਉਂਦੀ, ਆਪਣੇ ਨਾ਼ਲ ਜੋੜਦੀ ਤੇ ਪਿਆਰ ਦੀ ਸਾਂਝ ਸਥਾਪਤ ਕਰਦੀ ਹੈ। ਸਿਆਣੇ ਆਖਦੇ ਹਨ ਕਿ ਅੱਗ ਪ੍ਰਤੀ ਸਾਵਧਾਨ ਕਰਨਾ ਚੰਗੀ ਸਲਾਹ ਹੈ ਪਰ ਸ਼ਬਦਾਂ ਪ੍ਰਤੀ ਸਾਵਧਾਨ ਹੋਣਾ ਅੱਗ ਤੋਂ ਦਸ ਗੁਣਾਂ ਹੋਣ ਦੀ ਚੰਗੀ ਸਲਾਹ ਹੈ।

ਸਰਮਾਏ ਦੇ ਵਸੀਹ ਵਸੀਲਿਆਂ ਜਾਂ ਬਹੁਤ ਅਮੀਰੀ ਵਿੱਚ ਹੁਸਨ ਜਾਂ ਸੁੰਦਰਤਾ ਦੇ ਢੇਰ ਨਹੀਂ ਲੱਗੇ ਹੁੰਦੇ। ਵੱਡੇ ਸਰਮਾਏ ਨਾ਼ਲ ਸੁੰਦਰਤਾ ਖਰੀਦੀ ਨਹੀਂ ਜਾ ਸਕਦੀ। ਜੇ ਪਿਆਰ ਸੋਨੇ ਨਾਲ਼ ਖਰੀਦਿਆ ਜਾ ਸਕਦਾ ਹੁੰਦਾ ਤਾਂ ਹੀਰ ਰਾਂਝੇ ਦੀ ਨਹੀਂ ਸੋਨੇ ਦੀ ਲੰਕਾ ਵਾਲੇ ਰਾਵਣ ਦੀ ਪ੍ਰੇਮਕਾ ਹੋਣੀ ਸੀ।

ਹਰ ਸਿਆਣਾ ਤੇ ਸੁਲਝਿਆ ਵਿਅਕਤੀ ਕਿਸੇ ਦੇ ਆਖੇ ਬੋਲਾਂ ਵਿੱਚ, ਕਿਸੇ ਦੇ ਕੀਤੇ ਕਾਰਜ ਵਿੱਚ, ਕਿਸੇ ਦੇ ਸਚਿਆਰੇ ਪਹਿਰਾਵੇ ਵਿੱਚ, ਸਲੀਕੇ ਨਾ਼ਲ ਬੈਠਣ ਜਾਂ ਸੁਹਣੀ ਤੋਰ ਵਿੱਚ ਗੂੜ੍ਹੀ ਰੁਚੀ ਲੈਂਦਾ ਹੈ ਅਤੇ ਲੋੜ ਅਨੁਸਾਰ ਪਰਸੰਸਾ ਤੇ ਵਡਿਆਈ ਕਰਦਾ ਹੈ। ਪਰਸੰਸਾ ਤੇ ਵਡਿਆਈ ਤੋਂ ਕੁਤਾਹੀ ਕਰਨ ਵਾਲੇ ਪੁਰਸ਼ ਚੰਗੇ ਨਹੀਂ ਆਖੇ ਜਾ ਸਕਦੇ। ਢੁਕਵੀਂ ਪਰਸੰਸਾ ਕਰਨ, ਸ਼ਾਬਾਸ਼ ਦੇਣ ਅਤੇ ਲੋੜੀਂਦੀ ਵਡਿਆਈ ਕਰਨ ਵਾਲੇ ਸੱਚਮੁਚ ਮਹਾਨ ਪੁਰਸ਼ ਹੁੰਦੇ ਹਨ।

ਖ਼ੂਬਸੂਰਤੀ ਦੀ ਦਾਤ ਤਾਂ ਅਕਸਰ ਬਹੁਤਿਆਂ ਕੋਲ਼ ਹੁੰਦੀ ਹੈ ਪਰ ਕੋਮਲ ਤੇ ਮਿੱਠਤ ਭਰਿਆ ਵਤੀਰਾ ਤੇ ਸਲੀਕਾ ਕਿਸੇ ਕਿਸੇ ਦੇ ਭਾਗਾਂ ਵਿਚ ਹੁੰਦਾ ਹੈ। ਬੇਜ਼ਬਾਨੀ ਕੀ ਭੀ ਏਕ ਜ਼ੁਬਾਂ ਹੋਤੀ ਹੈ।

ਇਸ਼ਕ ਕੀ ਭੀ ਏਕ ਦਾਸਤਾਂ ਹੋਤੀ ਹੈ।
ਕਿਆ ਹੁਆ ਜੋ ਲਬ ਨਹੀਂ ਹਿਲਤੇ,
ਆਂਖ ਕੀ ਭੀ ਏਕ ਜ਼ੁਬਾਂ ਹੋਤੀ ਹੈ।

ਖ਼ਲੀਲ ਜਿਬਰਾਨ ਕਹਿੰਦਾ ਹੈ: 'ਸੁੰਦਰਤਾ ਕਿਸੇ ਪੰਜੇ ਵਿੱਚ ਜਕੜਿਆ ਖੰਭ ਨਹੀਂ ਨਾ ਹੀ ਪੌਦਿਆਂ ਅੰਦਰਲੇ ਦੁੱਧ ਸਮਾਨ ਕੋਈ ਨਪੀੜੀ ਸ਼ੈ ਹੈ, ਇਹ ਤਾਂ ਕੋਈ ਸਦਾ ਬਹਾਰ ਬਾਗ ਹੈ, ਅਨੰਤ ਤੱਕ ਉਡਦੇ ਫ਼ਰਿਸ਼ਤਿਆਂ ਦੀ ਟੋਲੀ ਹੈ। ਸੁੰਦਰਤਾ ਰਹਿਮਦਿਲ, ਤਰਸਵਾਨ ਤੇ ਦਇਆਵਾਨ ਹੁੰਦੀ ਹੈ।' ਕੀਟਸ ਦਾ ਆਖਣਾ ਹੈ: 'ਸੱਚ ਸੁੰਦਰਤਾ ਅਤੇ ਸੁੰਦਰਤਾ ਸੱਚ ਹੈ। ਸੁੰਦਰ ਵਸਤੂ ਸਦੀਵੀ ਖੁਸ਼ੀ ਦਿੰਦੀ ਹੈ।' ਭਾਈ ਵੀਰ ਸਿੰਘ ਦੇ ਪਿਆਰੇ ਬੋਲ ਹਨ:

ਜਾਤ ਜਨਮ ਤੇ ਅਸਲ ਨਸਲ ਨੂੰ
ਕੋਈ ਕਦੇ ਨਾ ਛਾਣੇ।
ਜਦੋਂ ਸੁੰਦਰਤਾ ਦਰਸ਼ਨ ਦੇਵੇ, ਸਭ
ਕੋਈ ਆਪਣੀ ਜਾਣੇ।

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds

Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!

For more info call:
Sandeep Pandher
MANAGER
at 403-999-2500

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
STOP
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience

Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ

ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕਨੇਡਾ ਵਿੱਚ ਪੜ੍ਹਾਈ ਉਪਰੰਤ ਵਰਕ ਪਰਮਿਟ ਉੱਪਰ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ,ਜਨਮ 1993, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਬੀ ਸੀ ਕਨੇਡਾ ਤੋਂ ਪੀ ਜੀ ਡਿਪਲੋਮਾਂ ਇਨ ਬਿਜਨਿਸਮੈਨੇਜਮੈਂਟ ਅਤੇ ਯੂਨੀਵਰਿਸਟੀ ਮੁੰਬਈ ਤੋਂ ਮਾਸਟਰ ਇਨ ਕਾਮਰਸ ਲਈ ਹਾਣ ਪ੍ਰਵਾਣ ਦੇ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 899 6354 ***241***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦਾ ਲੜਕਾ,ਉਮਰ 26 ਸਾਲ, ਕੱਦ 5 ਫੁੱਟ 6 ਇੰਚ, ਵਿੱਦਿਅਕ ਯੋਗਤਾ ਪਲੱਸ 2, ਕਨੇਡਾ ਵਰਕ ਪਰਮਿਟ ਉੱਪਰ ,ਪੰਜਾਬ ਵਿੱਚ ਪਰਿਵਾਰ ਕੋਲ 12 ਕਿੱਲੇ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਇੱਕ ਹੋਰ ਭਰਾ ਉਹ ਪੰਜਾਬ ਹੀ ਰਹਿੰਦਾ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਸਿਰਫ ਵਟਸਐਪ ਮੈਸੇਜ: 403 971 0026 ਜਾਂ 91 97815 05313 ਈ ਮੇਲ : SEKHAGILL@HOTMAIL.COM ***242***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ,ਸਿੱਧੂ ਪਰਿਵਾਰ ਦੀ ਲੜਕੀ,ਜਨਮ 1989,ਕੱਦ 5 ਫੁੱਟ 4 ਇੰਚ,ਫੈਡਰਲ ਗੌਰਮਿੰਟ (ਐਲ ਆਰ ਐਡਵਾਈਜਰ) ਦੀ ਵਧੀਆ ਜੌਬ ਕਰ ਰਹੀ ਲਈ, ਕਨੇਡਾ ਜਾਂ ਅਮਰੀਕਾ ਤੋਂ ਚੰਗੇ ਪੜ੍ਹੇ ਲਿਖੇ,ਜੋ ਇੱਥੇ ਹੀ ਪੜ੍ਹ ਲਿਖਕੇ ਚੰਗੀ ਜੌਬ ਕਰਦਾ ਹੋਵੇ ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਫੋਨ ਕਾਲ ਜਾਂ ਵਟਸਐਪ ਮੈਸੇਜ: 1 204 283 1613 ***242***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254`ਰ 587 579 4899 ***UN****

## ਲੜਕੀ ਦੀ ਲੋੜ

Well Settled Ramgarhia Family living in Winnipeg from 16 years looking for a suitable match for their son 33-year-old,5-10 Tall. Cleaned shaved, Active in Real Estate and Financing Business in Manitoba and Ontario. Contact Number 204-510-7658 and 519-917-5055 ***238***

## ਲੜਕੀ ਦੀ ਲੋੜ

ਅਮਰੀਕਾ ਵਿੱਚ ਵਰਕ ਪਰਮਿਟ ਤੇ ਕੰਮ ਕਰਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ,ਬੀ ਟੈੱਕ (ਡਰੌਪ ਆਊਟ) ਗੁਰਸਿੱਖ ਪਰਿਵਾਰ ਨਾਲ ਸਬੰਧਿਤ, ਲਈ ਕੈਨੇਡਾ ਜਾਂ ਅਮਰੀਕਾ ਵਿੱਚ ਨਾਗਰਿਕਤਾ ਪ੍ਰਾਪਤ ਜਾਂ ਵਰਕ ਪਰਮਿਟ ਤੇ ਰਹਿ ਰਹੀ ਯੋਗ ਕੰਨਿਆ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ ਕਰੋ 825-785-5487 ਜਾਂ ਈ ਮੇਲ: mslummay@gmail.com ***241***

## ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਆਏ ਲੜਕੇ ਉਮਰ 31 ਸਾਲ ,ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ: ਬੀ ਟੈੱਕ ,ਐਲ ਐਲ ਬੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 672 972 9683 ਜਾਂ 91-9814122621 ***241***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਲਗਰੀ ਰਹਿੰਦੇ,ਵੈੱਲ ਸੈਟਲਡ,ਸਿੱਖ ਰਾਜਪੂਤ,ਤਲਾਕ ਸੁਦਾ ਲੜਕੇ, ਉਮਰ 34 ਸਾਲ,ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਹੋਲਡਰ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 587 433 7245 ਜਾਂ 403 863 1809 ***241***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਸਾਲ,ਕੱਦ 6 ਫੁੱਟ 2 ਇੰਚ, ਵਿੱਦਿਅਕ ਯੋਗਤਾ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਮਿਹਨਤੀ ਸੁਭਾਅ ਵਾਲਾ ਨਸ਼ੇ ਤੋਂ ਰਹਿਤ ਵੈਜੀਟੇਰੀਅਨ ਹੈ। ਪੂਰਾ ਪਰਿਵਾਰ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। ਸੰਪਰਕ: 403 667 9796 ***241***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਾਮਗੜ੍ਹੀਆ ਸਿੱਖ ਕਲਸੀ ਪਰਿਵਾਰ ਦੀ ਤਲਾਸੁਦਾ ਲੜਕੀ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ ਬੀ ਏ ਲਈ ਹਾਣ ਪ੍ਰਵਾਣ ਦੇ ਰਾਮਗੜ੍ਹੀਆਂ ਸਿੱਖ ਪਰਿਵਾਰ ਵਿੱਚੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ: 1 204 599 9184 ***241***

## ਲੜਕੇ ਦੀ ਲੋੜ

ਕਨੇਡਾ ਵਿੱਚ ਪੜ੍ਹਾਈ ਉਪਰੰਤ ਵਰਕ ਪਰਮਿਟ ਉੱਪਰ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ,ਜਨਮ 1993, ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਬੀ ਸੀ ਕਨੇਡਾ ਤੋਂ ਪੀ ਜੀ ਡਿਪਲੋਮਾਂ ਇਨ ਬਿਜਨਿਸਮੈਨੇਜਮੈਂਟ ਅਤੇ ਯੂਨੀਵਰਿਸਟੀ ਮੁੰਬਈ ਤੋਂ ਮਾਸਟਰ ਇਨ ਕਾਮਰਸ ਲਈ ਹਾਣ ਪ੍ਰਵਾਣ ਦੇ ਪੀ ਆਰ ਜਾਂ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 899 6354 ***237***

## ਲੜਕੇ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ,ਰਾਮਦਾਸੀਆ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 4 ਇੰਚ, ਵਿੱਦਿਅਕ ਯੋਗਤਾ: ਬੀ ਟੈੱਕ,ਪੀ ਜੀ ਡੀ ਸੀ ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਸੰਪਰਕ: 403 926 7372 ਜਾਂ 94648 35098 ***241***

## ਲੜਕੇ ਦੀ ਲੋੜ

ਜੱਟ ਸਿੱਖ ਕੰਗ ਪਰਿਵਾਰ ਦੀ ਸੋਹਣੀ ਸੁਨੱਖੀ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਲੜਕੀ ਜਨਮ ਦਸੰਬਰ 1989,ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ : ਬੀ ਐੱਸ ਸੀ ,ਆਈ ਟੀ, ਵਰਕ ਪਰਮਿਟ ਉੱਪਰ ਕਨੇਡਾ ਰਹਿ ਰਹੀ ਹੈ, ਲਈ ਹਾਣ ਪ੍ਰਵਾਣ ਦੇ ਬਿਲਕੁੱਲ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 306 570 7133 ***241***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ( Short term Divorce) ਲੜਕੀ ਉਮਰ 26 ਸਾਲ, ਕੱਦ 5 ਫੁੱਟ 7 ਇੰਚ, ਵਿੱਦਿਅਕ ਯੋਗਤਾ: ਬੀ ਐਸ ਸੀ ,ਮੌਜੂਦਾ ਸਮੇ ਮੈਨੇਜਰ ਦੀ ਜੌਬ ਕਰ ਰਹੀ ਲਈ ਨਸ਼ਿਆਂ ਤੋਂ ਰਹਿਤ,ਵੈਜੀਟੇਰੀਅਨ ਗਰੈਜੂਏਟ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਗੁਰਸਿੱਖ ਅਤੇ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਅਲਬਰਟਾ ,ਬੀ ਸੀ ਨੂੰ ਪਹਿਲ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲਿਆਂ ਵਾਲੇ ਕੇਸ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: 587 585 3498 ਜਾਂ 91 95929 91213 ***237***

## ਲੜਕੀ ਦੀ ਲੋੜ

ਧਾਲੀਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿਜਟਿਰ ਵੀਜੇ ਉੱਪਰ ਕੈਲਗਰੀ ਰਹਿੰਦੇ ਲੜਕੇ ਜਨਮ 1985,ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਅਤੇ ਰਿਸ਼ਤੇਦਾਰ ਕਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਵਿਆਹ ਉਪਰੰਤ ਲੜਕੇ ਲੜਕੀ ਨੂੰ ਘਰ ਖਰੀਦਣ ਜਾਂ ਕੋਈ ਕੰਮਕਾਰ ਸੁਰੂ ਕਰਨ ਲਈ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦੇ ਹਨ। ਲੜਕੇ ਕੋਲ ਕਨੇਡਾ ਵਿੱਚ ਟਰੱਕ ਚਲਾਉਣ ਦਾ ਲਾਇਸੈਂਸ ਹੈ। ਸੰਪਰਕ: 403 681 0037 ਜਾਂ 403 614 0001 ***240***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜਨਮ ਦਸੰਬਰ 1991, ਕਲੀਨ ਸੇਵ, ਕੱਦ 5 ਫੁੱਟ 8 ਇੰਚ,ਵਿੱਦਿਅਕ ਯੋਗਤਾ: ਐਮ ਟੈੱਕ, ਸੈਣੀ ਪਰਿਵਾਰ ਦੇ ਇਸੂਲੈਸ ਤਲਾਕਸੁਦਾ,ਕੈਲਗਰੀ ਰਹਿੰਦੇ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਵਾਲਮਾਰਟ ਫਲੀਟ ਵਿੱਚ ਡਰਾਈਵਰ ਹੈ। ਪੂਰਾ ਪਰਿਵਾਰ ਕੈਲਗਰੀ ਵਿੱਚ ਹੀ ਵੈੱਲ ਸੈਟਲਡ ਹੈ। (Girl upper caste no bar) ਸੰਪਰਕ: 587 707 4291 ***240***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 32 ਸਾਲ,ਕੱਦ 5 ਫੁੱਟ 3 ਇੰਚ,ਸੁੰਦਰ ਪੜ੍ਹੀਲਿਖੀ,(Innocently Divorced) ਵਾਸਤੇ ਪੜ੍ਹੇਲਿਖੇ,ਨਸ਼ੇ ਤੋਂ ਰਹਿਤ,ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕੈਲਗਰੀ ਹੀ ਰਹਿ ਰਿਹਾ ਹੈ। ਦੁਆਬਾ ਖੇਤਰ ਨਾਲ ਸਬੰਧਿਤ ਪਰਿਵਾਰ ਹੋਵੇ ਤਾਂ ਪਹਿਲ ਦੇ ਆਧਾਰ ਉੱਪਰ ਵੀਚਾਰ ਕੀਤੀ ਜਾ ਸਕਦੀ ਹੈ। ਸੰਪਰਕ:403 247 8083 ਜਾਂ ਵਟਸਐਪ 403 998 8473 ***240***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਧਾਲੀਵਾਲ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 163 ਸੈਂਟੀਮੀਟਰ, ਵਿੱਦਿਅਕ ਯੋਗਤਾ : Criminology diploma ਹੋਲਡਰ ਅਤੇ ਹੁਣ ਹੈਲਥ ਕੇਅਰ ਅਸਿਸਟੈਂਟ ਦੀ ਜੌਬ ਕਰ ਰਹੀ ਲਈ ਵੈਜੀਟੇਰੀਅਨ ,ਹਾਣ ਪ੍ਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: ਵਟਸਐਪ 91 8264464235 ਜਾਂ 1 204 730 7535 ***240***

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./ WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਵੈਸ਼ਨੂੰ ਜੱਟ ਸਿੱਖ ਧਾਲੀਵਾਲ,ਉਮਰ 30 ਸਾਲਕੱਦ 5 ਫੁੱਟ 9 ਇੰਚ, ਪੈਟਰੋਲੀਅਮ ਇੰਜੀਨੀਅਰ ਦੀ ਜੌਬ ਕਰ ਰਹੇ ਲੜਕੇ ਲਈ ਬੀ ਐਸ ਸੀ ਨਰਸਿੰਗ,ਆਰ ਐਨ, ਕੱਦ 5 ਫੁੱਟ 4 ਇੰਚ, ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਿਟ ਕੇਸ ਵੀ ਵਿਚਾਰਨ ਯੋਗ। ਸੰਪਰਕ ਵਟਸਐਪ : 1 306 209 3896 ***240 RG ***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਨਾਈ ਸਿੱਖ ਪਰਿਵਾਰ ਦੇ ਲੜਕੇ ਉਮਰ 28 ਸਾਲ,ਕੱਦ 5 ਫੁੱਟ 8 ਇੰਚ, ਵਿੱਦਿਅਕ ਯੋਗਤਾ: 4 Year Software Engineering University of Calgary ਤੋਂ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ,ਸੋਹਣੀ ਸੁਨੱਖੀ, ਲੰਮੀ ਪਤਲੀ, ਨਰਮ ਸੁਭਾਅ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਹੀ ਸੈਟਲ ਹੈ ਅਤੇ ਕਨੇਡਾ ਵਿੱਚ ਚੰਗੀ ਜੌਬ ਕਰਦਾ ਹੈ। ਸੰਪਰਕ: 403 889 6509 ਜਾਂ 91 855 8070708 ***239***

## ਲੜਕੀ ਦੀ ਲੋੜ

ਇਟਾਲੀਅਨ ਸਿਟੀਜਨ ,ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਪਰਿਵਾਰ ਦੇ ਤਲਾਕਸੁਦਾ ਉਮਰ 39,ਕੱਦ 5 ਫੁੱਟ 11 ਇੰਚ, ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ,ਵਿਜਟਿਰ ਵੀਜ਼ਾ ਜਾਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਨੇ ਇਟਲੀ ਤੋਂ ਇਲੈਕਟਰੀਕਲ ਦੀ ਪੜਾਈ ਕੀਤੀ ਅਤੇ ਇਲੈਕਟਰਾਨਿਕ ਕੰਪਨੀ ਵਿੱਚ ਕੰਮ ਦਾ ਤਜ਼ਰਬਾ ਵੀ ਹੈ। ਲੜਕੇ ਦਾ ਪਿਛੋਕੜ ਪੰਜਾਬ ਤੋਂ ਜਗਰਾਵਾਂ ਨਾਲ ਹੈ। ਸੰਪਰਕ: 587 707 3871 ***239***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਉੱਪਲ ਪਰਿਵਾਰ ਦੇ ਲੜਕੇ ਉਮਰ 36 ਸਾਲ, ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ:ਬੀਏ ਲਈ ਹਾਣ ਪ੍ਰਵਾਣ ਦੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ । ਵਿਜਟਿਰ ਵੀਜੇ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 236 867 4005 ***239***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ ਉਮਰ 31 ਸਾਲ,ਕੱਦ 5 ਫੁੱਟ 3 ਇੰਚ, ਵਿੱਦਿਅਕ ਯੋਗਤਾ: ਇੰਡੀਆ ਤੋਂ ਬੀ ਐਸ ਸੀ ਨਰਸਿੰਗ,ਫਿਰ ਕਨੇਡਾ ਆਕੇ ਦੋ ਸਾਲ ਹੋਰ ਪੜ੍ਹਾਈ ਕੀਤੀ ਅਤੇ ਹੁਣ ਆਰ ਐਨ ਦੀ ਜੌਬ ਕਰ ਰਹੀ ਹੈ। ਲੜਕੀ ਕੋਲ ਓਨਟਾਰੀਓ ਅਤੇ ਅਲਬਰਟਾ ਵਿੱਚ ਜੌਬ ਕਰਨ ਲਈ ਲਾਇਸੈਂਸ ਹੈ। ਹਾਣ ਪ੍ਰਵਾਣ ਦੀ ਯੋਗਤਾ,ਚੰਗੀ ਪੜ੍ਹਾਈ ਵਾਲੇ ਨਸ਼ਾ ਰਹਿਤ ਕਨੇਡਾ ਵਿੱਚ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1-825 561 7779 ***239***

## ਲੜਕੇ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 25 ਸਾਲ ਕੱਦ 5 ਫੁੱਟ 3 ਇੰਚ ਜਨਮ 1997 ਬੀ ਏ ,ਬੀ ਐੱਡ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਪੱਕੇ ਤੌਰ ਤੇ ਕੈਲਗਰੀ ਵਿਖੇ ਹੀ ਜੌਬ ਕਰ ਰਹੀ ਹੈ । ਸੰਪਰਕ : ਵਟਸ ਐਪ ਮੈਸਿਜ ਜਾਂ ਫੋਨ ਕਾਲ 403 970 3191 ***238***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਕੰਬੋਜ਼ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਬੈਚੂਲਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਮਾਪੇ ਅਤੇ ਭਰਾ ਕਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਉਹਨਾਂ ਕੋਲ ਆਪਣਾ ਘਰ ਹੈ। ਲੜਕੇ ਕੋਲ ਵੀ ਆਪਣਾ ਵੱਖਰਾ ਘਰ ਹੈ । ਸੰਪਰਕ: 306 521 0275 ***238***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕਨੇਡਾ ਵਿੱਚ ਬਚਪਨ ਤੋਂ ਰਹਿੰਦੇ , ਜੱਟ ਸਿੱਖ ਪਰਿਵਾਰ ਦੇ ਲੜਕੇ,ਜਨਮ 1991,ਕੱਦ 5 ਫੁੱਟ 8 ਇੰਚ,ਵਿੱਦਿਅਕ ਯੋਗਤਾ : ਅਲਬਰਟਾ ਸੂਬੇ ਤੋਂ ਹੀ ਸਪਲਾਈ ਚੇਨ ਬਿਜਨਿਸ ਮੈਨੇਜਮੈਂਟ ਪ੍ਰੋਫੈਸ਼ਨਲ ਡੇਜੀਗਨੇਸ਼ਨ,ਹੁਣ ਅਲਬਰਟਾ ਸਰਕਾਰ ਨਾਲ ਪ੍ਰਕਿਊਰਮੈਂਟ ਮੈਨੇਜਰ ਦੇ ਤੌਰ ਤੇ ਜੌਬ ਕਰ ਰਹੇ ਲਈ, ਹਾਣ ਪ੍ਰਵਾਣ ਦੀ ਕਨੇਡਾ ਵਿੱਚ ਹੀ ਜੰਮੀ ਪਲ਼ੀ ਜਾਂ ਲੰਮੇ ਸਮੇਂ ਤੋਂ ਕਨੇਡਾ ਰਹਿ ਰਹੀ ,ਬਰਾਬਰ ਦੀ ਵਿੱਦਿਅਕ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਸੰਪਰਕ ਵਟਸਐਪ ਜਾਂ ਕਾਲ : 587 568 9364 ***237***

## ਲੜਕੀ ਦੀ ਲੋੜ

ਕਨੇਡਾ ਵਿਜ਼ਟਰ ਵੀਜ਼ੇ ਉਪਰ ਆਏ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 9 ਇੰਚ,ਵਿਦਿਅਕ ਯੋਗਤਾ: +2 ,ਲਈ ਕਨੇਡੀਅਨ ਪੀ ਆਰ, ਸਿਟੀਜਨ, ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਵੀ ਸੰਪਰਕ ਕਰ ਸਕਦੀ ਹੈ। ਵਿਨੀਪੈਗ ਨੂੰ ਪਹਿਲ। ਸੰਪਰਕ:1 204 869 2672, e mail: jsbaldev99@gmail.com ***237***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈੱਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 0091 9464034653 ਜਾਂ 1 236 458 2228 ***238***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000



ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.






ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615


## Former Alberta NDP Leader Raj Pannu has endorsed Kathleen Ganley to be the next leader of the party

Edmonton (PAB) Former Alberta NDP Leader Raj Pannu has endorsed Kathleen Ganley to be the next leader of the party and future Premier of the province.

"Kathleen Ganley is a smart, experienced leader. She cares deeply about the Alberta NDP and the incredible people of this province," reads Pannu's endorsement.

"I believe Kathleen when she says she wants to build an economy that works for people. I also hold public education and public healthcare near to my heart and I agree with her that properly supporting both is an investment in our future.

"Kathleen Ganley will make an incredible Alberta NDP leader. She will pull people together and build a team that is ready and focused on winning and forming the next Alberta NDP Government."

Pannu led the Alberta NDP from 2000-2004, and represented the riding of Edmonton-Strathcona as MLA for 11 years before Rachel Notley. He gained broad attention during the 2001 Alberta election campaign with his slogan "Raj Against the Machine," and is respected a great deal by New Democrat supporters and those in opposing political parties.

Kathleen Ganley said she was honoured to have Pannu's support.

**"Raj Pannu served as the leader of our party with integrity, honesty and a commitment to doing the right thing," she said. "He helped build the Alberta NDP to what it's become today. I will work hard every day on this campaign and after being elected leader to fulfil my commitments to him and all supporters to provide experienced, competent leadership, to build an economy that works for people and to invest in public healthcare and public education."**

Ganley recently met with Pannu and members of his family at his home in Edmonton.

## Name Change

I, **BALJINDER KAUR** daughter of **MOHINDER SINGH,** holder of Indian **Passport No.# S5211093,** issued at **JALANDHAR, on 27/08/2018**, permanent resident of **VILLAGE KAILPUR,PO: DAKHA,JAGRAON (LUDHIANA) PIN: 141102, PUNJAB, INDIA** and presently residing at **8413 SADDLERIDGE DR NE CALGARY(AB) T3J4W9** hereby change my name from to **BALJINDER KAUR AULAKH,** with immediate effect.

Date: 30/JAN/ 2024 Cont.: 587 968 8513

## Name Change

I, **GURINDER SINGH** son of **NIRMAL SINGH**, holder of Indian **Passport No.# V2639132**, issued at **CHANDIGARH**, on 15/09/2021, permanent resident of **VILLAGE KAILPUR,PO: DAKHA, JAGRAON (LUDHIANA) PIN: 141102, PUNJAB, INDIA** and presently residing at **8413 SADDLERIDGE DR NE CALGARY(AB) T3J4W9** hereby change my name from **GURINDER SINGH to GURINDER SINGH AULAKH,** with immediate effect.

Date: 30/JAN/ 2024 Cont.: 587 968 8513

## Name Change

I, **DILRAJ SINGH** son of **GURINDER SINGH**, holder of Indian **Passport No.# Y6761609,** issued at VANCOUVER, on 03/08/2023, permanent resident of **VILLAGE KAILPUR,PO: DAKHA, JAGRAON (LUDHIANA) PIN: 141102, PUNJAB, INDIA** and presently residing at **8413 SADDLERIDGE DR NE CALGARY(AB) T3J4W9** hereby change my name from **DILRAJ SINGH to DILRAJ SINGH AULAKH,** with immediate effect.

Date: 30/JAN/ 2024 Cont.: 587 968 8513

## Name Change

I, **GURINDER SINGH** father of **IRMAAN SINGH,** holder of Indian **Passport No. # Y6761652**, issued at **VANCOUVER, on 03/08/2023,** permanent resident of **VILLAGE KAILPUR,PO: DAKHA, JAGRAON (LUDHIANA) PIN: 141102, PUNJAB,INDIA** and presently residing at 8413 **SADDLERIDGE DR NE CALGARY(AB) T3J4W9** hereby change the name of my son from **IRMAAN SINGH to IRMAAN SINGH AULAKH,** with immediate effect.

Date: 30/JAN/ 2024 Cont.: 587 968 8513

## Name Change

I, **MEGHKAMAL** daughter of **RAJINDER SINGH,** holder of Indian Passport No.**# N2513723**, issued at **DEHRADUN,** on 17/09/2015, permanent resident of **VILL-HAZIRA,PO/TEH - BAZPUR,UDHAM SINGH NAGAR, PIN: 262401, UTTARAKHAND, INDIA** and presently residing at **4158 28 AVE NW, EDMONTON (AB) T6L4W1, CANADA**, do hereby change my name from **MEGHKAMAL to MEGHKAMAL KAUR DHILLON,** with immediate effect.

Date: 26/JAN/ 2024 Cont.: 1 236 880 7307

# ਹੁਣ ਮਿੱਟੀ ਨੂੰ ਫਰੋਲ ਜੋਗੀਆ ਵਾਲਾ ਅਸ਼ੋਕ ਬਾਂਸਲ ਮਾਨਸਾ ਬਾਂਸਲ ਦੀ ਵੰਝਲੀ ਇਉਂ ਵਜਾਇਆ ਕਰੂ




ਫਰਵਰੀ 2024 ਤੋਂ ਸ਼ੁਰੂ ਕਰਨ ਲੱਗੇ ਹਾਂ ਪੰਜਾਬੀ ਸੰਗੀਤ ਦੇ ਉਹਨਾਂ ਅਣਗੌਲੇ ਗੀਤਕਾਰਾਂ ਦੀ ਗਾਥਾ ਜਿਹਨਾਂ ਨੇ ਪੰਜਾਬੀ ਸੰਗੀਤ ਜਗਤ ਵਿੱਚ ਯੋਗਦਾਨ ਤਾਂ ਬਹੁਤ ਵੱਡਾ ਪਾਇਆ ਪਰ ਉਹਨਾਂ ਦੇ ਰਚੇ ਗੀਤ ਗਾਉਣ ਵਾਲਿਆਂ ਦੀ ਬੱਲੇ ਬੱਲੇ ਕਰਦਿਆਂ ਅਸੀਂ ਉਹਨਾਂ ਨੂੰ ਭੁੱਲ ਹੀ ਬੈਠੇ ਸਾਂ। ਉਹਨਾਂ ਬਾਰੇ ਅਸ਼ੋਕ ਬਾਂਸਲ ਦੀ ਖੋਜ ਭਰਪੂਰ ਕਿਤਾਬ ਮਿੱਟੀ ਨੂੰ ਫਰੋਲ ਜੋਗੀਆ ਵਿੱਚੋਂ ਪੰਜਾਬੀ ਗੀਤਕਾਰੀ ਦੇ 19 ਗੀਤਕਾਰਾਂ ਬਾਰੇ ਲਗਾਤਾਰਤਾ ਬਣਾਈ ਰੱਖਣ ਦਾ ਵਾਅਦਾ ਕਰਦੇ ਹਾਂ ਪਰ ਅੱਜ ਕੁੱਝ ਸ਼ਬਦ ਅਸ਼ੋਕ ਬਾਂਸਲ ਮਾਨਸਾ ਦੇ ਦਿਲ ਦੀ ਆਵਾਜ ਤੁਹਾਡੇ ਨਾਲ ਸਾਂਝੇ ਕਰਦੇ ਹਾਂ।

ਆਪਣੇ ਵੱਲੋਂ

ਪੇਂਡੂ ਪਿਛੋਕੜ ਹੋਣ ਕਰਕੇ ਨਿਆਣ ਮੱਤੇ ਹੀ ਪੰਜਾਬੀ ਗੀਤਾਂ ਨੇ ਮੈਨੂੰ ਆਪਣੇ ਵੱਲ ਖਿੱਚ ਲਿਆ। ਉਸ ਵੇਲੇ ਗਿਣਤੀ ਦੇ ਹੀ ਗਾਇਕ ਕਲਾਕਾਰ ਹੁੰਦੇ ਸਨ ਪਰ ਸਾਡੇ ਮਾਲਵੇ ਵਿੱਚ ਉਨ੍ਹਾਂ ਦੇ ਅਖਾੜੇ ਬਹੁਤ ਲੱਗਦੇ। ਉਦੋਂ ਰਿਕਾਰਡਾਂ ਦਾ ਜ਼ਮਾਨਾ ਸੀ। ਜੇ ਮੈਂ ਰਿਕਾਰਡਾਂ ਦੀ ਗੱਲ ਕਰਾ ਤਾਂ ਵੀਹਵੀਂ ਸਦੀ ਦੇ ਆਰੰਭ ਵਿੱਚ ਰਿਕਾਰਡਾਂ ਦਾ ਨਿਰਮਾਣ ਸ਼ੁਰੂ ਹੋਇਆ ਉਹ ਰਿਕਾਰਡ ਲਾਖ (Shellac) ਦੇ ਬਣਦੇ ਸਨ ਜੋ ਚਾਬੀ ਵਾਲੀਆਂ ਮਸ਼ੀਨਾਂ ਤੇ ਚਲਦੇ ਸਨ। ਉਹ ਰਿਕਾਰਡ ਇੱਕ ਮਿੰਟ ਵਿੱਚ 78 ਚੱਕਰ ਕੱਟਦੇ ਸਨ (78 R.P.M.) ਰਿਕਾਰਡ ਦੇ ਦੋਵੇਂ ਪਾਸੇ ਇਕ-ਇਕ ਗੀਤ ਹੁੰਦਾ ਸੀ।

1960 ਤੋਂ ਬਾਅਦ ਨਵੀਂ ਤਕਨੀਕ ਆਈ, ਲਾਖ ਦੀ ਥਾਂ ਪਲਾਸਟਿਕ (P.V.C./Poly Vinyl Chloride) ਦੇ ਰਿਕਾਰਡ ਬਨਣ ਲੱਗ ਪਏ। ਪਲਾਸਟਿਕ ਦੇ ਰਿਕਾਰਡ ਲਾਖ ਦੇ ਮੁਕਾਬਲੇ ਵਧੇਰੇ ਸੁਰੱਖਿਅਤ ਸਨ ਲਚਕੀਲੇ ਹੋਣ ਕਰਕੇ ਘੱਟ ਟੁੱਟਦੇ ਸਨ।

ਇਸ ਤਕਨੀਕ ਨਾਲ ਇਕ-ਇਕ ਗੀਤ ਦੀ ਥਾਂ ਦੋ-ਦੋ ਗੀਤ ਤਿੰਨ-ਤਿੰਨ ਗੀਤ ਚਾਰ-ਚਾਰ ਗੀਤ ਇੱਥੋਂ ਤੱਕ ਕਿ ਛੇ-ਛੇ ਗੀਤਾਂ ਦੇ ਵੀ ਰਿਕਾਰਡ ਆ ਗਏ। ਇਹ ਰਿਕਾਰਡ ਬਿਜਲੀ ਵਾਲੀ ਮਸ਼ੀਨ ਤੇ ਚਲਦੇ ਸਨ। ਇਨ੍ਹਾਂ ਦੀ ਸਪੀਡ 78 ਤੋਂ ਘੱਟਾ ਕੇ 45 ਅਤੇ 33-1/3 ਕਰ ਦਿੱਤੀ ਗਈ।

ਇਸ ਤਰ੍ਹਾਂ ਲਾਖ ਵਾਲੇ ਰਿਕਾਰਡਾਂ ਦਾ ਨਾਮ 'ਪੱਥਰ ਵਾਲੇ ਤਵੇ' ਅਤੇ ਪਲਾਸਟਿਕ ਵਾਲੇ ਰਿਕਾਰਡਾਂ ਦਾ ਨਾਮ 'ਪਲਾਸਟਿਕ ਦੇ ਤਵੇ' ਪੱਕ ਗਿਆ। ਜਿਨ੍ਹਾਂ ਰਿਕਾਰਡਾਂ 'ਤੇ ਇੱਕ-ਇੱਕ ਗੀਤ ਹੁੰਦਾ ਉਨ੍ਹਾਂ ਨੂੰ ਐਸ.ਪੀ. (S.P. Single Play) ਜਿਨ੍ਹਾਂ 'ਤੇ ਦੋ-ਦੋ ਗੀਤ ਹੁੰਦੇ ਉਨ੍ਹਾਂ ਨੂੰ ਈ.ਪੀ. (E.P. Extended Play), ਜਿਨ੍ਹਾਂ ਰਿਕਾਰਡਾਂ 'ਤੇ ਤਿੰਨ-ਤਿੰਨ ਗੀਤ ਹੁੰਦੇ ਉਨ੍ਹਾਂ ਨੂੰ ਸੁਪਰ ਸੈਵਨ (S/G) ਜਿਨ੍ਹਾਂ 'ਤੇ ਚਾਰ-ਚਾਰ ਗੀਤ ਉਨ੍ਹਾਂ ਨੂੰ ਐਨ.ਐਲ.ਪੀ. (N.L.P. Non Long Play) ਅਤੇ ਜਿਨ੍ਹਾਂ 'ਤੇ ਛੇ-ਛੇ ਗੀਤ ਆਉਂਦੇ ਉਨ੍ਹਾਂ ਨੂੰ ਐਲ.ਪੀ. (L.P. Long Play) ਦਾ ਨਾਮ ਦਿੱਤਾ ਗਿਆ। ਇਨ੍ਹਾਂ ਰਿਕਾਰਡਾਂ ਦੇ ਆਉਣ ਤੋਂ ਬਾਅਦ ਹੌਲੀ ਹੌਲੀ ਚਾਬੀ ਵਾਲੀਆਂ ਮਸ਼ੀਨਾਂ ਵੀ ਆਉਣੀਆਂ ਬੰਦ ਹੋ ਗਈਆਂ।

ਕੰਪਨੀ ਨੇ ਪੱਥਰ ਵਾਲੇ ਰਿਕਾਰਡਾਂ ਦੇ ਗੀਤ ਪਲਾਸਟਿਕ ਵਾਲੇ ਰਿਕਾਰਡਾਂ 'ਤੇ ਤਬਦੀਲ ਤਾਂ ਕੀਤੇ ਪਰ ਇਸ ਤਬਦੀਲੀ ਵਿੱਚ ਬਹੁਤ ਕੁੱਝ ਗੁਆਚ ਗਿਆ ਬਹੁਤੇ ਗੀਤ ਤਾਂ ਪੱਥਰ ਦੇ ਤਵਿਆਂ ਵਿੱਚ ਹੀ ਪੱਥਰ ਬਣਕੇ ਰਹਿ ਗਏ।

1975 ਦੇ ਕਰੀਬ ਇੱਕ ਹੋਰ ਤਕਨੀਕ ਆਈ ਜੋ ਸੰਗੀਤ ਖੇਤਰ ਵਿੱਚ ਨਵੀਂ ਕਰਾਂਤੀ ਲੈਕੇ ਆਈ ਇਸ ਤਕਨੀਕ ਨੂੰ ਕੈਸਿਟ ਟੇਪ ਰਿਕਾਰਡਰ ਯੁਗ ਕਿਹਾ ਜਾ ਸਕਦਾ ਹੈ। ਇਸ ਦੌਰ ਵਿੱਚ ਕੈਸਿਟ ਐਨੀ ਪ੍ਰਚਲਿਤ ਹੋਈ ਕਿ ਬਹੁਤ ਜਲਦੀ ਰਿਕਾਰਡਾਂ ਦੀ ਥਾਂ ਕੈਸਿਟ ਨੇ ਲੈ ਲਈ ਕੈਸਿਟ ਦੀ ਭਾਰੀ ਵਿਕਰੀ ਨੂੰ ਦੇਖਦੇ ਹੋਏ ਕੰਪਨੀ ਵਾਲਿਆਂ ਨੂੰ ਰਿਕਾਰਡਾਂ ਵਾਲੇ ਗੀਤ ਕੈਸਿਟ ਵਿੱਚ ਤਬਦੀਲ ਕਰਨੇ ਪਏ। ਕੈਸਿਟ ਤੋਂ ਬਾਅਦ ਸੀ.ਡੀ. ਫਿਰ ਚਿੱਪ ਤੇ ਹੁਣ ਤਾਂ ਸਾਰਾ ਕੁੱਝ ਹੀ ਇੰਟਰਨੈੱਟ 'ਤੇ ਤਬਦੀਲ ਹੋ ਚੁਕਿਆ ਹੈ।

ਬੇਸ਼ਕ ਸਮੇਂ-ਸਮੇਂ ਤੇ ਤਕਨੀਕੀ ਬਦਲਾਅ ਕਾਰਨ ਗੀਤ ਸੰਗੀਤ ਨੂੰ ਰਿਕਾਰਡ ਕਰਨ ਵਾਲੇ ਤੇ ਸੁਣਨ ਵਾਲੇ ਸਾਧਨ ਬਦਲਦੇ ਗਏ ਸਮੇਂ ਨਾਲ ਗੀਤਾਂ ਦੇ ਵਿਸ਼ੇ ਵੀ ਬਦਲਦੇ ਗਏ ਤੇ ਸਾਜ਼ ਵੀ ਬਦਲਦੇ ਗਏ ਪਰ ਹਰ ਸਮੇਂ ਵਿੱਚ ਨਵੇਂ ਗੀਤਾਂ ਦਾ ਧਰਾਤਲ (Ground), ਬਣਤਰ (Composition) ਪੁਰਾਣਾ ਪੰਜਾਬੀ ਗੀਤ ਸੰਗੀਤ ਹੀ ਰਿਹਾ।

ਇਸ ਬਦਲਾਅ ਵਿੱਚ ਬਹੁਤ ਕੁੱਝ ਗੁਆਚ ਦਾ, ਗੁਆਚ ਦਾ, ਗੁਆਚ ਗਿਆ ਪੱਥਰ ਵਾਲੇ ਤਵਿਆਂ ਤੋਂ ਲੈਕੇ ਕੈਸਿਟ ਤੱਕ ਸਫਰ ਕਰਦੇ-ਕਰਦੇ ਅਨੇਕਾਂ ਅਣਮੁੱਲੇ ਗੀਤ ਗੁਆਚ ਗਏ।

ਪੁਰਾਣੇ ਤਵਿਆਂ ਨਾਲ ਲਗਾਓ ਹੋਣ ਕਰਕੇ ਮੇਰੇ ਦਿਲ ਨੂੰ ਇੱਕ ਖੋਹ ਜਿਹੀ ਪੈਂਦੀ ਰਹਿੰਦੀ ਕਿ ਆਖਿਰ ਉਹ ਪੁਰਾਣੇ ਗੀਤ ਕਿੱਧਰ ਗਏ। ਮਿਸ਼ਾਲ ਵਜੋਂ ਆਸਾ ਸਿੰਘ ਮਸਤਾਨਾ ਦੀ ਅਵਾਜ਼ ਵਿੱਚ ਇੱਕ ਪੱਥਰ ਦਾ ਰਿਕਾਰਡ ਬਣਿਆ ਸੀ। ਜਿਸ ਦੇ ਇਕ ਪਾਸੇ ਗੀਤ ਸੀ

ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ
ਮੇਰੇ ਯਾਰ ਸਭ ਹੁੰਮ ਹੁੰਮਾ ਕੇ ਚੱਲਣਗੇ

ਇਹ ਗੀਤ ਤਾਂ ਉਸ ਪੱਥਰ ਦੇ ਤਵੇ ਤੋਂ ਚੁੱਕ ਕੇ ਪਲਾਸਟਿਕ ਦੇ ਰਿਕਾਰਡ ਵਿੱਚ ਪਾ ਦਿੱਤਾ ਗਿਆ, ਉਸ ਤੋ ਬਾਅਦ ਕੈਸਿਟ ਤੇ ਸੀ.ਡੀ. ਵਿੱਚ ਵੀ ਆ ਗਿਆ ਪਰ ਉਸ ਰਿਕਾਰਡ ਦੇ ਦੂਸਰੇ ਪਾਸੇ ਜੋ ਗੀਤ ਸੀ

ਦੁਨੀਆਂ ਤੇ ਆ ਕੇ ਜਾਣ ਤੋਂ ਡਰਦਾ ਏ ਆਦਮੀ
ਦੇਖੋ ਜੀ ਕੈਸੀ ਨਾਦਾਨੀ ਕਰਦਾ ਏ ਆਦਮੀ

ਇਹ ਗੀਤ ਨਾ ਕਿਸੇ ਨੇ ਪਲਾਸਟਿਕ ਦੇ ਰਿਕਾਰਡ ਤੇ ਪਾਇਆ ਤੇ ਨਾਂ ਹੀ ਉਸ ਤੋਂ ਬਾਅਦ ਕਿਸੇ ਕੈਸਿਟ ਸੀ.ਡੀ. ਵਿੱਚ ਆਇਆ ਅਜਿਹੇ ਅਨੇਕਾਂ ਹੀ ਗੀਤ ਮੇਰੇ ਅੰਦਰ ਹਟਕੋਰੇ ਭਰਨ ਲੱਗੇ। ਗੁਰਤੇਜ ਕੁਹਾਰ ਵਾਲਾ ਲਿਖਦੈ ਕਿ :-

ਦਿਲ ਨੂੰ ਜੇਕਰ ਅੱਗ ਨਾ ਲੱਗਦੀ
ਮੈਂ ਚਾਨਣ ਤੋਂ ਕੀ ਲੈਣਾਂ ਸੀ
ਹੋਰਾਂ ਵਾਂਗੂੰ ਨ੍ਹੇਰਾ ਢੋਂਦੇ ਢੋਂਦੇ
ਰਾਤ ਬਰਾਤੇ ਜੀਅ ਲੈਣਾਂ ਸੀ

ਇੱਕ ਅਜੀਬ ਕਿਸਮ ਦੀ ਤੜਪ ਨੇ ਮੈਨੂੰ ਪੁਰਾਣੇ ਰਿਕਾਰਡ ਲੱਭਣ ਲਈ ਮਜਬੂਰ ਕਰ ਦਿੱਤਾ। ਇਸ ਭਾਲ ਲਈ ਮੈਂ ਦਰ ਬ ਦਰ ਠੋਕਰਾਂ ਵੀ ਖਾਧੀਆਂ ਪੈਸਾ ਵੀ ਖਰਚ ਕੀਤਾ ਤੇ ਸਮਾਂ ਵੀ ਉਨ੍ਹਾਂ ਗੁਆਚੇ ਹੋਏ ਗੀਤਾਂ ਦੇ ਰਿਕਾਰਡ ਲੱਭ ਕੇ ਦੁਬਾਰਾ ਮਾਸਟਰਿੰਗ ਕਰਕੇ ਦੋ ਸੌ ਦੇ ਕਰੀਬ ਐਲਬਮ ਐਚ.ਐਮ.ਵੀ. ਕੰਪਨੀ ਨੂੰ ਦਿੱਤੀਆਂ। ਜਿਸ ਨੇ ਨਵੇਂ ਸਿਰੇ ਤੋਂ ਕੈਸਿਟ ਤੇ ਸੀ.ਡੀ. ਬਣਾਈਆਂ। ਜਿਸ ਨੂੰ ਪੁਰਾਣੀ ਤੇ ਨਵੀਂ ਸ੍ਰੋਤਾ ਪੀੜ੍ਹੀ ਨੇ ਰੱਜਵਾਂ ਹੁੰਗਾਰਾਂ ਦਿੱਤਾ ਸ੍ਰੋਤਿਆਂ ਦੀ ਇਸ ਪ੍ਰਸੰਸਾ ਨੇ ਮੈਨੂੰ ਇਕ ਨਵੇਂ ਉਤਸ਼ਾਹ ਨਾਲ ਭਰ ਦਿੱਤਾ ਮੇਰਾ ਹੌਸਲਾ ਵੱਧਦਾ ਗਿਆ।

ਇਨ੍ਹਾਂ ਤਬਦੀਲੀਆਂ ਦੌਰਾਨ ਇੱਕ ਹੋਰ ਬਹੁਤ ਵੱਡਾ ਨੁਕਸਾਨ ਹੋਇਆ ਪੁਰਾਣੇ ਤਵਿਆਂ ਤੋਂ ਨਵੇਂ ਤਵੇ ਅਤੇ ਕੈਸਿਟ ਤੇ ਗੀਤ ਤਬਦੀਲ ਕਰਨ ਵੇਲੇ ਸਿਰਫ ਗਾਇਕ ਕਲਾਕਾਰਾਂ ਦੇ ਦੀ ਹੀ ਨਾਮ ਅੰਕਿਤ ਕੀਤੇ ਜਾਂਦੇ ਤੇ ਗੀਤਕਾਰਾਂ ਦੇ ਨਾਮ ਮਨਫੀ ਹੁੰਦੇ ਗਏ।

ਬਹੁਤ ਪੁਰਾਣੇ ਗੀਤਕਾਰ ਤਾਂ ਗੀਤਕਾਰੀ ਨੂੰ ਇਨ੍ਹੇ ਸਮਰਪਿਤ ਤੇ ਸੱਚੇ ਸੁੱਚੇ ਸਨ, ਕਿ ਉਹ ਗੀਤ ਲਿਖਦੇ ਸਮੇਂ ਗੀਤਾਂ ਵਿੱਚ ਆਪਣਾ ਨਾਮ ਪਾਉਣਾ ਵੀ ਮੁਨਾਸਿਬ ਨਹੀਂ ਸਮਝਦੇ ਸਨ। ਸਿਰਫ ਰਿਕਾਰਡ 'ਤੇ ਅੰਕਿਤ ਨਾਮ ਦੇਖ ਕੇ ਹੀ ਗੀਤਕਾਰ ਦੇ ਨਾਮ ਦਾ ਪਤਾ ਚਲਦਾ ਸੀ। ਅੱਜ ਜਦੋਂ ਕੋਈ ਪੁਰਾਣਾ ਗੀਤ ਸੁਣਦੇ ਹਾਂ ਤਾਂ ਗਾਇਕ ਕਲਾਕਾਰ ਦਾ ਨਾਮ ਤੇ ਮੁਹਾਂਦਰਾ ਅੱਖਾਂ ਅੱਗੇ ਆ ਜਾਂਦਾ ਹੈ। ਪਰ ਗੀਤਕਾਰ ਦਾ ਕੋਈ ਥਹੁ ਪਤਾ ਨਹੀਂ ਲੱਗਦਾ। ਇੱਕ ਬੜੀ ਮਸ਼ਹੂਰ ਬੋਲੀ ਹੈ।


ਸੁਪਨਾ ਹੋ ਗਿਆ ਯਾਰਾ
ਵੇ ਖੂਹ ਦੇ ਚੱਕ ਵਾਂਗੂੰ

ਅਸਲ ਵਿੱਚ ਖੂਹ ਮੌਣ ਤੇ ਨਹੀਂ ਬਲਕਿ ਚੱਕ ਤੇ ਖੜਾ ਹੁੰਦੈ, ਮੌਣ ਸਭ ਨੂੰ ਸਾਬਤ ਸੂਰਤ ਦਿਖਾਈ ਦਿੰਦੀ ਹੈ। ਪਰ ਚੱਕ ਕਦੇ ਵੀ ਦਿਖਾਈ ਨਹੀਂ ਦਿੰਦਾ, ਨਾ ਹੀ ਕਿਸੇ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਚੱਕ ਕਿੱਥੇ ਹੈ ਤੇ ਕਿਓਂ ਹੈ?

ਮੇਰੇ ਮੁਤਾਬਿਕ ਗੀਤਕਾਰ ਵੀ ਖੂਹ ਦੇ ਚੱਕ ਵਰਗੇ ਹੁੰਦੇ ਹਨ। ਕਿਸੇ ਵੀ ਗੀਤ ਦੀ ਸਫਲਤਾ ਵਿੱਚ ਮੁੱਢਲਾ ਯੋਗਦਾਨ ਗੀਤਕਾਰ ਦਾ ਹੀ ਹੁੰਦਾ ਹੈ। ਉਸ ਤੋਂ ਬਾਅਦ ਗਾਇਕ ਕਲਾਕਾਰ ਤੇ ਸੰਗੀਤਕਾਰ ਵੀ ਉਸ ਦਾ ਹਿੱਸਾ ਬਣਦੇ ਹਨ।

ਇਸ ਜੁਗਿਆਸਾ ਨੂੰ ਲੈਕੇ ਮੈਂ ਪੰਜਾਹ ਕੁ ਗੀਤਕਾਰਾਂ ਦੀ ਇੱਕ ਸੂਚੀ ਤਿਆਰ ਕੀਤੀ ਜਿਨ੍ਹਾਂ ਦੇ ਗੀਤ ਤਾਂ ਪੰਜਾਬ ਦੀ ਫਿਜ਼ਾ ਵਿੱਚ ਗੂੰਜਦੇ ਹਨ। ਪਰ ਉਨ੍ਹਾਂ ਵਿੱਚੋਂ ਜਿਸਮਾਨੀ ਤੌਰ ਤੇ ਕੋਈ ਵੀ ਗੀਤਕਾਰ ਸਾਡੇ ਵਿੱਚ ਮੌਜੂਦ ਨਹੀਂ। ਜਿਨ੍ਹਾਂ ਗੀਤਕਾਰਾ ਦੀ ਜ਼ਿੰਦਗੀ ਬਾਰੇ ਜਾਨਣ ਲਈ, ਉਨ੍ਹਾਂ ਦੀ ਸਮੱਗਰੀ ਇੱਕਠੀ ਕਰਨ ਲਈ ਮੈਂ ਪੰਦਰਾਂ ਵਰ੍ਹੇਂ ਪੈਰ 'ਚ ਪਈ ਭੌਰੀ ਵਾਂਗੂੰ ਦਿੱਲੀ ਦੱਖਣ ਘੁੰਮਦਾ ਰਿਹਾ। ਇਸ ਘੁੰਮਣ ਘੇਰੀ ਵਿੱਚੋਂ ਮੈਨੂੰ ਇਨ੍ਹਾਂ ਪੰਜਾਹ ਗੀਤਕਾਰਾਂ ਬਾਰੇ ਕਾਫੀ ਕੁੱਝ ਹਾਸਿਲ ਹੋ ਗਿਆ। ਇਸ ਖਰੜੇ ਵਿੱਚ ਉਨ੍ਹਾਂ ਪੰਜਾਹ ਗੀਤਕਾਰਾਂ ਵਿੱਚੋਂ 19 ਗੀਤਕਾਰਾਂ ਦਾ ਪਹਿਲਾ ਸੰਗ੍ਰਿਹ ਤੁਹਾਡੇ ਹੱਥਾਂ ਵਿੱਚ ਦੇ ਕੇ ਅਥਾਹ ਖੁਸ਼ੀ ਮਹਿਸੂਸ ਕਰ ਰਿਹਾ ਹਾਂ। ਪੰਜਾਬ ਗੀਤਕਾਰੀ ਦੇ ਬਾਬਾ ਬੋਹੜ ਸ੍ਰ: ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ, ਕੈਨੇਡਾ ਵਿੱਚ ਪੰਜਾਬ ਜ਼ੁਬਾਨ ਦੇ ਅਲੰਬਦਾਰ ਇਕਬਾਲ ਮਾਹਲ ਸਾਹਿਬ, ਨਾਵਲਕਾਰ ਹਰਮਹਿੰਦਰ ਚਾਹਲ ਕਹਾਣੀਕਾਰ ਦਰਸ਼ਨ ਜੋਗਾ ਦੀ ਹੱਲਾ ਸ਼ੇਰੀ ਸਦਕਾ ਮੈਂ ਇਸ ਕਾਰਜ ਨੂੰ ਨੇਪਰੇ ਚਾੜ ਸਕਿਆਂ ਤੁਹਾਡੇ ਹੁੰਗਾਰੇ ਤੋਂ ਬਾਅਦ ਬਹੁਤ ਜਲਦ ਬਾਕੀ ਦੇ ਗੀਤਕਾਰ ਅਗਲੀਆਂ ਜਿਲਦਾਂ ਵਿੱਚ ਤੁਹਾਡੇ ਸਨਮੁੱਖ ਰੱਖਾਂਗਾਂ।

- ਅਸ਼ੋਕ ਬਾਂਸਲ ਮਾਨਸਾ।




## ਤਤਕਰਾ


ਲਾਲ ਚੂੜਾ ਛਣਕਦਾ - ਗਿਆਨ ਚੰਦ ਧਵਨ
ਇਕ ਵਾਰੀ ਆ ਜਾ ਹਾਣੀਆਂ - ਹਰਭਜਨ ਸਿੰਘ ਚਮਕ
ਮੋੜੇਂਗਾ ਕਦ ਮੁਹਾਰਾਂ - ਸਾਧੂ ਸਿੰਘ ਆਂਚਲ
ਲੰਮਾਂ ਲੰਮਾਂ ਬਾਜਰੇ ਦਾ ਸਿੱਟਾ - ਵਰਮਾ ਮਲਿਕ
ਮੁਟਿਆਰੇ ਜਾਣਾ ਦੂਰ ਪਿਆ - ਇੰਦਰਜੀਤ ਤੁਲਸੀ
ਜੇ ਜਵਾਨੀ ਦਾ ਮਜਾ ਜਾਂਦਾ ਰਿਹਾ - ਚਾਨਣ ਗੋਬਿੰਦਪੁਰੀ
ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ - ਪ੍ਰਕਾਸ਼ ਸਾਥੀ
ਮਲਕੀ ਖੂਹ ਦੇ ਉੱਤੇ ਭਰਦੀ ਸੀ ਪਈ ਪਾਣੀ - ਸੋਹਣ ਸਿੰਘ ਸੀਤਲ
ਮਾਏ ਨੀ ਵਿਚੋਲਾ ਮਰਜੇ - ਦਿਆ ਸਿੰਘ ਦਿਲਬਰ
ਕੁੰਡਲਾਂ ਤੋਂ ਪੁੱਛ ਗੋਰੀਏ - ਚਰਨ ਸਿੰਘ ਸਫ਼ਰੀ
ਆਹ ਲੈ ਮਾਏ ਸਾਂਭ ਕੁੰਜੀਆਂ - ਦੀਪਕ ਜੈਤੋਈ
ਘੁੰਡ ਵਿੱਚ ਨਹੀਂ ਲੁਕਦੇ - ਸਾਜਨ ਰਾਏਕੋਟੀ
ਗੋਰੀ ਦੀਆਂ ਝਾਂਜਰਾਂ - ਨੰਦ ਲਾਲ ਨੂਰਪੁਰੀ
ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ - ਕਰਨੈਲ ਸਿੰਘ 'ਪਾਰਸ'
ਮਿੱਤਰਾਂ ਦੀ ਲੂਣ ਦੀ ਡਲੀ - ਗੁਰਦੇਵ ਸਿੰਘ ਮਾਨ
ਲੱਕ ਹਿੱਲੇ ਮਜਾਜਣ ਜਾਂਦੀ ਦਾ - ਇੰਦਰਜੀਤ ਹਸਨਪੁਰੀ
ਮੈਂ ਕੀ ਪਿਆਰ ਵਿਚੋਂ ਖੱਟਿਆ - ਲਾਲ ਚੰਦ ਯਮਲਾ ਜੱਟ
ਮੱਘਦਾ ਰਹੀਂ ਵੇ ਸੂਰਜਾ - ਸੰਤ ਰਾਮ ਉਦਾਸੀ
ਪਿੱਪਲਾ ਵੇ ਸੱਜਣਾਂ ਦੇ ਪਿੰਡ ਦਿਆ - ਗੁਰਦਾਸ ਰਾਮ ਆਲਮ


facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਆਲੂ ਲੈ, ਗੰਢੇ ਲੈ, ਗੋਭੀ ਲੈ! ਸਬਜੀ ਮੰਡੀ 'ਚੋਂ !!







ਹਰਦੀਪ ਸਿੰਘ ਜਟਾਣਾ
9417254517

ਸਵੇਰੇ ਸਵੇਰੇ ਇੱਕ ਦੋਸਤ ਦੀ ਬੇਟੀ ਦੇ ਵਿਆਹ ਲਈ ਸਬਜੀ ਖਰੀਦਣ ਲਈ ਮਾਨਸਾ ਦੀ ਸਬਜੀ ਮੰਡੀ ਗਏ। ਸੰਘਣੀ ਧੁੰਦ ਅਤੇ ਕੜਾਕੇ ਦੀ ਸਰਦੀ ਦੇ ਬਾਵਜੂਦ ਵੀ ਸਬਜੀ ਮੰਡੀ ਦਾ ਮਹੌਲ ਪੂਰਾ ਗਰਮ ਸੀ। ਕਿਸੇ ਗਲੀ ਵਿੱਚ ਹੋ ਰਹੀ ਦੋ ਪਰਿਵਾਰਾਂ ਦੀ ਲੜਾਈ ਵਾਂਗ ਤੂੰ ਤੂੰ ਮੈਂ ਮੈਂ ਵਰਗੀਆਂ ਅਵਾਜਾਂ ਗੂੰਜ ਰਹੀਆਂ ਸਨ। ਮੂੰਹ ਹਨੇਰੇ ਜਿਹੇ ਅਨੇਕਾਂ ਹੀ ਬੇ ਪਹਿਚਾਣ ਲੋਕ ਮੋਢਿਆਂ 'ਤੇ ਕਿਸੇ ਚੀਜ ਨਾਲ ਭਰੀਆਂ ਬੋਰੀਆਂ ਲੈ ਕੇ ਕਾਹਲੀ ਕਾਹਲੀ ਇੱਧਰ ਉੱਧਰ ਜਾ ਰਹੇ ਸਨ ਜਿਵੇਂ ਕੋਈ ਚੋਰ ਆਪਣੇ ਘਰੋਂ ਹੀ ਚੁਰਾਈ ਕਣਕ ਲੈ ਕੇ ਜਾ ਰਿਹਾ ਹੋਵੇ। ਅਸਲ ਵਿੱਚ ਪਹਿਲਾ ਦ੍ਰਿਸ਼ ਸਬਜੀਆਂ ਅਤੇ ਫਲਾਂ ਦੀ ਬੋਲੀ ਦਾ ਸੀ ਅਤੇ ਦੂਸਰਾ ਵਿਕੇ ਸਮਾਨ ਨੂੰ ਖਪਤਕਾਰਾਂ ਦੀ ਲੋੜ ਪੂਰਤੀ ਲਈ ਆਪੋ ਆਪਣੀ ਮੰਜਿਲ ਵੱਲ ਰਵਾਨਾ ਕਰਨ ਲਈ ਮੁੜ ਲੱਦਿਆ ਜਾ ਰਿਹਾ ਸੀ।

ਜਦੋਂ ਪੂਰਾ ਸ਼ਹਿਰ ਸੁੱਤਾ ਪਿਆ ਸੀ ਤਾਂ ਸਬਜੀ ਮੰਡੀ ਪੂਰੀ ਤਰ੍ਹਾਂ ਜਾਗ ਰਹੀ ਸੀ। ਇੱਕ ਪਾਸੇ ਇੱਕ ਰੇਹੜੀ ਵਾਲਾ ਗਰਮ ਗਰਮ ਚਾਹ ਛਕਾ ਰਿਹਾ ਸੀ। ਦੂਰ ਦੁਰਾਡੇ ਤੋਂ ਸਰਦੀ ਨਾਲ ਸਫਲ ਯੁੱਧ ਲੜਕੇ ਆਏ ਲੋਕ ਚਾਹ ਦੇ ਨਾਲ ਪਕੌੜੇ ਵੀ ਖਾ ਰਹੇ ਸਨ ਤਾਂ ਜੋ ਅਗਲੇ ਸਫਰ ਦੀ ਪੂਰੀ ਤਿਆਰੀ ਕੀਤੀ ਜਾ ਸਕੇ। ਮਟਰ, ਗਾਜਰਾਂ, ਆਲੂ, ਗੋਭੀ,ਪਾਲਕ, ਮੇਥੇ, ਸਰੋਂ, ਮੂੰਗਰੇ, ਸੂੰਗਰੇ,ਮੂਲੀਆਂ, ਕਿੰਨੂੰ, ਅਮਰੂਦ,ਕੇਲਿਆਂ ਸਮੇਤ ਵੱਡੀ ਗਿਣਤੀ ਸਿਆਲੂ ਸਬਜੀਆਂ ਆਪਣੇ ਖਰੀਦਦਾਰਾਂ ਦੀ ਉਡੀਕ ਵਿੱਚ ਠੁਰ ਠੁਰ ਕਰਦੀਆਂ ਜਾਪੀਆਂ। ਅਮਰੀਸ਼ਪੁਰੀ ਵਰਗੀ ਖ਼ਰਬੀ ਆਵਾਜ ਵਾਲੇ ਕਈ ਦੁਕਾਨਦਾਰ ਤਾਜੀ ਸਬਜੀ ਦੇ ਹੋਕਰੇ ਮਾਰ ਮਾਰ ਹੱਥਾਂ 'ਚ ਖਾਲੀ ਬੋਰੀਆਂ ਚੁੱਕੀਂ ਫਿਰਦੇ ਗਾਹਕਾਂ ਦਾ ਧਿਆਨ ਖਿੱਚ ਰਹੇ ਸਨ। ਕੋਈ ਆ ਰਿਹਾ ਸੀ ਤੇ ਕੋਈ ਜਾ ਰਿਹਾ ਸੀ।

ਮੈਂ ਵਿਹਲਾ ਜਿਹਾ ਵੇਖ ਇੱਕ ਦੁਕਾਨਦਾਰ ਕੋਲ ਚਲਾ ਗਿਆ। ਜਾਣਕਾਰੀ ਲਈ ਉਸਨੂੰ ਕਈ ਸਵਾਲ ਕੀਤੇ। ਮੈਂ ਪੁੱਛਿਆ ਸਵੇਰੇ ਕਿਸ ਸਮੇਂ ਜਾਗਦੇ ਹੋਂ ? ਉਹ ਆਹਦਾ ਤਿੰਨ ਵਜੇ। ਠੰਡ ਨੀਂ ਲੱਗਦੀ? ਲੱਗਦੀ ਹੈ ਪਰ ਮੰਨਦੇ ਨੀਂ। ਗੱਲ ਨੂੰ ਅੱਗੇ ਤੋਰਦਿਆਂ ਕਿਹਾ ਤੁਹਾਡੀ ਸਬਜੀ ਤਾਜੀ ਕਿਵੇਂ ਹੁੰਦੀ ਹੈ ਜਦੋਂ ਕਿ ਦੂਰ ਦੁਰਾਡੇ ਤੋਂ ਆਉਂਦੀ ਸਬਜੀ ਦੋ ਦਿਨ ਖੇਤ 'ਚ, ਦੋ ਦਿਨ ਟਰੱਕ 'ਚ ਤੇ ਇੱਕ ਦਿਨ ਮੰਡੀ ਵਿੱਚ ਰਹਿੰਦੀ ਹੈ? ਜੁਆਬ ਮਿਲਿਆ-ਕੈਮੀਕਲਾਂ ਤੇ ਪਾਣੀ ਦੇ ਛਿੜਕਾਅ ਕਰਕੇ। ਮੈਂ ਕਿਹਾ ਯਾਰ ਇਹ ਪਾਪ ਨਹੀਂ ਕਿ ਤੁਸੀਂ ਕਹਿੰਦੇ ਕੁੱਝ ਹੋਰ ਹੋਂ ਤੇ ਵੇਚਦੇ ਕੁੱਝ ਹੋਰ ਹੋਂ? ਪਾਪ ਤਾਂ ਬਹੁਤ ਵੱਡੈ ਪਰ ਇਸ ਵਿੱਚ ਸਾਰਾ ਦੋਸ਼ ਖਪਤਕਾਰ ਦਾ ਹੈ, ਅਸਲ ਵਿੱਚ ਖਪਤਕਾਰ ਸਬਜੀ ਨੂੰ ਗੁਣਾਂ ਕਰਕੇ ਨਹੀਂ ਰੰਗ ਰੂਪ ਕਰਕੇ ਖਰੀਦਦਾ ਹੈ। ਜਦੋਂ ਖਪਤਕਾਰ ਤਾਜੇ ਦੀ ਥਾਂ ਪੌਸਟਿਕ ਸਬਜੀ ਦੀ ਮੰਗ ਕਰਨ ਲੱਗ ਪਿਆ ਥੋਕ ਵਾਲੇ ਤੇ ਦੁਕਾਨਦਾਰ ਵੀ ਗੋਭੀ, ਗਾਜਰਾਂ ਤੇ ਹੋਰ ਸਬਜੀਆਂ ਨੂੰ ਕੈਮੀਕਲਾਂ ਵਿੱਚ ਡੋਬਣੋਂ ਹਟ ਜਾਣਗੇ। ਉਸ ਦੁਕਾਨਦਾਰ ਨੇ ਦੱਸਿਆ ਸਾਡੇ ਬਹੁਤੇ ਗਾਹਕਾਂ ਦੇ ਆਪਣੇ ਭਾਰੀ ਭਰਕਮ ਤੇ ਬੇ-ਢਵੇ ਸਰੀਰ ਆਨੇ ਦੇ ਨਹੀਂ ਹੁੰਦੇ ਪਰ ਉਹ ਟਮਾਟਰ ਤੇ ਬੈਂਗਣ ਚਮਕਦੇ ਭਾਲਦੇ ਨੇ। ਇਹੀ ਹਾਲ ਫਲਾਂ ਦਾ ਹੈ । ਸਾਡਾ ਮਨ ਨਹੀਂ ਕਰਦਾ ਸਬਜੀਆਂ ਅਤੇ ਫ਼ਲਾਂ 'ਤੇ ਜਹਿਰਾਂ ਲਪੇਟਣ ਨੂੰ ਪਰ ਜਦੋਂ ਗਾਹਕ ਹੀ ਜਾਗਰੂਕ ਨਹੀਂ ਫਿਰ ਅਸੀਂ ਘਾਟਾ ਕਿਉਂ ਖਾਈਏ। ਫਿਰ ਮੈਂ ਉਸਨੂੰ ਸਵਾਲ ਕੀਤਾ ਸਬਜੀ ਮੰਡੀ 'ਚ ਪਰਵਾਸੀ ਲੋਕਾਂ ਦੀ ਗਿਣਤੀ ਕੀ ਹੈ?

ਉਹ ਆਂਹਦਾ ਅੱਧੋਂ ਵੱਧ, ਥੋਕ ਵਾਲਿਆਂ ਤੋਂ ਸਬਜੀ ਖਰੀਦ ਕੇ ਦੁਕਾਨਾਂ ਤੇ ਰੇਹੜੀਆਂ ਲਗਾਉਂਣ ਵਾਲੇ ਲੋਕਾਂ ਵਿੱਚ 80% ਪਰਵਾਸੀ ਲੋਕ ਹਨ। ਮੈਂ ਕਿਹਾ ਇਸ ਤਰੀਕੇ ਤਾਂ ਅਗਲੇ ਸਮੇਂ ਫ਼ਲ ਸਬਜੀ ਮੰਡੀ 'ਤੇ ਪਰਵਾਸੀਆਂ ਦਾ ਕਬਜਾ ਹੋ ਜਾਵੇਗਾ? ਜੀ ਬਿੱਲਕੁੱਲ ਹੋ ਜਾਵੇਗਾ, ਪਰ ਕੀਤਾ ਵੀ ਕੀ ਜਾਵੇ? ਮੈਂ ਕਿਹਾ ਕਿਵੇਂ ? ਉਹ ਆਂਹਦਾ ਤੁਸੀਂ ਚਾਰੇ ਪਾਸੇ ਨਜ਼ਰ ਮਾਰ ਕੇ ਦੱਸੋ ਕਿ ਕਿਸੇ ਜੱਟ ਜਾਂ ਬਾਣੀਏ ਦਾ ਪੁੱਤ ਐਨਾ ਜਲਦੀ ਉੱਠ ਕੇ , ਕਈ ਕਿਲੋਮੀਟਰ ਹੱਥਾਂ ਵਾਲੀ ਰੇਹੜੀ ਖਿੱਚ ਕੇ ਤੇ ਭਰੀ ਰੇਹੜੀ ਧੂਹ ਕੇ ਮੁੜ ਪ੍ਰਚੂਨ ਸਬਜੀ ਮੰਡੀ ਤੱਕ ਪੁੱਜਣ ਦੀ ਜੁਰਅਤ ਕਰ ਸਕਦਾ ਹੈ। ਕੀ ਕੋਈ ਐਸਾ ਪੰਜਾਬੀ ਹੈ ਜਿਹੜਾ ਸਰਕਾਰੀ ਥਾਂ 'ਚ ਖੜ੍ਹੀ ਲੱਤ ਰਹਿਕੇ ਹੋਕਰੇ ਮਾਰ ਮਾਰ ਸਾਰਾ ਦਿਨ ਸਮਾਨ ਵੇਚੇ। ਉਹ ਬੰਦਾ ਆਹਦਾ ਪਰਵਾਸੀ ਲੋਕਾਂ ਦਾ ਹਰ ਖੇਤਰ 'ਤੇ ਕਾਬਜ ਹੋਣਾ ਹੈ ਤਾਂ ਫਿਕਰ ਵਾਲੀ ਗੱਲ ਪਰ ਇਹ ਵੀ ਤਾਂ ਸੱਚ ਹੈ ਕਿ ਜਿਹੜਾ ਮਿਹਨਤ ਕਰਦਾ ਹੈ ਮਾਲਕੀ ਵੀ ਤਾਂ ਉਸੇ ਦੀ ਹੁੰਦੀ ਹੈ।

ਕਟਾਖਸ ਕਰਦਿਆਂ ਉਹ ਬੰਦਾ ਆਹਦਾ ਸਾਡੇ ਹਿੰਦੂ ਪਰਿਵਾਰਾਂ ਦੇ 70 % ਫੀਸਦੀ ਨੌਜਵਾਨਾਂ ਤੋਂ ਤਾਂ ਬੈਠ ਕੇ ਖੜ੍ਹਾ ਨਹੀਂ ਹੋਇਆ ਜਾਂਦਾ ਤੇ ਪੰਜਾਹ ਫੀਸਦੀ ਨੌਜਵਾਨਾਂ ਦੇ ਚਿੱਤੜਾਂ 'ਤੇ ਪੈਂਟਾਂ ਨੀਂ ਖੜ੍ਹਦੀਆਂ, ਤੁਹਾਡੇ ਜੱਟਾਂ ਦੇ ਅੱਧੇ ਨੌਜਵਾਨ ਤਾਂ ਖੇਤ ਵੱਲ ਮੂੰਹ ਹੀ ਨਹੀਂ ਕਰਦੇ ਤੇ ਜਿਹੜੇ ਕਰਦੇ ਵੀ ਨੇ ਉਨ੍ਹਾਂ ਨੂੰ ਟਰੈਕਟਰਾਂ 'ਤੇ ਫਿੱਟ ਕੀਤੇ ਦਾਦੀ ਦੇ ਸੰਦੂਕ ਜਿੱਡੇ ਜਿੱਡੇ ਸਪੀਕਰਾਂ ਤੋਂ ਵਿਹਲ ਨੀਂ ਮਿਲਦੀ।ਜਿਸ ਦਿਨ ਆਪਣੇ ਖੇਤ ਦਾ ਸਾਰਾ ਝੋਨਾ ਆਪਣੇ ਹੱਥੀ ਲਗਾਉਂਣ ਵਾਲੇ ਪੰਜ ਦਸ ਨੌਜਵਾਨ ਲੱਭ ਗਏ ਤੁਸੀਂ ਸਮਝ ਲਿ? ਕਿ ਪੰਜਾਬ ਮੁੜ ਤੋਂ ਸਰਦਾਰੀ ਕਾਇਮ ਕਰੇਗਾ। ਮੇਰੇ ਦੋਸਤ ਨੇ ਮੈਨੂੰ ਕਿਹਾ ਸਮਾਨ ਤਾਂ ਸਾਰਾ ਲੈ ਲਿਆ, ਚੱਲੀਏ ਫੇਰ ਹੁਣ ਵਾਪਸ। ਕਿਸੇ ਨੀਂਦ 'ਚੋਂ ਜਾਗਣ ਵਾਂਗ ਮੈਂ ਅੱਭੜਬਾਹੇ ਹਾਮੀ ਭਰੀ ਅਤੇ ਤੁਰ ਪਿਆ। ਹੁਣ ਮੇਰੇ ਕੰਨਾਂ ਵਿੱਚ ਆਲੂ ਲੈ ਗੰਢੇ ਲੈ ਪੰਜਾਬੀ ਆਵਾਜ਼ ਦੀ ਥਾਂ ਆਲੂ ਲੇ , ਗਾਂਢੇ ਲੇ,ਕੇਨੂ ਲੇ ਦੀ ਆਵਾਜ ਪੈ ਰਹੀ ਸੀ।




# 'ਆਦਮੀ ਆਦਮੀ ਅੰਤਰ,ਕੋਈ ਹੀਰਾ ਤੇ ਕੋਈ ਕੰਕਰ'

ਬਹੁਤ ਛੋਟੀ ਸੀ ਜਦ ਇੱਕ ਵਾਰੀ ਆਪਣੇ ਬਾਬਾ ਜੀ ਨਾਲ ਘਰ ਦਾ ਸੌਦਾ-ਪੱਤਾ ਲੈਣ ਨਾਲ ਗਈ ਸੀ। ਮਲੇਰਕੋਟਲਾ ਸਾਡੇ ਪਿੰਡ ਕੋਲ ਦਾ ਮੁਸਲਮਾਨ ਵਸੋਂ ਵਾਲਾ ਸ਼ਹਿਰ ਹੈ। ਬਾਬਾ ਜੀ ਦੱਸਦੇ ਸੀ, ਹੱਲਿਆਂ ਵੇਲੇ ਆਲੇ ਦੁਆਲੇ ਦੇ ਪਿੰਡਾਂ ਤੋਂ ਮੁਸਲਮਾਨ ਲੋਕ ਮਲੇਰਕੋਟਲੇ ਇਕੱਠੇ ਹੋ ਗਏ ਸਨ। ਮੈਨੂੰ ਕੋਈ ਸੋਝੀ ਨਹੀਂ ਸੀ ਕੌਣ ਮੁਸਲਮਾਨ, ਕੌਣ ਸਿੱਖ ਤੇ ਕੌਣ ਹਿੰਦੂ ਹੈ। ਸਭ ਦੇ ਇੱਕੋ ਜਿਹੇ ਮੂੰਹ-ਸਿਰ ਲੱਗਦੇ ਸਨ। ਉਸ ਦਿਨ ਅਸੀਂ ਸਾਰਾ ਦਿਨ ਬਾਜ਼ਾਰ ਵਿੱਚ ਤੁਰਦੇ ਫਿਰਦੇ ਥੱਕ ਗਏ। ਬਾਬਾ ਜੀ ਨੇ ਘਰੋਂ ਲਿਆਂਦੇ ਪਿੱਤਲ ਦੇ ਭਾਂਡੇ ਲੋਹੇ ਦੀ ਤੱਕੜੀ ਤੇ ਤੁਲਵਾ ਕੇ ਸਟੀਲ ਦੇ ਭਾਂਡੇ ਖਰੀਦੇ ਸਨ, ਉੱਪਰ ਸਾਡਾ ਨਾਮ ਲਿਖਵਾ ਕੇ ਜਿਵੇਂ ਤੋਹਫਾ ਦਿੱਤਾ ਹੋਵੇ। ਫੇਰ ਅਸੀਂ ਪਿੰਡ ਨੂੰ ਜਾਣ ਵਾਲੀ ਬੱਸ ਲੈਣੀ ਸੀ। ਉਦੋਂ ਸਾਰੇ ਦਿਨ ਵਿੱਚ ਸਿਰਫ਼ ਦੋ ਵਾਰੀ ਸਵਾਰੀਆਂ ਨਾਲ ਲੱਦੀ ਬੱਸ ਪਿੰਡ ਨੂੰ ਜਾਂਦੀ ਸੀ। ਬੱਸ ਦਾ ਕੰਡਕਟਰ ਹਰੇਕ ਪਿੰਡ ਦੇ ਅੱਡੇ ਤੇ ਸਵਾਰੀਆਂ ਲਾਹੁੰਦਾ ਅਤੇ ਹੋਕਰੇ ਮਾਰ ਕੇ ਹੋਰ ਸਵਾਰੀਆਂ ਚੜ੍ਹਾਉਂਦਾ। ਫੇਰ ਵੀ ਆਪੋ-ਆਪਣੇ ਪਿੰਡ ਉਤਰਨ ਦੀ ਕਾਹਲ ਲੱਗੀ ਹੁੰਦੀ ਜਾਂ ਬੱਸ ਦੇ ਛੁੱਟ ਜਾਣ ਦਾ ਤੌਖਲਾ ਬਣਿਆ ਰਹਿੰਦਾ। ਜਦੋਂ ਅਸੀਂ ਬੱਸ-ਅੱਡੇ ਕੋਲ ਅੱਪੜੇ ਓਥੇ ਇੱਕ ਰੇਹੜੀ ਵਾਲਾ ਕਾਲੀਆਂ, ਮੋਟੀਆਂ ਰਸ ਭਰੀਆਂ ਜਾਮਣਾਂ ਵੇਚਦਾ ਹੋਕਾ ਲਾ ਰਿਹਾ ਸੀ--'ਜਾਮਣਾ ਕਾਲੇ ਕਾਲੇ ਸ਼ਾਹ।' ਮੈਂ ਨੀਝ ਲਾ ਕੇ ਜਾਮਣਾ ਵੱਲ ਵੇਖਦੀ ਰੇੜ੍ਹੀ ਕੋਲ ਜਾ ਖੜ੍ਹੀ। ਬਾਬਾ ਜੀ ਨੇ ਪੂਰੇ ਲਾਡ ਨਾਲ ਪੁੱਛਿਆ, 'ਬਿੰਦਰਾ ਸਿਆਂ, ਖਾਣੇ ਨੇ ਜਾਮਣੂੰ।'ਮੈਂ 'ਹਾਂ' ਵਿੱਚ ਸਿਰ ਹਿਲਾ ਰਹੀ ਸੀ। ਬਾਬਾ ਜੀ ਨੇ ਉਸ ਨੂੰ ਜਾਮਣਾਂ ਤੋਲਣ ਲਈ ਕਿਹਾ। ਉਹ ਜਦ ਚੁਗ ਕੇ ਪਾਉਣ ਲਗਾ ,ਬਾਬਾ ਜੀ ਨੇ ਉਸ ਦਾ ਹੱਥ ਪੂਰੀ ਬੇ-ਰੁਖੀ ਨਾਲ ਪਰ੍ਹਾਂ ਛੰਡਿਆ। ਮੈਂ ਸੋਚ ਰਹੀ ਸੀ ਉਸ ਦੀਆਂ ਜਾਮਣਾਂ ਨੇ, ਬਾਬਾ ਜੀ ਕਿਉਂ ਮੇਰ ਜਤਾ ਰਹੇ ਨੇ। ਉਸ ਨੇ ਤੋਲੀਆਂ ਹੋਈਆਂ ਜਾਮਣਾਂ ਨੂੰ ਇੱਕ ਲਫਾਫੇ ਵਿੱਚ ਪਾ ਕੇ ਇੱਕ ਕੱਚ ਦੀ ਸ਼ੀਸ਼ੀ ਵਿੱਚੋਂ ਕਾਲਾ ਲੂਣ ਉੱਪਰ ਭੁੱਕ ਕੇ ਜਾਮਣਾ ਸਜਾ ਕੇ ਜਦ ਦੇਣ ਦੀ ਕੋਸ਼ਿਸ਼ ਕੀਤੀ ਤਾਂ ਬਾਬਾ ਜੀ ਪੂਰੇ ਹਰਖ ਰਹੇ ਸਨ---'ਤੈਨੂੰ ਕੀਹਨੇ ਕਿਹਾ ਸੀ ਨੂਣ ਭੁੱਕਣ ਨੂੰ। ਤੈਨੂੰ ਦਿਸਦਾ ਨੀ ਅਸੀਂ ਗੁਰਮੁਖ ਪਰਿਵਾਰ ਮੁਸਲਿਆਂ ਦਾ ਨੂਣ ਕਿਵੇਂ ਖਾ ਲਾਂ'ਗੇ। 'ਫੇਰ ਬਾਬਾ ਜੀ ਤੋਲੀਆਂ-ਤੁਲਾਈਆਂ ਜਾਮਣਾ ਉੱਥੇ ਛੱਡ ਕੇ ਮੇਰਾ ਹੱਥ ਫੜ ਕੇ ਬਸ ਵੱਲ ਹੋ ਤੁਰੇ। ਮੈਂ ਬਾਬਾ ਜੀ ਨੂੰ ਪੁੱਛਿਆ ਉਹਨੇ ਕੀ ਕਰਤਾ ਸੀ। ਉਹਨੇ ਤਾਂ ਹੋਰ ਸਵਾਦ ਬਨਾਉਣ ਲਈ ਲੂਣ ਭੁੱਕਿਆ ਸੀ। ਬਾਬਾ ਜੀ ਮੈਨੂੰ ਨਸੀਹਤ ਕਰ ਰਹੇ ਸਨ---'ਬਿੰਦਰਾ ਸਿਆਂ ਆਦਮੀ ਆਦਮੀ ਵਿੱਚ ਅੰਤਰ ਹੁੰਦੈ, ਆਪਾਂ ਇਹਨਾਂ ਦਾ ਨੂਣ ਨੀ ਖਾਣਾ। ਆਪਾਂ ਸਿੱਖ ਹੁੰਨੇ ਆਂ, ਦੇਖੀਂ ਕਿਤੇ ਭੁੱਲ ਕੇ ਵੀ ਨਾ ਖਾ ਲਵੀਂ।'ਇਹ ਸਭ ਗੱਲਾਂ ਮੇਰੀ ਸਮਝ ਤੋਂ ਦੂਰ ਸਨ।



ਉਸ ਤੋਂ ਕਈ ਸਾਲਾਂ ਮਗਰੋਂ ਮੈਂ ਕਿਸੇ ਕਾਨਫਰੰਸ ਲਈ ਪਾਕਿਸਤਾਨ ਗਈ। ਵਿਭਾਗ ਦੀ ਮੁਖੀ ਹੋਣ ਦੇ ਨਾਤੇ ਮੇਰਾ ਉੱਥੇ ਵਿਸ਼ੇਸ਼ ਥਾਂ ਸੀ। ?ਥੇ ਇੱਕ ਮੁਸਲਮਾਨ ਭਰਾ ਨੇ ਹੋਟਲ ਵਿੱਚ ਆ ਕੇ ਪੂਰੀ ਹਲੀਮੀ ਨਾਲ ਮੈਨੂੰ ਕਿਹਾ,-'ਮੇਰੀ ਅੰਮੀ ਤੁਹਾਨੂੰ ਮਿਲਣਾ ਚਾਹ ਰਹੀ ਹੈ,ਇੰਡੀਆ ਤੋਂ ਫੋਨ ਤੇ ਪਤਾ ਲੱਗਾ ਕਿ ਤੁਸੀਂ ਆਏ ਹੋ, ਮੇਰੀ ਅੰਮੀ ਨੇ ਤੁਹਾਡੀ ਕੋਈ ਕਹਾਣੀ ਪੜ੍ਹੀ ਹੈ,ਮੇਰੇ ਨਾਨਕੇ ਵੀ ਪਟਿਆਲੇ ਦੇ ਸਨ।'ਮੈਂ ਉਸ ਦੇ ਘਰ ਗਈ। ਉਸ ਔਰਤ ਨਾਲ ਸਬੱਬੀਂ ਜਾ ਮਿਲਣਾ ਇੱਕ ਵਖਰੀ ਤਰ੍ਹਾਂ ਦੀ ਖ਼ੁਸ਼ੀ ਸੀ। ਉਸ ਨੇ ਹੰਝੂਆਂ ਦੀ ਝੜੀ ਨਾਲ ਮੇਰਾ ਸਵਾਗਤ ਕੀਤਾ। ਮੇਰੇ ਲਈ ਵਿਸ਼ੇਸ਼ ਖਾਣੇ ਦਾ ਪ੍ਰਬੰਧ ਕੀਤਾ ਹੋਇਆ ਸੀ। ਮੈਨੂੰ ਬਾਬਾ ਜੀ ਯਾਦ ਆਏ। ਮੈਂ ਰੱਜੀ ਹੋਣ ਦਾ ਬਹਾਨਾ ਕੀਤਾ। ਨਾਂਹ-ਨਾਂਹ ਕਰਦਿਆਂ ਵੀ ਉਨ੍ਹਾਂ ਦੀਆਂ ਹੱਥੀਂ-ਵੱਟੀਆਂ ਸੇਵੀਆਂ ਖਾ ਕੇ ਜਿਵੇਂ ਮੈਂ ਬਾਬਾ ਜੀ ਦਾ ਮਾਣ ਰੱਖ ਰਹੀ ਸੀ। ਉਸ ਪਰਿਵਾਰ ਦੀ ਮੋਹ-ਮਮਤਾ ਦੇਖ ਕੇ ਮੈਨੂੰ ਲੱਗ ਰਿਹਾ ਸੀ ਇਸ ਪਰਿਵਾਰ ਨੇ ਕਿਵੇਂ ਸਰਹੱਦਾਂ ਟੱਪ ਕੇ ਬਿਗਾਨੀਆਂ ਜੂਹਾਂ ਵਿੱਚ ਆਪਣਾ ਆਪ ਤਰਾਸ਼ਿਆ ਹੋਵੇਗਾ। ਇੱਥੇ ਹਰ ਪਾਕਿਸਤਾਨੀ ਦੁਕਾਨ ਤੋਂ ਲੂਣ ਲਿਆ ਕੇ ਵਰਤ ਰਹੇ ਹਾਂ। ਭਲਾ ਕਿਸੇ ਦਾ ਲੂਣ ਖਾ ਕੇ ਕਿਹੜੀਆਂ ਜੜ੍ਹਾਂ ਹਿਲਦੀਆਂ ਨੇ। ਫੇਰ ਮੈਂ ਸਾਰੀ ਸੂਚੀ ਯਾਦ ਕੀਤੀ। ਕਿੰਨੇ ਵਾਰੀ ਕਸ਼ਮੀਰ ਜਾ ਕੇ ਉਨ੍ਹਾਂ ਦੇ ਹੋਟਲਾਂ ਵਿੱਚ ਖਾਣਾ ਖਾਧਾ ਤੇ ਹੁਣ ਗਵਾਂਢੀ ਰੋਜ਼ੇ ਦੇ ਦਿਨਾਂ ਵਿੱਚ ਕਿੰਨੀਆਂ ਹੀ ਸਵਾਦਲੀਆਂ ਚੀਜ਼ਾਂ ਦਾ ਆਦਾਨ ਪਰਦਾਨ ਕਰਦੇ ਹਨ। ਬਾਬਾ ਜੀ ਦੀ ਕਹੀ ਹੋਈ ਸਤਰ ਕਿ 'ਆਦਮੀ ਆਦਮੀ ਅੰਤਰ,ਕੋਈ ਹੀਰਾ ਤੇ ਕੋਈ ਕੰਕਰ'ਨੂੰ ਪੁੱਠੀ ਸਿੱਧੀ ਕਰ ਕੇ ਇਸ ਦੇ ਅਰਥਾਂ ਤੱਕ ਅਪੜਨ ਦੇ ਯਤਨ ਤੇ ਹਾਂ। ਬਚਪਨ ਵਿੱਚ ਰੇਹੜੀ 'ਤੇ ਛੱਡੀਆਂ ਉਨ੍ਹਾਂ ਜਾਮਣਾਂ ਦੀ ਯਾਦ ਤਾਜ਼ਾ ਕਰਦੀ ਹਾਂ। ਉਸ ਵੇਲੇ ਸੀਨੇ ਵਿੱਚ ਸਮੇਟੇ ਸਵਾਲਾਂ ਦੇ ਜਵਾਬ ਵਿੱਚ ਸੋਚਦੀ ਹਾਂ ਕਿ ਬਾਬਾ ਜੀ ਦੀਆਂ ਨਜ਼ਰਾਂ ਵਿੱਚ ਜੋ ਉਸ ਵੇਲੇ ਕੰਕਰ ਲੱਗਦੇ ਸਨ ਅੱਜ ਉਹੀ ਹੀਰੇ ਵਾਂਗ ਚਮਕਦੇ ਹਨ।


ਘਰ ਖਰੀਦਣਾ ਜਾਂ ਵੇਚਣਾ ਹੋਵੇ ਤਾਂ ਤਜ਼ਰਬੇਕਾਰ ਰੀਐਲਟਰ ਰਾਜ ਮੱਲ੍ਹੀ ਦੀ ਸਲਾਹ ਜਰੂਰ ਲੈ ਲਵੋ



RAJ MALHI
Real Estate Associate
403-619-6130
eXp REALTY
rajmalhiyyc@gmail.com



www.canadacommercialrealty.ca

**Francis Lee**
Associate Broker / REALTOR ®
Cell: (403) 680-6130
O: (403) 278-8899

REALTOR®
Canyon Creek
MaxWell

CANADA COMMERCIAL REAL ESTATE

MaxWell Canyon Creek
#203, 20 Sunpark Plaza SE Calgary, AB T2X 3T2
E-mail: francislee@canadacommercialrealty.ca

Maxwell Canyon Creek
Associate Broker
IC&I Full Commercial Member

Francis Lee is highly trained *Commercial Professional* providing outstanding services with clients looking for commercial properties and business

# ਦੇਖੋ,ਇਸ ਹਫਤੇ ਕਿੰਨੇ ਬਿਜਨਿਸ ਵਿਕਾਊ ਹਨ,ਜੇ ਚਾਹੋ ਤਾਂ ਤੁਸੀਂ ਵੀ ਕਨੇਡਾ ਵਿਚ ਬਿਜਨਿਸਮੈਨ ਬਣ ਸਕਦੇ ਹੋ!

**EXCEPTIONALLY WELL-LOCATED TRUCK STOP**
Asking : $36,000,000, Revenue 2022 : $55,965,918 ,Gas Liter 2022 : 27,720,000 -
- Comprises of a gas station, card lock, C - store, leased franchise restaurant with 16 Acres land which was s built in 2019 and additional 7 Acres development potential is significant.

**APARTMENT & FULL SERVICE FRANCHISE HOTEL**
Asking : $21,500,000,Revenue (Rental: $1,252,560, Hotel:$2,944,266
-88 rooms bachelor suite, 124 rooms of the hotel, 8 meeting rooms and leased out restaurant with 4.56 Acres land.
- There is $1.8 billion project in this city.

**HIGHEND EXTENSION STAY FRANCHISE HOTEL** —add
Asking : $19,900,000, Revenue ( 2023: $3,917,744 ) NOI (2023 : $1,507,195)
Popular national branding flag with rare extended stay, 121-rooms that was built in 2017 with 2.26 Acres located within a major metropolitan area.

**HILTON FRANCHISE HOEL WITH LEASED REASTAURANT**
Asking: $17,500,000, Revenue: (2023 : $4,024,601, 2022:$3,634,128, 121 Rooms, 3 meeting room and leased restaurant (9,000/m) situated 2.87 Acres which was built in 2015.

**BEST WESTERN PLUS FRANCHISE HOTEL WITH LEASED RETAURANT**
Asking : $15,370,000,Revenue ( 2023 : $3,973,637) ,NOI (2023: $1,396,000)
- Four-storey limited-service hotel 105 guest rooms , pool with waterslide, a 5,250Sqft freestanding restaurant and 2.47 Acres land located at big city Alberta .

**GREAT CASH FLOW HOTEL IN CENTRAL AB**
Asking $14,790,000, Revenue 2022: $4,602,995 (Room: $4,287,453, Rental: $315,542) , 2023 :$3,952,342(11 months), NOI 2022 :$2,692,961
-138 room. Leased restaurant, Lounge and free-standing building Liquor store
situated on 4.23 Acres land.

**STRONG CASH FLOW BEST WESTERN PLUS HOTEL**
Asking : $13,490,000, Revenue : (2022 : $3,279,814 ,2023 : $4,092,277, ),
NOI (2022 : $1,402,801, 2023 : $1,946,781)
-96 guest rooms limit service hotel situated 2.54 Acres land which was built in 2013 .

**BEST WESTERN PLUS HOTEL**
Asking: $12,700,000, Revenue (Year end March 31 2023: $3,168,812)
NOI : $1,188,58388 rooms, 2 elevators with 3acres land which was built in 2013 located at very busy heavy major industry in major Hwy.

**FRANCHISE HOTEL AT RESORT AREA**
Asking: $13,250,000, Revenue (Year End April 30) 2022:$3,094,502, 2023: $3,652,872 ,2023 January to October (10months) : $3,393,301
NOI 2022: $1,556,707, 2023 : $1,665,729
- 65-room, 2.48 Acres land with 93 paved parking stalls for the future extension which was built in 2018.
- Main economic influence is transportation, tourism & snow mobile and the ski resort is in the process of development.

**FRANCHISE HOTEL IN CENTRAL AB**
Asking : $5,490,000, Revenue 2022 : $1,033,093, 2023 (Jan to October ) :$989,103
Well built as Best Western standard in Four Storey 66 rooms and 2.35 Acres land hotel with very Highway exposure.

**HOTEL IN CENTRAL AB**
Asking : $3,890,00, Revenue(2022: $855,855) , NOI (2022 : $372,310) -Well maintained 2 storey 45 Rooms hotel that was built in 1999 with 2.95 Acres land located at on Hwy #13 well established city in Central AB .

**WELL MATAINED HOTEL WITH LEASED RESTAURANT**
Asking : $3,790,000, Revenue ( 2023 : $1,271,028, NOI 2023: $451,538)
-99 rooms , leased Stake House restaurant.(2 Executives, 14 Kitchenette, 6 Kitchenette suites, 26 Single, 50 Double) with 3.69 Acres land.
- Situated on the junction of Highway 43 leading to British Columbia and Alaska via Grande Prairie and the north south stretch of Highway 49 towards Donnelly and Alberta Highway 2 towards Peace River

**MOTEL IN CENTRAL ALBERTA**
Asking : $2,090,000, Revenue :( 2022 :$597,066, 2023: $606,126) NOI : 2023: $335,368)
- 44Rooms, 2 bed room manger suite and closed restaurant & Lounge in April 2017 due to manpower which is ready to operate and the VLT license also can apply which used to be 3 VLT Machine .

**FULL SERVICE HOTEL**
Asking : $1,590,000, Revenue 2022 :$1,452,753, 2023 :$1,533,627
NOI : 2022 :$236,991 2023 :$289,817 , 62 ROOM, Restaurant , Lounge with 2.892 Acres located at Northern Albera.
Potential will be significant by owner operation since it has been operated by GM and the owner's cost is over $5m.

**MOTEL WITH LEASED RESTAURANT IN SK**
-Asking: $2,430,000, Revenue(2022:$652,618,2021:$778,400), NOI (2022:$357,999),50 Guest Rooms, leased 98 Seat Restaurant and 2.79Acres land located in north west Saskatchewan.

**WELL MAINTAINED MOTEL**
Asking: $1,290,000, Revenue (2023 : $548,411, NOI :$271,082)
-Well maintained Cement block and stucco 35 room (10 Kitchen), 2 bedroom manager suite with 3.355 Acres land.
- Situated on the junction of Highway 43 leading to British Columbia and Alaska via Grande Prairie and the north south stretch of Highway 49 towards Donnelly and Alberta Highway 2 towards Peace River

**CAR WASH IN BIG CITY AB**
Asking : $4,950,000,Revenue (2021 : $919,410,2022 : $858,461, 2023 : $892,021)
-10 Barn type bay, 2 Auto Bay that was replaced with brand new in 2021.
-All of equipment have been well maintained like brand new car wash.

**FRANCHISE CAMPGROUND IN 1000 ISLAND ON**
Asking: $5,750,000),( Revenue : 2022:$1,134,069, NOI :$552,900)
- 138 site including 10 Cabins plus 2,370sqft house with 87.68 Acres land which was built in 1999 and the extra land developments potential is significant.

**GAS STATION &CAR WASH**
Asking : $2,400,000, Revenue 2022:$3,769,237, NOI 2022:$337,652
-Gas station, C Store, Touchless & wand Car Wash with 2.69 Acres land that was built in 2004 and renovated in 2013 located at the intersection of 2 highways.

**LIQUOR STORE NEAR CALGARY**
Asking : $590,000, Revenue 2021 : $1,839,711, 2022 : $1,762,152, 2023 : $1,758,709
Gross margin : 2021 : $406,531, 2022 : $393,922, 2023 : $356,754
Size: 2,460 Sqft, Lease term : till April 30, 2029 and 5 years option.



# ਜਦ 'ਲਵ ਗਿੱਲ' ਨੇ ਗੁੱਸੇ ਨਾਲ ਕਿਹਾ...ਵੇਖੀ ਜਾ ਛੇੜੀ ਨਾ



ਸੁਰਜੀਤ ਜੱਸਲ
9814607737

ਲਵ ਗਿੱਲ ਪੰਜਾਬੀ ਸਿਨਮੇ ਦੀ ਸਰਗਰਮ ਅਦਾਕਾਰਾ ਹੈ ਜਿਸਨੇ ਛੋਟੇ ਪਰਦੇ ਤੋਂ ਵੱਡੇ ਪਰਦੇ ਵੱਲ ਕਦਮ ਵਧਾਇਆ ਹੈ। 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ' 'ਸ਼ੱਕਰਪਾਰੇ' ਤੇ 'ਕੁਲਚੇ ਛੋਲੇ' ਫ਼ਿਲਮਾਂ ਨਾਲ ਲੱਖਾਂ ਦਰਸ਼ਕਾਂ ਦਾ ਪਿਆਰ ਬਟੋਰਣ ਵਾਲੀ ਖ਼ੂਬਸੂਰਤ ਤੇ ਚੁਲਬੁਲੀ ਅਦਾਕਾਰਾ ਲਵ ਗਿੱਲ ਇਸ ਸਾਲ ਕਈ ਨਵੀਆਂ ਫ਼ਿਲਮਾਂ ਨਾਲ ਪੰਜਾਬੀ ਸਿਨਮੇ ਲਈ ਸਰਗਰਮ ਰਹੇਗੀ। ਜ਼ਿਕਰਯੋਗ ਹੈ ਕਿ ਜਲਦ ਹੀ ਲਵ ਗਿੱਲ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਦੀ ਫ਼ਿਲਮ 'ਵੇਖੀ ਜਾ ਛੇੜੀ ਨਾ' ਵਿਚ ਨਵੇਂ ਅਦਾਕਾਰ ਸਿਮਰ ਖਹਿਰਾ ਨਾਲ ਨਜ਼ਰ ਆਵੇਗੀ। ਆਪਣੇ ਕਿਰਦਾਰ ਬਾਰੇ ਲਵ ਗਿੱਲ ਨੇ ਦੱਸਿਆ ਕਿ ਇਹ ਪਿੰਡਾਂ ਦੇ ਕਲਚਰ ਨਾਲ ਜੁੜੀ ਇਕ ਲਵ ਸਟੋਰੀ ਹੈ ਜਿਸ ਵਿਚ ਕਾਮੇਡੀ ਦੇ ਨਾਲ ਨਾਲ ਪਰਿਵਾਰਕ ਰਿਸ਼ਤਿਆ ਦੀ ਸਾਂਝ ਵੀ ਵਿਖਾਈ ਗਈ ਹੈ। ਫ਼ਿਲਮ ਦੀ ਕਹਾਣੀ ਦੋ ਭਰਾਵਾਂ ਦੁਆਲੇ ਘੁੰਮਦੀ ਹੈ ਜਿੰਨਾ ਦੇ ਵਿਆਹ ਨੂੰ ਲੈ ਕੈ ਪਈ ਉਲਝਣ ਫ਼ਿਲਮ ਨੂੰ ਵਧੇਰੇ ਦਿਲਚਸਪ ਬਣਾਉਂਦੀ ਹੈ। ਉਸਦਾ ਕਿਰਦਾਰ ਵਿਆਹ ਸਮੇਂ ਵਾਪਰੇ ਅਜੀਬੋ ਗਰੀਬ ਹਾਦਸੇ ਕਰਕੇ ਦੋ ਕਿਸ਼ਤੀਆਂ ਵਿਚ ਪੈਰ ਰੱਖਣ ਵਾਲੇ ਵਰਗਾ ਹੈ, ਜੋ ਦਰਸ਼ਕਾਂ ਨੂੰ ਪਸੰਦ ਆਵੇਗਾ।ਉਸਦਾ ਕਿਰਦਾਰ ਕਰਮਜੀਤ ਅਨਮੋਲ ਨਾਲ ਵੀ ਹੈ ਤੇ ਸਿਮਰ ਖਹਿਰਾ ਨਾਲ ਵੀ। ਜਿੱਥੇ ਸਿਮਰ ਨਾਲ ਉਸਦੇ ਰੁਮਾਟਿਕ ਟਰੈਕ ਹੈ, ਉੱਥੇ ਕਰਮਜੀਤ ਅਨਮੋਲ ਵਾਲਾ ਕਾਮੇਡੀ ਮਾਹੌਲ ਵੀ ਦਰਸ਼ਕਾਂ ਨੂੰ ਖ਼ੂਬ ਹਸਾਏਗਾ।

ਵਿੰਨਰਜ਼ ਫ਼ਿਲਮਜ ਦੇ ਬੈਨਰ ਹੇਠ ਰਿਲੀਜ਼ ਹੋ ਰਹੀ ਇਸ ਫ਼ਿਲਮ ਵਿਚ ਕਰਮਜੀਤ ਅਨਮੋਲ, ਸਿਮਰ ਖਹਿਰਾ, ਲਵ ਗਿੱਲ, ਗੁਰਮੀਤ ਸਾਜਨ, ਮਹਾਂਵੀਰ ਭੁੱਲਰ, ਪ੍ਰਕਾਸ਼ ਗਾਧੂ, ਜਤਿੰਦਰ ਕੌਰ, ਪਰਮਿੰਦਰ ਗਿੱਲ, ਰੁਪਿੰਦਰ ਕੌਰ, ਦਲਵੀਰ ਬਬਲੀ, ਨੀਟਾ ਤੰਬੜਭਾਨ ਤੇ ਮਿੰਨੀ ਮੇਹਰ ਮਿੱਤਲ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦਾ ਨਿਰਦੇਸ਼ਨ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਨੇ ਦਿੱਤਾ ਹੈ। ਫ਼ਿਲਮ ਦੇ ਨਿਰਮਾਤਾ ਗੁਰਮੀਤ ਸਾਜਨ ਹਨ ਤੇ ਸਹਿ ਨਿਰਮਾਤਾ ਬਾਗੀ ਸੰਧੂ ਰੁੜਕਾ ਕਲਾਂ (ਯੂ ਕੇ) ਹਨ। ਇਸ ਤੋਂ ਇਲਾਵਾ ਕਾਰਜਕਾਰੀ ਨਿਰਮਾਤਾ ਰਜਤ ਮਲਹੋਤਰਾ, ਐਸੋਸੀਏਟ ਨਿਰਦੇਸ਼ਕ ਬਿਕਰਮਜੀਤ ਗਿੱਲ, ਫੋਟੋਜਨਿਕ ਗੁਰਮੀਤ ਅਤੇ ਕਰੇਟਿਵ ਡਾਇਰੈਕਟਰ ਸੁਜਾਲ ਫ਼ਿਰੋਜ਼ਪੁਰੀਆ ਹਨ, ਜਿੰਨਾਂ ਵੱਲੋਂ ਇਸ ਫ਼ਿਲਮ ਨੂੰ ਬੇਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਫ਼ਿਲਮ ਦੇ ਸਿਨਮੈਟੋਗ੍ਰਾਫਰ ਬਰਿੰਦਰ ਸਿੱਧੂ ਹਨ। ਜ਼ਿਕਰਯੋਗ ਹੈ ਕਿ ਜਿੱਥੇ ਇਸ ਫ਼ਿਲਮ ਦੀ ਕਹਾਣੀ ਤੇ ਡਾਇਲਾਗ ਦਰਸ਼ਕਾਂ ਨੂੰ ਪ੍ਰਭਾਵਤ ਕਰਨਗੇ, ਉੱਥੇ ਫ਼ਿਲਮ ਦਾ ਗੀਤ-ਸੰਗੀਤ ਵੀ ਦਿਲ-ਟੂੰਬਵਾਂ ਹੋਵੇਗਾ। ਫ਼ਿਲਮ ਦੀ ਕਹਾਣੀ ਤੇ ਸਕਰੀਨ ਪਲੇਅ ਮਨਜੀਤ ਸਿੰਘ ਟੋਨੀ ਤੇ ਗੁਰਮੀਤ ਸਾਜਨ ਨੇ ਲਿਖਿਆ ਹੈ। ਡਾਇਲਾਗ ਗਗਨਦੀਪ ਸਿੰਘ ਨੇ ਲਿਖੇ ਹਨ। ਇਹ ਫ਼ਿਲਮ 23 ਫਰਵਰੀ ਨੂੰ ਵਾਈਟ ਹਿੱਲ ਵਲੋਂ ਵੱਡੇ ਪੱਧਰ @ਤੇ ਰਿਲੀਜ਼ ਕੀਤੀ ਜਾਵੇਗੀ।









ਤਰਨਤਾਰਨ ਸ਼ਹਿਰ ਦੀ ਜੰਮਪਲ ਲਵ ਗਿੱਲ ਨੇ ਦੱਸਿਆ ਕਿ ਐਕਟਿੰਗ ਦਾ ਸ਼ੌਂਕ ਉਸ ਨੂੰ ਸਕੂਲ ਕਾਲਜ ਦੇ ਦਿਨਾਂ ਤੋਂ ਹੀ ਪੈ ਗਿਆ ਸੀ। ਪਹਿਲਾਂ ਉਸ ਨੇ ਛੋਟੇ ਪਰਦੇ ਲਈ ਕੰਮ ਕੀਤਾ, ਫ਼ਿਰ ਗਾਇਕਾਂ ਦੇ ਗੀਤਾਂ ਵਿਚ ਮਾਡਲਿੰਗ ਵੀ ਕੀਤੀ। ਮਾਡਲਿੰਗ 'ਚ ਮਿਲੀ ਪਛਾਣ ਨੇ ਹੀ ਉਸ ਲਈ ਫ਼ਿਲਮਾਂ ਦੇ ਦਰਵਾਜੇ ਖੋਲੇ। ਹੁਣ ਤੱਕ ਲਵ ਗਿੱਲ ਅੱਧੀ ਦਰਜਨ ਦੇ ਕਰੀਬ ਫ਼ਿਲਮਾਂ ਤੇ ਦੋ ਦਰਜਨ ਗੀਤਾਂ ਵਿਚ ਕੰਮ ਕਰ ਚੁੱਕੀ ਹੈ। ਇਸ ਸਾਲ 'ਵੇਖੀ ਜਾ ਛੇੜੀ ਨਾ, ਰਿਸ਼ਤੇ-ਨਾਤੇ ਤੇ ਇਕ ਵੈੱਬਸ਼ੀਰਿਜ਼ ਨਾਲ ਦਰਸ਼ਕਾਂ ਦੇ ਰੂਬਰੂ ਹੋਵੇਗੀ।

# ਰੰਗ ਮੰਚ ਤੇ ਪੰਜਾਬੀ ਸਿਨੇਮਾ ਦੀ ਮਾਣਮੱਤੀ ਪ੍ਰਾਪਤੀ ਪਦਮਸ੍ਰੀ ਐਵਾਰਡ : ਪਫਟਾ



ਕਾਲਾ ਸਿੰਘ ਸੈਣੀ,
ਮੋਬਾ:99882-80386

ਪੰਜਾਬੀ ਸਭਿਆਚਾਰ ਦੀ ਬੁੱਕਲ ਵਿੱਚੋਂ ਪੰਜਾਬੀ ਮਾਂ ਬੋਲੀ ਦੇ ਕੁਝ ਸ਼ਬਦ, ਅਖਾਣ ਤੇ ਮੁਹਾਵਰੇ ਅੱਜ ਸਾਡੀ ਬੋਲਚਾਲ ਵਿੱਚੋ ਅਲੋਪ ਹੁੰਦੇ ਜਾ ਰਹੇ ਹਨ।ਪਰ ਸਾਡੇ ਰੰਗਮੰਚ ਤੇ ਫਿਲਮੀਂ ਪਰਦੇ ਨਾਲ ਜੁੜੇ ਕੁਝ ਅਜਿਹੇ ਸੂਝਵਾਨ ਕਲਾਕਾਰ ਹਨ ਜਿਨ੍ਹਾਂ ਨੂੰ ਇਹ ਅਖਾਣ ਤੇ ਮੁਹਾਵਰੇ ਬੋਲਣ ਦੀ ਖ਼ਾਸ ਮੁਹਾਰਤ ਹਾਸਿਲ ਹੈ।ਜਦੋਂ ਇਨ੍ਹਾਂ ਕਲਾਕਾਰਾਂ ਦੇ ਮੂੰਹ ਤੋਂ ਅਜਿਹੇ ਸ਼ਬਦ ਸੁਣਨ ਨੂੰ ਮਿਲਦੇ ਹਨ ਤਾਂ ਅਸੀਂ ਪੰਜਾਬੀ ਸਭਿਆਚਾਰ ਨਾਲ ਸਹਿਜ ਸੁਭਾਅ ਹੀ ਜੁੜ ਜਾਂਦੇ ਹਾਂ। ਇਨ੍ਹਾਂ ਹੀ ਅਦਾਕਾਰਾਂ ਵਿਚੋਂ ਹੈ ਮਾਲਵੇ ਦਾ ਮਾਣ ਨਿਰਮਲ ਰਿਸ਼ੀ।

ਕਦੇ ਕਿਸੇ ਦੇ ਚਿਤ ਚੇਤੇ ਵੀ ਨਹੀਂ ਸੀ ਕਿ ਮਾਨਸਾ ਦੇ ਪਿੰਡ ਵੱਡੇ ਖੀਵਾ ਕਲਾਂ ਦੀ ਜੰਮਪਲ ਨਿਰਮਲਾ,ਨਿਰਮਲ ਰਿਸ਼ੀ ਬਣ ਕੇ ਕਦੇ ਰੰਗਮੰਚ ਦੀ ਦੁਨੀਆਂ ਰਾਹੀਂ,ਕਦੇ ਪੰਜਾਬੀ ਸਿਨੇਮੇ ਦੇ ਪਰਦੇ ਰਾਹੀਂ,ਕਦੇਂ ਟੈਲੀਵੀਜ਼ਿਨ ਦੇ ਛੋਟੇ ਪਰਦੇ ਰਾਹੀਂ ਪੰਜਾਬ ਤੋਂ ਲੈ ਕੇ ਦੇਸ਼ਾਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੇ ਮਾਣ-ਸਨਮਾਨ ਦਾ ਪਾਤਰ ਬਣੇਗੀ। ਨਿਰਮਲ ਰਿਸ਼ੀ ਨੇ ਪਿੰਡ ਦੇ ਸਕੂਲ ਵਿੱਚ ਪੜ੍ਹਨ ਤੋਂ ਬਾਅਦ ਗੰਗਾਨਗਰ ਤੋਂ ਬੀ.ਏ. ਕੀਤੀ। ਫਿਰ ਡੀ.ਪੀ. ਐਡ, ਐਮ.ਐਡ. ਅਤੇ ਐਮ ਫਿਲ ਕੀਤੀ। ਸਕੂਲ ਟਾਈਮ ਤੋਂ ਹੀ ਅਦਾਕਾਰੀ ਦਾ ਸ਼ੌਕ ਉਨ੍ਹਾਂ ਨੂੰ ਅਦਾਕਾਰੀ ਦੇ ਖੇਤਰ ਵੱਲ ਖਿੱਚ ਲੈ ਆਇਆ।ਜ਼ਿੰਦਗੀ ਰੂਪੀ ਕਲਾ ਦੇ ਸਫ਼ਰ ਨੂੰ ਅੱਗੇ ਤੋਰਦੇ ਹੋਏ ਮਰਹੂਮ ਨਾਟਕਕਾਰ ਹਰਪਾਲ ਸਿੰਘ ਟਿਵਾਣਾ ਦੇ ਗਰੁੱਪ ਵਿੱਚ ਸ਼ਾਮਿਲ ਹੋ ਕੇ ਨਾਟਕ ਪੈਸਾ ਬੋਲਦਾ ਹੈ, ਚੋਰ ਨਹੀ ਆਤੇ, ਮੱਸਿਆ ਦੀ ਰਾਤ, ਅਧੂਰੇ ਸੁਪਨੇ,ਹਿੰਦ ਦੀ ਚਾਦਰ, ਕਣਕ ਦੀ ਬੱਲੀ, ਲੋਹਾ ਕੁੱਟ, ਰੱਤਾ ਸਾਲੂ, ਅੰਨਾ ਖੂਹ, ਨਸ਼ਾ ਕੁਰਸੀ ਦਾ, ਚਮਕੌਰ ਦੀ ਗੜ੍ਹੀ, ਸਰਹੰਦ ਦੀ ਦੀਵਾਰ ਆਦਿ ਸੈਂਕੜੇ ਨਾਟਕ 'ਚ ਮਹੱਤਵਪੂਰਨ ਰੋਲ ਕੀਤੇ।ਇਸ ਟੀਮ ਵਿੱਚ ਨਿਰਮਲ ਰਿਸ਼ੀ ਦੇ ਸਾਥੀ ਕਲਾਕਾਰ ਨੀਨਾ ਟਿਵਾਣਾ, ਮਰਹੂਮ ਉਮਪੁਰੀ, ਸਰਦਾਰ ਸੋਹੀ,ਗੁਰਦਾਸ ਮਾਨ,ਦਰਸ਼ਨ ਬੜੀ, ਗਿਰਜਾ ਸ਼ੰਕਰ,ਯੋਗਰਾਜ ਸ਼ੇਢਾ,ਮੋਹਨ ਬੰਗੜ, ਜੀਵਨ ਨੀਲ, ਗੁਰਦੀਪ ਲਲਤੋਂ,ਦਵਿੰਦਰ ਦਮਨ,ਜਸਵੰਤ ਦਮਨ ਆਦਿ ਰਹੇ।ਨਿਰਮਲ ਰਿਸ਼ੀ



ਅਦਾਕਾਰਾ ਨਿਰਮਲ ਰਿਸ਼ੀ ਅਤੇ ਪ੍ਰਾਣ ਸਭਰਵਾਲ।



ਮਲਕੀਤ ਰੌਣੀ, ਕਰਮਜੀਤ ਅਨਮੋਲ।

ਨੇ ਖਾਲਸਾ ਕਾਲਜ ਲੁਧਿਆਣਾ ਵਿਖੇ ਬਤੌਰ ਲੈਕਚਰਾਰ ਨੌਕਰੀ ਦੀ ਸੇਵਾ ਵੀ ਨਿਭਾਈ।ਸੰਨ 1981 ਵਿੱਚ ਹਰਪਾਲ ਸਿੰਘ ਟਿਵਾਣਾ ਦੇ ਨਿਰਦੇਸ਼ਤ ਸੁਪਰਹਿੱਟ ਪੰਜਾਬੀ ਫ਼ਿਲਮ 'ਲੌਂਗ ਦਾ ਲਿਸ਼ਕਾਰਾ ਰਾਹੀ ਪਹਿਲੀ ਵਾਰ ਪਰਦੇ 'ਤੇ 'ਗਲਾਬੋ ਮਾਸੀ' ਦੇ ਕਿਰਦਾਰ ਨਾਲ ਪੂਰੀ ਦੁਨੀਆਂ ਵਿੱਚ ਨਿਰਮਲ ਰਿਸ਼ੀ ਦੀ ਪਛਾਣ ਬਣ ਗਈ।ਪੰਜਾਬੀ ਫਿਲਮ 'ਨਿੱਕਾ ਜੈਲਦਾਰ' ਨਿਰਮਲ ਰਿਸ਼ੀ ਨੇ 'ਪਿਸਤੋਲ ਵਾਲੀ ਗੁਸੇਲ ਬੇਬੇ' ਵਾਲੇ ਕਿਰਦਾਰ ਨਾਲ ਲੋਕਾਂ ਮਨਾਂ 'ਚ ਵੱਖਰੀ ਥਾਂ ਬਣਾਈ ਹੈ।ਬਸ ਫੇਰ ਕਿਸੀ ਫਿਲਮ ਦੀ ਅਪਾਰ ਸਫ਼ਲਤਾਂ ਤੋਂ ਬਾਅਦ ਫ਼ਿਲਮ ਸੁਨੇਹਾ, ਸ਼ੇਰਾਂ ਦੇ ਪੁੱਤ ਸ਼ੇਰ,ਦੀਵਾ ਬਲੇ ਸਾਰੀ ਰਾਤ,ਜਿਗਰਾ ਜੱਟ ਦਾ , ਕੁਰਬਾਨੀ ਜੱਟ ਦੀ , ਉੱਚਾ ਦਰ ਬਾਬੇ ਨਾਨਕ ਦਾ, ਸਰਦਾਰੀ, ਮੇਲਾ, ਅੰਗਰੇਜ਼ ,ਕੁਦੇਸ਼ਣ,ਵੂਮੇਨ ਫਰੋਮ ਦਾ ਈਸਟ, ਲਵ ਪੰਜਾਬ, ਦੁੱਲਾ ਭੱਟੀ,ਬੰਬੂਕਾਟ,ਦਾਰਾ, ਨਿੱਕਾ ਜੈਲਦਾਰ, ਨਿੱਕਾ ਜੈਲਦਾਰ-2,ਲਾਹੌਰੀਏ,ਹਾਰਡ ਕੌਰ, ਬਾਈ ਲਾਰਜ਼,ਅਣਖੀਲੀ ਮੁਟਿਆਰ,ਸਾਡੀ ਲਵ ਸਟੋਰੀ,ਸੂਬੇਦਾਰ ਜੋਗਿੰਦਰ ਸਿੰਘ,ਲੌਂਗ ਲੈਚੀ,ਦਾਣਾ ਪਾਣੀ,ਕੈਰੀ ਔਨ ਜੱਟਾਂ-2,ਪ੍ਰਹੁਣਾ,ਆਟੇ ਦੀ ਚਿੜੀ, ਅਫ਼ਸਰ, ਵੱਡਾ ਕਲਾਕਾਰ,ਗੁਡਿਆਂ ਪਟੋਲੇ,ਵਾਜਰੇ ਦਾ ਛਿੱਟਾਂ,ਗੋਡੇ ਗੋਡੇ ਚਾਅ,'ਦਾ ਰੀਅਲ ਗ੍ਰੇਟ ਸਰਦਾਰ' , ਅਰਜੁਨ,ਬਿੱਟੂ ਦੀ ਕਰੇਜੀ ਫੈਮਿਲੀ ਵਰਗੀਆਂ ਸ਼ਾਨਦਾਰ ਦਰਜ਼ਨਾਂ ਹੀ ਪੰਜਾਬੀ ਫ਼ਿਲਮਾਂ ਕਰਕੇ ਸਿੱਖਰ ਨੂੰ ਛੂਹਦੇ ਹੋਏ ਦੁਨੀਆਂ ਭਰ 'ਚ ਇੱਕ ਨਿਵੇਕਲੀ ਮਿਸਾਲ ਕਾਇਮ ਕੀਤੀ ਹੈ। ਨਿਰਮਲ ਰਿਸ਼ੀ ਨੇ ਹਿੰਦੀ ਫ਼ਿਲਮਾਂ ਸਾਂਝੀ ਦੀਵਾਰ, 'ਦੰਗਲ', 'ਰਾਜ ਮਾਂਹ ਚਾਵਲ' 'ਆਦਿ ਕੀਤੀਆਂ ਹਨ। ਇੱਕ ਹਾਲੀਵੁੱਡ ਫ਼ਿਲਮ 'ਲਿਟਲ ਟੈਰਰ' ਵੀ ਕੀਤੀ ਹੈ।

ਨਿਰਮਲ ਰਿਸ਼ੀ ਦੇ ਸੰਵਾਦ ਬੋਲਣ ਦਾ ਲਹਿਜਾ ਕਮਾਲ ਦਾ ਹੈ, ਉਹਨ੍ਹਾਂ ਦੇ ਠੇਠ ਤੇ ਸਰਲ ਸ਼ਬਦ ਦਰਸ਼ਕਾਂ ਨੂੰ ਧੁਰ ਅੰਦਰ ਤੱਕ ਟੁੰਬਦੇ ਹਨ।ਪੰਜਾਬੀ ਬੋਲੀ ਦਾ ਮਾਣ ਅਦਾਕਾਰਾ ਨਿਰਮਲ ਰਿਸ਼ੀ ਦੀ ਟੈਲੀ ਫ਼ਿਲਮਾਂ ਅਤੇ ਟੀ.ਵੀ. ਸੀਰੀਅਲਾਂ ਦੀ ਵੀ ਵੱਡੀ ਗਿਣਤੀ ਹੈ,ਜ਼ਿਨ੍ਹਾਂ ਰਾਹੀ ਉਨ੍ਹਾਂ ਆਪਣੀ ਵੱਖਰੀ ਪਛਾਣ ਕਾਇਮ ਕੀਤੀ ਹੈ। ਖੇਡ ਪ੍ਰੇਮਿਆਂ, ਕਲਾ ਅਤੇ ਦਰਸ਼ਕਾਂ ਦੇ ਮਿਲੇ ਪਿਆਰ ਦਾ ਸਦਕਾ ਬੈਸਟ ਖੋ-ਖੋ ਅਵਾਰਡ, ਬੈਸਟ ਬਾਸਕਟਬਾਲ ਬਾਲ ਖਿਡਾਰੀ,ਬੈਸਟ ਅਦਾਕਾਰਾ,ਸਮਿਤਾ ਪਾਟਿਲ ਅਵਾਰਡ, ਪੰਜਾਬ ਆਰਟ ਕੌਸ਼ਲ ਦਾ ਸਨਮਾਨ, ਮਾਲਵੇ ਦਾ ਮਾਣ, ਭਾਸਾ ਵਿਭਾਗ ਦਾ ਅਵਾਰਡ,ਬੈਸਟ ਸਮਾਜ ਸੇਵੀ ਦਾ ਸਨਮਾਨ, ਪੀ.ਟੀ.ਸੀ.ਵੱਲੋਂ ਬੈਸਟ ਸਪੋਟਿੰਗ ਕਲਾਕਾਰ ਅਵਾਰਡ,ਰਾਸਟਰੀ ਖੰਡ ਸੰਘ ਪੁਰਸਕਾਰ, ਸਿੱਖ ਐਸੋਸ਼ੀਏਸ਼ਨ ਕੈਲਗਰੀ ਆਦਿ ਅਵਾਰਡ ਅਦਾਕਾਰਾ ਨਿਰਮਲ ਰਿਸ਼ੀ ਦੇ ਫ਼ਿਲਮੀ ਸਫ਼ਰ ਨੂੰ ਹੋਰ ਵੀ ਲੰਮਾਂ ਕਰਦੇ ਹਨ।ਉਨ੍ਹਾਂ ਫ਼ਿਲਮੀ ਸਫ਼ਰ ਦੌਰਾਨ ਰੰਗ ਮੰਚ ਨਾਲ ਵੀ ਮੋਹ ਭੰਗ ਨਹੀਂ ਹੋਣ ਦਿੱਤਾ।ਨਿਰਮਲ ਰਿਸ਼ੀ ਹਰਪਾਲ ਟਿਵਾਣਾ ਫਾਉਡੇਸ਼ਨ ਦੀ ਮੈਂਬਰ ਵੀ ਹੈ। ਅਭਿਨੇਤਰੀ ਨਿਰਮਲ ਰਿਸ਼ੀ ਦੀਆਂ ਹੋਰ ਵੀ ਕਈ ਪੰਜਾਬੀ ਫਿਲਮਾਂ ਆਉਣ ਵਾਲਿਆਂ ਹਨ।

ਪ੍ਰਾਣ ਸੱਭਰਵਾਲ: ਸ਼ਹਿਰ ਜਲੰਧਰ ਦੇ ਜੰਮਪਲ ਪ੍ਰਾਣ ਸੱਭਰਵਾਲ ਹੋਰਾਂ ਨੂੰ ਭਾਰਤ ਸਰਕਾਰ ਵੱਲੋਂ ਪਦਮਸ੍ਰੀ ਐਵਾਰਡ ਝੋਲੀ ਪਾ ਕੇ ਰੰਮਮੰਚ ਦਾ ਵਿਹੜਾ ਖ਼ਸ਼ੀਆਂ ਨਾਲ ਭਰ ਦਿੱਤਾ ਹੈ। ਪ੍ਰਾਣ ਸੱਭਰਵਾਲ ਨੂੰ ਰੰਗਮੰਚ ਨਾਲ ਮੋਹ ਪਾ ਕੇ ਸਕੂਲ ਅਤੇ ਕਾਲਜ ਦੀ ਪੜ੍ਹਾਈ ਦੌਰਾਨ ਨਾਟਕਾਂ ਅਤੇ ਹੋਰ ਪੇਸ਼ਕਾਰੀਆਂ ਵਿੱਚ ਆਪਣੀ ਭੂਮਿਕਾਵਾਂ ਅਦਾ ਕੀਤੀਆਂ ਹਨ। ਥੀਏਟਰ ਦੀ ਦੁਨੀਆਂ ਦੇ ਸਿਰਮੌਰ ਪ੍ਰਿਥਵੀ ਰਾਜ ਕਪੂਰ ਨਾਲ ਥਾਪੀ ਪੰਜਾਬੀ ਡਰਾਮੇ 'ਚ ਆਪਣੀ ਭੂਮਿਕਾ ਨਿਭਾਈ। ਉਨ੍ਹਾਂ ਆਲ ਇੰਡੀਆ ਰੇਡਿਓ ਜਲੰਧਰ ਤੋਂ ਪੇਸ਼ੇਵਰ ਰੰਗਕੰਰਮੀਂ ਵਜੋਂ ਆਪਣੇ ਸਫ਼ਰ ਦੀ ਸੁਰੂਆਤ ਕੀਤੀ। ਚੰਨ ਪ੍ਰਦੇਸ਼ੀ,ਮੜੀ ਦਾ ਦੀਵਾ ਵਰਗੇ ਨਾਟਕਾਂ ਵਿੱਚਲੀਆਂ ਅਹਿਮ ਕਿਰਦਾਰ ਨਿਭਾਏ। ਵਰਕਸ਼ਾਪਾ ਦੀ ਲੜੀ 'ਚ 208 ਮਾਸਿਕ ਗਾਰਡਨ ਥੀਏਟਰ ਫ਼ੈਸਟੀਵਲ ਕੀਤੇ ਹਨ।ਰੰਗਮੰਚ ਦੇ ਇਸ ਸਿਤਾਰੇ ਨੂੰ ਦੀ ਕਈ ਵੱਡੇ ਸਨਮਾਨ ਜਿਨ੍ਹਾਂ 'ਚ ਕੇ.ਐਸ.ਧਾਲੀਵਾਲ,ਨੈਸ਼ਨਲ ਆਈ.ਸੀ. ਨੰਦਾ,ਡਾ.ਹਰਚਰਨ ਸਿੰਘ ਯਾਦਗਾਰ,ਪਟਿਆਲਾ ਰਤਨ ਐਵਾਰਡ,ਆਕਾਸ਼ਬਾਣੀ ਲਾਈਫ਼ ਟਾਈਮ ਅਚੀਵਮੈਂਟ ਐਵਾਰਡ,ਵਿਸ਼ਵ ਪੰਜਾਬੀ ਗੌਰਵ ਐਵਾਰਡ,ਪੰਜਾਬ ਸਰਕਾਰ ਵੱਲੋਂ ਦੋ ਵਾਰੀ ਆਜ਼ਾਦੀ ਦਿਵਸ ਤੇ, ਅਤੇ ਸ਼੍ਰੋਮਣੀ ਰੰਗਮੰਚ ਐਵਾਰਡ ਨਾਲ ਨਿਵਾਜਿਆ ਗਿਆ ਹੈ।

" ਭਾਰਤ ਸਰਕਾਰ ਵੱਲੋਂ ਨਿਰਮਲ ਰਿਸ਼ੀ ਅਤੇ ਪ੍ਰਾਣ ਸਭਰਵਾਲ ਹੋਰਾਂ ਨੂੰ ਪਦਮਸ੍ਰੀ ਐਵਾਰਡ ਨਾਲ ਨਿਵਾਜੇ ਜਾਣ ਦੀ ਖੁਸ਼ੀ ਸਾਂਝੀ ਕਰਦਿਆਂ ਇਸ ਸਬੰਧੀ ਗੱਲਬਾਤ ਕਰਦਿਆਂ ਪੰਜਾਬੀ ਫ਼ਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ ਪਫਟਾ ਦੇ ਪ੍ਰਧਾਨ ਕਰਮਜੀਤ ਅਨਮੋਲ,ਪਫਟਾ ਦੇ ਜਰਨਲ ਸਕੱਤਰ ਮਲਕੀਤ ਰੌਣੀ ਨੇ ਅਦਾਕਾਰਾ ਨਿਰਮਲ ਰਿਸ਼ੀ ਅਤੇ ਪ੍ਰਾਣ ਸਭਰਵਾਲ ਹੋਰਾਂ ਨੂੰ ਮੁਬਾਰਕਵਾਦ ਦਿੰਦੇ ਹੋਏ ਸ਼ੁਭ ਇੱਛਾਵਾ ਸਹਿਤ ਮਾਣ ਮਹਿਸੂਸ ਕਰਦਿਆਂ ਕਿ ਕਿ ਰੰਗ ਮੰਚ ਤੇ ਪੰਜਾਬੀ ਸਿਨੇਮਾ ਲਈ ਇਹ ਮਾਣਮੱਤੀ ਪ੍ਰਾਪਤੀ ਹੈ।ਇਸ ਪ੍ਰਾਪਤੀ ਨਾਲ ਪਫਟਾ ਸੰਸਥਾ ਦਾ ਕੱਦ ਹੋਰ ਉੱਚਾ ਹੋਇਆ ਹੈ।ਉਨ੍ਹਾਂ ਕਿਹਾ ਕਿ ਪੰਜਾਬੀ ਫਿਲਮ ਇੰਡ.ਵਿੱਚ ਪਲੇਠੀ ਪਹਿਲ ਕਦਮੀਂ ਦੱਸਦਿਆਂ ਇਸ ਦਾ ਸਵਾਗਤ ਕੀਤਾ ਹੈ,ਜਿਸ ਨੂੰ ਲੈ ਕੇ ਪਫਟਾ ਦਾ ਵਿਹੜਾ ਖ਼ੁਸ਼ੀਆਂ ਨਾਲ ਭਰ ਗਿਆ ਹੈ।ਜੋ ਕਿ ਮਾਣ ਵਾਲੀ ਗੱਲ ਹੈ "









# ਬੈੱਡ ਸ਼ੀਟਾਂ ਦੀ ਵਰਤੋਂ ਨਾਲ ਫ਼ਰਾਰ ਹੋਇਆ ਮਾਫ਼ੀਆ ਡਾਨ ਗ੍ਰਿਫ਼ਤਾਰ

ਵਿਨੀਪੈਗ ( ਪੰਜਾਬੀ ਅਖ਼ਬਾਰ ਬਿਊਰੋ ) ਇਟਲੀ ਦਾ ਇਕ ਮਾਫ਼ੀਆ ਡਾਨ ਜੋ ਕਿ ਪਿਛਲੇ ਸਾਲ ਬੇਹੱਦ ਜ਼ਿਆਦਾ ਸੁਰੱਖਿਆ ਵਾਲੀ ਜੇਲ੍ਹ ਵਿੱਚੋਂ ਬੈੱਡ ਸ਼ੀਟਾਂ ਦੀ ਵਰਤੋਂ ਨਾਲ ਕੰਧ ਟੱਪ ਕੇ ਫਰਾਰ ਹੋ ਗਿਆ ਸੀ, ਨੂੰ ਫਰਾਂਸ ਵਿੱਚ ਫੜ ਲਿਆ ਗਿਆ ਹੈ।, ਦੱਖਣੀ ਇਟਲੀ ਦੇ ਪੁਗਲੀਆ ਖੇਤਰ ਵਿੱਚ ਕਾਰਜਸ਼ੀਲ ਗਾਰਗਾਨੋ ਮਾਫੀਆ ਦੇ 40 ਸਾਲਾ ਬੌਸ ਮਾਰਕੋ ਰਾਡੁਆਨੋ ਨੂੰ ਬੈਸਟੀਆ, ਕੋਰਸਿਕਾ ਵਿੱਚ ਇੱਕ ਲਗਜ਼ਰੀ ਰੈਸਟੋਰੈਂਟ ਦੇ ਬਾਹਰ ਫੜਿਆ ਗਿਆ, ਜਿੱਥੇ ਉਹ ਇੱਕ ਮਹਿਲਾ ਸਾਥੀ ਨਾਲ ਖਾਣਾ ਖਾ ਰਿਹਾ ਸੀ।ਉਸਨੂੰ ਉਸੇ ਮਾਫ਼ੀਆ ਵਿਰੋਧੀ ਯੂਨਿਟ ਦੁਆਰਾ ਫੜਿਆ ਗਿਆ ਹੈ ਜਿਸਨੇ ਇੱਕ ਹੋਰ ਮਾਫ਼ੀਆ ਡਾਨ ਮੈਟਿ- ਮੇਸੀਨਾ ਡੇਨਾਰੋ ਨੂੰ ਫੜਿਆ ਜਿਸ ਦੀ ਤਿੰਨ ਦਹਾਕਿਆਂ ਤੋਂ ਤਲਾਸ਼ ਸੀ, ਹੁਣ ਫੜੇ ਗਏ ਮਾਫ਼ੀਆ ਡਾਨ ਰਾਡੁਆਨੋ ਨੂੰ ਯੂਰੋਪੋਲ ਦੇ ਸਿਖਰਲੇ 10 ਸਭ ਤੋਂ ਖ਼ਤਰਨਾਕ ਭਗੌੜਿਆਂ ਵਿੱਚ ਸੂਚੀਬੱਧ ਕੀਤਾ ਗਿਆ ਸੀ। ਉਸ ਦਾ ਸੱਜਾ ਹੱਥ ਸਮਝੇ ਜਾਂਦੇ ਗਿਆਨਲੁਗੀ ਟ੍ਰੋਈਆਨੋ ਨੂੰ ਵੀ ਫੜ ਲਿਆ ਗਿਆ, ਜੋ ਕਿ ਘਰ ਵਿੱਚ ਨਜ਼ਰਬੰਦ ਸੀ ਅਤੇ ਸਾਲ 2021 ਵਿੱਚ ਆਪਣੇ ਇਲੈਕਟ੍ਰਾਨਿਕ ਬਰੇਸਲੇਟ ਨੂੰ ਵੱਖ ਕਰਨ ਤੋਂ ਬਾਅਦ ਫ਼ਰਾਰ ਹੋ ਗਿਆ ਸੀ। ਉਸ ਨੂੰ ਗ੍ਰੇਨਾਡਾ, ਸਪੇਨ ਵਿੱਚ ਇਕ ਸਰਵਿਸ ਪੁਆਇੰਟ ਤੋਂ ਪਾਰਸਲ ਚੁੱਕਣ ਦੌਰਾਨ ਗ੍ਰਿਫਤਾਰ ਕੀਤਾ ਗਿਆ ਹੈ।

# ਭਾਰਤ ਦੇ 10,000 ਉਸਾਰੀ ਕਾਮੇ ਇਜ਼ਰਾਈਲ ਦੀ ਪਟੜੀ ਲੀਹ ‘ਤੇ ਲਿਆਉਣਗੇ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਹਮਾਸ ਵੱਲੋਂ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ ’ਤੇ ਕੀਤੇ ਗਏ ਹਮਲੇ ਮਗਰੋਂ ਮੁਲਕ ਦੇ ਉਸਾਰੀ ਸੈਕਟਰ ’ਚ ਵਰਕਰਾਂ ਦੀ ਕਮੀ ਹੋ ਗਈ ਹੈ ਜਿਸ ਦੀ ਪੂਰਤੀ ਲਈ ਭਾਰਤ ਦੇ ਲਗਭਗ 10,000 ਕਾਮੇ ਅਗਲੇ ਹਫ਼ਤੇ ਤੋਂ ਇਜ਼ਰਾਈਲ ਵਿੱਚ ਪਹੁੰਚਣੇ ਸ਼ੁਰੂ ਹੋ ਜਾਣਗੇ। ਇਜ਼ਰਾਈਲ ਦੀ ਬਿਲਡਰਜ਼ ਐਸੋਸੀਏਸ਼ਨ (ਆਈਬੀਏ) ਦੇ ਇੱਕ ਸੂਤਰ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਹਫ਼ਤੇ ਵਿੱਚ 700 ਤੋਂ 1,000 ਦੇ ਬੈਚਾਂ ਵਿੱਚ ਵਰਕਰ ਇਥੇ ਪਹੁੰਚਣਗੇ। ਗਾਜ਼ਾ ਵਿੱਚ ਹਮਾਸ ਨਾਲ ਜੰਗ ਮਗਰੋਂ ਫਲਸਤੀਨੀ ਮਜ਼ਦੂਰਾਂ ਦੇ ਇਜ਼ਰਾਈਲ ’ਚ ਦਾਖ਼ਲੇ ਤੇ ਪਾਬੰਦੀ ਲਾਉਣ ਅਤੇ ਕਈ ਹਜ਼ਾਰ ਹੋਰ ਵਿਦੇਸ਼ੀ ਵਰਕਰਾਂ ਦੇ ਮੁਲਕ ’ਚੋਂ ਜਾਣ ਕਾਰਨ ਇਜ਼ਰਾਇਲੀ ਨਿਰਮਾਣ ਉਦਯੋਗ ਡੂੰਘੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਜ਼ਰਾਈਲ ਦੇ ਬਿਜ਼ਨਸ ਅਖ਼ਬਾਰ ‘ਦਿ ਕੈਲਕਲਿਸਟ’ ਨੇ ਪਿਛਲੇ ਹਫ਼ਤੇ ਇੱਕ ਰਿਪੋਰਟ ਵਿੱਚ ਕਿਹਾ ਸੀ ਕਿ ਉਸਾਰੀ ਉਦਯੋਗ ਲਈ ਵਿਦੇਸ਼ੀ ਮਨੁੱਖੀ ਸ਼ਕਤੀ ਦਾ ਕੋਟਾ 30,000 ਤੋਂ ਵਧਾ ਕੇ 50,000 ਕਰ ਦਿੱਤਾ ਗਿਆ ਹੈ ਅਤੇ ਇਜ਼ਰਾਇਲੀ ਸਰਕਾਰ ਨੇ ਪਿਛਲੇ ਮਹੀਨੇ ਭਾਰਤ ਤੋਂ 10,000 ਵਰਕਰਾਂ ਨੂੰ ਮੁਲਕ ’ਚ ਆਉਣ ਦੀ ਮਨਜ਼ੂਰੀ ਦਿੱਤੀ ਸੀ।

























# ਕਵਿਤਾ ਲਿਖਣ ਲਈ ਕਵੀ ਦਾ ਕਲਪਨਾਸ਼ੀਲ ਹੋਣਾ ਲਾਜ਼ਮੀ ਹੈ-ਸੁਰਿੰਦਰ ਗੀਤ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਸਾਲ 2024 ਦੀ ਪਹਿਲੀ ਮਾਸਿਕ ਇਕੱਤਰਤਾ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿੱਚ ਹੋਈ। ਸਵਾਗਤੀ ਸ਼ਬਦਾਂ ਵਿੱਚ ਸਭਾ ਦੇ ਜਨਰਲ ਸਕੱਤਰ ਸ: ਗੁਰਦਿਆਲ ਸਿੰਘ ਖਹਿਰਾ ਨੇ ਨਵੇਂ ਸਾਲ, ਲੋਹੜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੀਆਂ ਵਧਾਈਆਂ ਸਭ ਨਾਲ ਸਾਂਝੀਆਂ ਕੀਤੀਆਂ। ਸਭਾ ਦੇ ਸਿਰ ਕੱਢ ਮੈਂਬਰ ਅਤੇ ਸੁਹਿਰਦ ਸਾਹਿਤਕਾਰ ਸ। ਜਗਦੇਵ ਸਿੰਘ ਸਿੱਧੂ ਦੇ ਭਤੀਜੇ ਦੀ ਬੇ-ਵਕਤ ਮੌਤ ਉੱਪਰੇ ਸਭਾ ਦੇ ਸਾਰੇ ਮੈਂਬਰਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਕੈਲਗਰੀ ਲੇਖਕ ਸਭਾ ਦੇ ਪ੍ਰਧਾਨ ਸ: ਜਸਵੀਰ ਸਿੰਘ ਸਿਹੋਤਾ ਨੇ ਹਿੰਦੂ ਸਿੱਖ ਏਕਤਾ ਲਈ ਅਪੀਲ ਕਰਦੀ ਆਪਣੀ ਮੌਲਿਕ ਰਚਨਾ ਸੁਣਾਈ। ਡਾ: ਮਨਮੋਹਨ ਸਿੰਘ ਬਾਠ, ਪੈਰੀ ਮਾਹਲ, ਸੁਰਿੰਦਰ ਢਿੱਲੋਂ ਸਰਬਜੀਤ ਕੌਰ ਉੱਪਲ, ਜਸਵੰਤ ਸਿੰਘ ਕਪੂਰ, ਸੁਖਮੰਦਰ ਸਿੰਘ ਤੂਰ ਨੇ ਵੀ ਮੰਚ ਉਪਰੋਂ ਲਗਵਾਈ। ਅੰਤ ਵਿੱਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਆਪਣੇ ਕਵਿਤਾ ਲਿਖਣ ਦੇ ਤਜਰਬੇ ਬਾਰੇ ਸਾਂਝ ਪਾਈ। ਕਵਿਤਾ ਦੀ ਕੋਈ ਸੀਮਾਂ ਨਹੀਂ ਹੁੰਦੀ। ਕਵਿਤਾ ਲਿਖਣ ਲਈ ਕਵੀ ਦਾ ਕਲਪਨਾਸ਼ੀਲ ਹੋਣਾ ਲਾਜਮੀ ਹੈ। ਕਲਪਨਾ ਤੋਂ ਬਿਨਾਂ ਨਾ ਹੀ ਕਵਿਤਾ ਲਿਖੀ ਜਾ ਸਕਦੀ ਹੈ ਅਤੇ ਨਾ ਹੀ ਸਮਝੀ ਜਾ ਸਕਦੀ ਹੈ। ਸੁਰਿੰਦਰ ਗੀਤ ਨੇ ਆਪਣੀ ਇੱਕ ਕਵਿਤਾ ਦੀ ਸਾਂਝ ਪਾਈ।

ਸਿਰ ਢੱਕ ਆਪਣਾ,ਅਦਬ ਪਿਆਰ
ਨਾਲ, ਤੇਲ ਦਰਾਂ ਤੇ ਚੋਇਆ
ਗੀਝੇ ਚੋਂ ਕੱਢ, ਫ਼ੁੱਲ ਕੇਸੂ ਇੱਕ ਮੇਰੀ
ਤਲੀ ਟਿਕਾਇਆ

ਮੰਚ ਸੰਚਾਲਨ ਕਰਦਿਆਂ ਗੁਰਦਿਆਲ ਸਿੰਘ ਖਹਿਰਾ ਨੇ ਰੌਚਕ ਗੱਲਬਾਤ ਅਤੇ ਸੁੰਦਰ ਕਾਵਿ ਟੋਟਕਿਆਂ ਨਾਲ ਸਰੋਤਿਆਂ ਨੂੰ ਆਪਣੇ ਨਾਲ ਜੋੜੀ ਰੱਖਣ ਦੀ ਵਿਸ਼ੇਸ਼ ਮੁਹਾਰਤ ਨੇ ਸਮੁੱਚੇ ਪ੍ਰੋਗਰਾਮ ਨੂੰ ਹੋਰ ਵੀ ਰੌਚਿਕ ਬਣਾ ਦਿੱਤਾ।

# ਕਿੰਗ ਚਾਰਲਸ ਦੇ ਕੈਂਸਰ ਤੋਂ ਪੀੜ੍ਹਤ ਹੋਣ ਦੀ ਪੁਸ਼ਟੀ



ਲੰਡਨ (ਪੰਜਾਬੀ ਅਖ਼ਬਾਰ ਬਿਊਰੋ ) ਇੰਗਲੈਂਡ ਦੇ ਕਿੰਗ ਚਾਰਲਸ ਦਾ ਡਾਇਗਨੋਸਿਸ ਕਰਵਾਇਆ ਗਿਆ ਹੈ, ਜਿਸ 'ਚ ਉਨ੍ਹਾਂ ਨੂੰ ਕੈਂਸਰ ਹੋਣ ਦਾ ਪਤਾ ਲੱਗਾ ਹੈ। ਬਕਿੰਘਮ ਪੈਲੇਸ ਨੇ ਕਿੰਗ ਚਾਰਲਸ ਬਾਰੇ ਇਹ ਵੱਡੀ ਜਾਣਕਾਰੀ ਸਾਂਝੀ ਕੀਤੀ ਹੈ। ਪੈਲੇਸ ਵੱਲੋਂ ਦਿੱਤੀ ਜਾਣਕਾਰੀ 'ਚ ਦੱਸਿਆ ਗਿਆ ਹੈ ਕਿ ਹਸਪਤਾਲ 'ਚ ਪ੍ਰੋਸਟੇਟ ਦਾ ਚੈੱਕਅੱਪ ਕਰਵਾਉਣ ਗਏ ਕਿੰਗ ਨੂੰ ਇਸ ਬੀਮਾਰੀ ਬਾਰੇ ਪਤਾ ਲੱਗਿਆ । ਇਸ ਕਾਰਨ ਡਾਕਟਰਾਂ ਨੇ ਉਨ੍ਹਾਂ ਨੂੰ ਸਮੇਂ ਸਿਰ ਇਲਾਜ ਅਤੇ ਰੋਜ਼ਾਨਾ ਚੈਕਅੱਪ ਲਈ ਸਲਾਹ ਦਿੰਦੇ ਹੋਏ ਲੋਕਾਂ ਨੂੰ ਮਿਲਣ ਵਾਲੇ ਪ੍ਰੋਗਰਾਮਾਂ ਨੂੰ ਟਾਲਣ ਦਾ ਕਿਹਾ ਹੈ। ਇਸ ਦੌਰਾਨ ਉਹ ਕਾਗਜ਼ੀ ਕੰਮ ਰੋਜ਼ਾਨਾਂ ਵਾਂਗ ਕਰਦੇ ਰਹਿਣਗੇ। ਪੈਲੇਸ ਵੱਲੋਂ ਜਾਰੀ ਕੀਤੇ ਗਏ ਬਿਆਨ 'ਚ ਕਿਹਾ ਗਿਆ ਹੈ ਕਿ ਕਿੰਗ ਚਾਰਲਸ ਨੇ ਆਪਣੀ ਮੈਡੀਕਲ ਟੀਮ ਦਾ ਧੰਨਵਾਦ ਕੀਤਾ ਹੈ। ਉਹ ਆਪਣੇ ਇਲਾਜ ਬਾਰੇ ਕਾਫ਼ੀ ਸਕਾਰਾਤਮਕ ਰਵੱਈਆ ਅਪਣਾ ਰਹੇ ਹਨ ਤੇ ਪੂਰੀ ਤਰ੍ਹਾਂ ਠੀਕ ਹੋ ਕੇ ਵਾਪਸ ਆਉਣ ਬਾਰੇ ਸੋਚ ਰਹੇ ਹਨ। ਬਿਆਨ 'ਚ ਅੱਗੇ ਕਿਹਾ ਗਿਆ ਹੈ ਕਿ ਕਿੰਗ ਨੇ ਆਪਣੀ ਬੀਮਾਰੀ ਦੀ ਜਾਣਕਾਰੀ ਜਨਤਕ ਕਰਨ ਦਾ ਫੈਸਲਾ ਇਸ ਕਾਰਨ ਕੀਤਾ ਹੈ ਤਾਂ ਜੋ ਉਹ ਉਨ੍ਹਾਂ ਲੋਕਾਂ ਨੂੰ ਕੈਂਸਰ ਨੂੰ ਸਮਝਣ 'ਚ ਮਦਦ ਕਰ ਸਕਣ ਜੋ ਕੈਂਸਰ ਤੋਂ ਪਹਿਲਾਂ ਤੋਂ ਪੀੜਤ ਹਨ।

# ਅਮਰੀਕਾ ਨੇ ਵੀਜ਼ਾ ਫੀਸਾਂ 'ਚ ਭਾਰੀ ਵਾਧਾ ਕੀਤਾ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ ) ਅਮਰੀਕਾ ਨੇ ਭਾਰਤੀਆਂ ਵਿੱਚ ਸਭ ਤੋਂ ਵੱਧ ਪ੍ਰਸਿੱਧ ਐੱਚ-1ਬੀ, ਐੱਲ-1 ਅਤੇ ਈਬੀ-5 ਵਰਗੇ ਗੈਰ-ਪਰਵਾਸੀ ਵੀਜ਼ਾ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਫੀਸਾਂ ਵਿੱਚ ਭਾਰੀ ਵਾਧੇ ਦਾ ਐਲਾਨ ਕੀਤਾ ਹੈ। 2016 ਤੋਂ ਬਾਅਦ ਪਹਿਲੀ ਵਾਰ ਫੀਸਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ, ਜੋ 1 ਅਪਰੈਲ ਤੋਂ ਲਾਗੂ ਹੋਵੇਗਾ। ਐੱਚ-1ਬੀ ਵੀਜ਼ਾ ਗੈਰ-ਪਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ। ਅਮਰੀਕੀ ਸਰਕਾਰ ਨੇ 1990 ਵਿੱਚ ਈਬੀ-5 ਪ੍ਰੋਗਰਾਮ ਸ਼ੁਰੂ ਕੀਤਾ ਸੀ, ਜੋ ਵਿਦੇਸ਼ੀ ਨਿਵੇਸ਼ਕਾਂ ਨੂੰ ਅਮਰੀਕੀ ਕਾਰੋਬਾਰ ਵਿੱਚ ਘੱਟੋ ਘੱਟ 500,000 ਡਾਲਰ ਦਾ ਨਿਵੇਸ਼ ਕਰਕੇ ਆਪਣੇ ਅਤੇ ਆਪਣੇ ਪਰਿਵਾਰਾਂ ਲਈ ਅਮਰੀਕੀ ਵੀਜ਼ਾ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ। ਐੱਚ-1ਬੀ ਰਜਿਸਟ੍ਰੇਸ਼ਨ ਫੀਸ 10 ਡਾਲਰ ਤੋਂ ਵਧਾ ਕੇ 215 ਡਾਲਰ ਤੱਕ ਵਧ ਜਾਵੇਗੀ। ਐੱਲ-1 ਵੀਜ਼ਾ ਲਈ ਫੀਸ 460 ਤੋਂ 1,385 ਡਾਲਰ ਅਤੇ ਈਬੀ-5 ਵੀਜ਼ਾ ਫੀਸ, ਜੋ ਨਿਵੇਸ਼ਕ ਵੀਜ਼ਾ ਵਜੋਂ ਮਸ਼ਹੂਰ ਹੈ, ਦੀ ਫੀਸ 3,675 ਤੋਂ 11,160 ਡਾਲਰ ਕਰ ਦਿੱਤੀ ਗਈ ਹੈ।

# ਇਮਰਾਨ ਖਾਨ ਅਤੇ ਪਤਨੀ ਬੁਸ਼ਰਾ ਬੀਬੀ ਨੂੰ 14 ਸਾਲ ਕੈਦ ਦੀ ਸਜ਼ਾ ਸੁਣਾਈ ਗਈ



ਲਾਹੌਰ (ਪੰਜਾਬੀ ਅਖ਼ਬਾਰ ਬਿਊਰੋ ) ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਤੋਸ਼ਾਖਾਨਾ ਭ੍ਰਿਸ਼ਟਾਚਾਰ ਮਾਮਲੇ ਵਿੱਚ 14 ਸਾਲ ਦੀ ਕੈਦ ਸਜ਼ਾ ਸੁਣਾਈ ਗਈ ਹੈ। ਇਸ ਤੋਂ ਇੱਕ ਦਿਨ ਪਹਿਲਾਂ ਵਿਸ਼ੇਸ਼ ਅਦਾਲਤ ਨੇ ਇਮਰਾਨ ਖ਼ਾਨ ਨੂੰ ਸਰਕਾਰੀ ਭੇਤ ਕਾਨੂੰਨ ਦੀ ਉਲੰਘਣਾ ਦੇ ਮਾਮਲੇ ਵਿੱਚ 10 ਸਾਲ ਦੀ ਸਜ਼ਾ ਸੁਣਾਈ ਸੀ। ਨਵੀਂ ਸਜ਼ਾ ਨੇ 8 ਫਰਵਰੀ ਦੀਆਂ ਆਮ ਚੋਣਾਂ ਵਿੱਚ ਸੱਤਾ ਵਿਚ ਵਾਪਸੀ ਦੀ ਉਨ੍ਹਾਂ ਦੀ ਕੋਸ਼ਿਸ਼ ਨੂੰ ਇੱਕ ਹੋਰ ਝਟਕਾ ਦਿੱਤਾ ਹੈ। ਜਵਾਬਦੇਹੀ ਅਦਾਲਤ ਦੇ ਜੱਜ ਮੁਹੰਮਦ ਬਸ਼ੀਰ ਨੇ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਵਿੱਚ ਤੋਸ਼ਾਖਾਨਾ ਭ੍ਰਿਸ਼ਟਾਚਾਰ ਮਾਮਲੇ ਦੀ ਸੁਣਵਾਈ ਕੀਤੀ। ਸਾਬਕਾ ਪ੍ਰਧਾਨ ਮੰਤਰੀ ਇਸੇ ਜੇਲ੍ਹ ਵਿੱਚ ਇੱਕ ਹੋਰ ਕੇਸ ਵਿੱਚ ਸਜ਼ਾ ਕੱਟ ਰਹੇ ਹਨ। ਅਦਾਲਤ ਨੇ ਆਪਣੇ ਫੈਸਲੇ 'ਚ ਦੋਵਾਂ ਜੀਆਂ 'ਤੇ 10 ਸਾਲ ਤੱਕ ਕਿਸੇ ਵੀ ਸਰਕਾਰੀ ਅਹੁਦੇ 'ਤੇ ਰਹਿਣ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ 78-78 ਕਰੋੜ ਰੁਪਏ ਤੋਂ ਵੱਧ ਦਾ ਜ਼ੁਰਮਾਨਾ ਲਗਾਇਆ ਹੈ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਇਮਰਾਨ ਖ਼ਾਨ ਦੇ ਨਜ਼ਦੀਕੀ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਵੀ ਸਰਕਾਰੀ ਭੇਤ ਲੀਕ ਕਰਨ ਨਾਲ ਜੁੜੇ ਸਾਈਫਰ ਕੇਸ ਵਿੱਚ ਦਸ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਅਤੇ ਬਾਅਦ ਵਿੱਚ ਕੁਰੈਸ਼ੀ ਦੇ ਚੋਣਾਂ ਲੜਨ 'ਤੇ ਵੀ 5 ਸਾਲ ਦੀ ਪਾਬੰਦੀ ਲਗਾ ਦਿੱਤੀ ਗਈ ਹੈ।

# ਚੋਰੀ ਕਰਨ ਦੇ ਇਰਾਦੇ ਨਾਲ ਘਰ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਵਾਲਿਆਂ ਦੀ ਤਲਾਸ਼

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ )ਟੋਰਾਂਟੋ ਦੇ ਇੱਕ ਘਰ ਵਿੱਚ ਚੋਰੀ ਕਰਨ ਦੇ ਇਰਾਦੇ ਨਾਲ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਚਾਰ ਸ਼ੱਕੀਆਂ ਦੀ ਟੋਰਾਂਟੋ ਪੁਲਿਸ ਵੱਲੋਂ ਤਲਾਸ਼ ਕੀਤੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੋਰੀ ਦੇ ਇਰਾਦੇ ਨਾਲ ਕੁੱਝ ਵਿਅਕਤੀਆਂ ਵੱਲੋਂ ਕੁਈਨ ਸਟਰੀਟ ਈਸਟ ਤੇ ਵਿਕਟੋਰੀਆ ਪਾਰਕ ਐਵਨਿਊ ਇਲਾਕੇ ਵਿੱਚ ਪੈਂਦੇ ਇੱਕ ਘਰ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਪੁਲਿਸ ਨੇ ਦੱਸਿਆ ਕਿ ਚਾਰ ਵਿਅਕਤੀ ਇੱਕ ਘਰ ਵਿੱਚ ਦਾਖ਼ਲ ਹੋਣ ਦੀ ਵਾਰੀ- ਵਾਰੀ ਕੋਸ਼ਿਸ਼ ਕਰਨ ਦੇ ਬਾਵਜੂਦ ਅਸਫ਼ਲ ਰਹਿਣ ਤੋਂ ਬਾਅਦ ਕਾਲੇ ਰੰਗ ਦੀ ਗੱਡੀ ਵਿੱਚ ਸਵਾਰ ਹੋ ਕੇ ਉੱਥੋਂ ਫ਼ਰਾਰ ਹੋ ਗਏ। ਕਥਿਤ ਸ਼ੱਕੀ ਵਿਅਕਤੀਆਂ ਦੀ ਗੱਡੀ ਨੂੰ ਆਖਰੀ ਵਾਰੀ ਕੁਈਨ ਰੋਡ ਉੱਤੇ ਪੂਰਬ ਵੱਲ ਜਾਂਦਿਆਂ ਵੇਖਿਆ ਗਿਆ। ਜਾਂਚਕਾਰਾਂ ਵੱਲੋਂ ਚਾਰ ਪੁਰਸ਼ਾਂ ਦੀਆਂ ਤਸਵੀਰਾਂ ਤੇ ਵੇਰਵੇ ਜਾਰੀ ਕੀਤੇ ਗਏ ਹਨ ਅਤੇ ਲੋਕਾਂ ਤੋਂ ਇਸ ਮਾਮਲੇ 'ਚ ਸਹਿਯੋਗ ਮੰਗਿਆ ਜਾ ਰਿਹਾ ਹੈ।

# ਹਾਕੀ ਖ਼ਿਡਾਰੀਆਂ ਵੱਲੋਂ ਜਿਸਮਾਨੀ ਛੇੜਛਾੜ ਦਾ ਮਾਮਲਾ - ਲੰਡਨ ਪੁਲਿਸ ਨੇ ਮਾਫ਼ੀ ਮੰਗੀ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) ਸਾਲ 2018 ਵਿੱਚ ਕੈਨੇਡਾ ਦੀ ਜੂਨੀਅਰ ਵਿਸ਼ਵ ਕੱਪ ਹਾਕੀ ਟੀਮ ਦੇ ਪੰਜ ਖ਼ਿਡਾਰੀਆਂ ਉੱਪਰ ਕਈ ਸਾਲਾਂ ਬਾਅਦ ਜਿਸਮਾਨੀ ਛੇੜਛਾੜ ਦਾ ਮਾਮਲਾ ਦਰਜ ਕਰਨ ਦੇ ਮਾਮਲੇ 'ਚ -ਨਟਾਰੀ- ਦੀ ਲੰਡਨ ਪੁਲਿਸ ਨੇ ਮਾਫ਼ੀ ਮੰਗੀ ਹੈ ਕਿ ਉਨ੍ਹਾਂ ਨੇ ਇੰਨ੍ਹੇ ਨੇ ਲੰਬੇ ਸਮੇਂ ਬਾਅਦ ਕਾਰਵਾਈ ਕੀਤੀ ਹੈ ਅਤੇ ਇਨ੍ਹਾਂ ਖ਼ਿਡਾਰੀਆਂ ਨੂੰ ਚਾਰਜ ਕੀਤਾ ਹੈ। ਵਰਨਣਯੋਗ ਹੈ ਕਿ ਲੰਡਨ ਪੁਲਿਸ ਨੇ ਸਾਲ 2018 ਵਿੱਚ ਪਹਿਲਾਂ ਇਹ ਕੇਸ ਬੰਦ ਕਰ ਦਿੱਤਾ ਸੀ ਅਤੇ ਉਸ ਤੋਂ ਬਾਅਦ ਜਦੋਂ ਇਸ ਕੇਸ ਸਬੰਧੀ ਚਾਰੇ ਪਾਸਿ-ਆਂ ਆਵਾਜ਼ਾਂ ਉਠਣੀਆਂ ਸ਼ੁਰੂ ਹੋਈਆਂ ਤਾਂ ਫਿਰ ਜਾ ਕੇ ਲੰਡਨ ਪੁਲਿਸ ਨੇ ਇਹਨਾਂ ਖ਼ਿਡਾਰੀਆਂ ਦੇ ਖਿਲਾਫ ਮਾਮਲਾ ਦਰਜ ਕੀਤਾ ਸੀ। ਲੰਡਨ ਪੁਲਿਸ ਦੇ ਮੁਖ਼ੀ ਥਾਈ ਟਰੋਂਗ ਨੇ ਆਖਿਆ ਕਿ ਮੈਂ ਲੰਡਨ ਪੁਲਿਸ ਸਰਵਿਸ ਦੀ ਤਰਫੋਂ ਪੀੜਤਾ ਅਤੇ ਉਸਦੇ ਪਰਿਵਾਰ ਤੋਂ ਦਿਲ ਦੀਆਂ ਗਹਿਰਾਈਆਂ ਤੋਂ ਮਾਫ਼ੀ ਮੰਗਣੀ ਚਾਹੁੰਦਾ ਹਾਂ ਜਿਨਾਂ ਨੂੰ ਇਸ ਕੇਸ ਲਈ ਇਨ੍ਹਾਂ ਲੰਬਾ ਇੰਤਜ਼ਾਰ ਕਰਨਾ ਪਿਆ। ਉਹਨਾਂ ਆਖਿਆ ਕਿ ਮੈਨੂੰ ਇਸ ਸੇਵਾ ਵਿੱਚ ਕਈ ਸਾਲ ਹੋ ਗਏ ਹਨ ਤੇ ਮੈਂ ਸਮਝ ਸਕਦਾ ਹਾਂ ਕਿ ਕਿਸੇ ਪਰਿਵਾਰ ਜਾਂ ਪੀੜਤ ਵਾਸਤੇ ਇਹ ਸਮਾਂ ਕਿੰਨਾ ਔਖਾ ਹੁੰਦਾ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 30 ਅਪ੍ਰੈਲ ਤੱਕ ਮੁਲਤਵੀ ਕਰ ਦਿੱਤੀ ਹੈ।

# ਹਥਿਆਰਾਂ ਦੀ ਨੋਕ 'ਤੇ ਗੱਡੀਆਂ ਲੁੱਟਣ ਵਾਲੇ 15-16 ਸਾਲ ਦੇ ਲੜਕੇ ਲੜਕੀਆਂ ਗ੍ਰਿਫ਼ਤਾਰ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ ) -ਨਟਾਰੀ- ਦੀ ਪੀਲ ਰੀਜਨਲ ਪੁਲਿਸ ਨੇ ਜਾਣਕਾਰੀ ਸਾਂਝੀ ਕੀਤੀ ਹੈ ਕਿ ਹਥਿਆਰਾਂ ਦੀ ਨੋਕ ਤੇ ਗੱਡੀਆਂ ਖੋਹਣ ਦੇ ਮਾਮਲੇ ਵਿੱਚ ਤਿੰਨ ਲੜਕੀਆਂ ਸਮੇਤ ਪੰਜ ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਨੂੰ ਬਰੈਂਪਟਨ ਦੀ ਵੋਡਨ ਸਟਰੀਟ ਈਸਟ ਅਤੇ ਕੈਨਡੀ ਰੋਡ ਨੌਰਥ ਵਿਖੇ ਲੁੱਟ ਦੀ ਸੂਚਨਾ ਦੇ ਕੇ ਸੱਦਿਆ ਗਿਆ ਸੀ। ਪੀੜਿਤ ਵਿਅਕਤੀ ਆਪਣੀ ਡੌਜ ਚਾਰਜਰ ਕਾਰ ਵਿੱਚ ਬੈਠਾ ਸੀ ਜਦੋਂ ਦੋ ਜਣੇ ਜਿਨਾਂ ਜਿਨਾਂ ਵਿੱਚੋਂ ਇੱਕ ਕੋਲ ਪਿਸਤੌਲ ਸੀ ਉਸ ਕੋਲ ਪਹੁੰਚੇ ਤੇ ਉਸ ਨੂੰ ਜ਼ਬਰਦਸਤੀ ਕਾਰ ਵਿੱਚੋਂ ਬਾਹਰ ਕੱਢ ਦਿੱਤਾ ਤੇ ਕਾਰ ਲੈ ਕੇ ਫਰਾਰ ਹੋ ਗਏ। ਹਾਲਾਂਕਿ ਇਸ ਵਿਅਕਤੀ ਨੂੰ ਸਰੀਰਕ ਤੌਰ ਤੇ ਕੋਈ ਸੱਟ ਨਹੀਂ ਲੱਗੀ ਬਾਅਦ ਵਿੱਚ ਪੁਲਿਸ ਨੇ ਚੋਰੀ ਹੋਈ ਗੱਡੀ ਨੂੰ ਮਿਸੀਸਾਗਾ ਵਿੱਚ ਬਰਾਮਦ ਕਰਕੇ ਪੰਜ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ ਇਹਨਾਂ ਵਿੱਚੋਂ ਦੋ ਲੜਕਿਆਂ ਦੀ ਉਮਰ 15 ਤੇ 16 ਸਾਲ ਹੈ ਅਤੇ ਤਿੰਨ ਲੜਕੀਆਂ 'ਚੋਂ ਇੱਕ ਦੀ ਉਮਰ 15 ਸਾਲ ਅਤੇ ਦੋ ਦੀ ਉਮਰ 16 ਸਾਲ ਹੈ। ਯੂਥ ਕ੍ਰਿਮੀਨਲ ਜਸਟਿਸ ਐਕਟ ਕਾਰਨ ਗ੍ਰਿਫ਼ਤਾਰ ਕੀਤੇ ਗਏ ਲੜਕੇ ਲੜਕੀਆਂ ਦੀ ਪਹਿਚਾਣ ਜਨਤਕ ਨਹੀਂ ਕੀਤੀ ਗਈ

# ਭਾਰਤੀ ਜਲ ਸੈਨਾ ਨੇ ਸਮੁੰਦਰੀ ਡਾਕੂਆਂ ਤੋਂ 19 ਪਾਕਿਸਤਾਨੀ ਬਚਾਏ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ ) ਸੋਮਾਲੀਆ ਦੇ ਪੂਰਬੀ ਤੱਟ ਨਾਲ ਤਾਇਨਾਤ ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼ ਨੇ ਮੱਛੀਆਂ ਫੜਨ ਵਾਲੇ ਇੱਕ ਜਹਾਜ਼, ਜਿਸ ਉਤੇ ਇਰਾਨੀ ਝੰਡਾ ਲੱਗਾ ਹੋਇਆ ਸੀ, ਨੂੰ ਸਮੁੰਦਰੀ ਲੁਟੇਰਿਆਂ ਦੇ ਕਬਜ਼ੇ ਵਿੱਚੋਂ ਛੁਡਾਇਆ ਹੈ। ਭਾਰਤੀ ਜਹਾਜ਼ ਨੇ ਇਸ ਦੀ ਸੁਰੱਖਿਅਤ ਰਵਾਨਗੀ ਯਕੀਨੀ ਬਣਾਈ। ਅਧਿਕਾਰੀਆਂ ਨੇ ਦੱਸਿਆ ਕਿ ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼ ਆਈਐੱਨਐੱਸ ਸੁਮਿਤਰਾ ਨੇ ਤੁਰੰਤ ਕਾਰਵਾਈ ਕਰਦਿਆਂ ਅਗਵਾ ਕੀਤੇ ਗਏ ਜਹਾਜ਼ ਤੇ ਇਸ ਦੇ ਅਮਲੇ ਦੇ 19 ਮੈਂਬਰਾਂ ਨੂੰ ਛੁਡਾਇਆ ਜੋ ਕਿ ਪਾਕਿਸਤਾਨੀ ਦੱਸੇ ਜਾ ਰਹੇ ਹਨ । ਜਲ ਸੈਨਾ ਦੇ ਬੁਲਾਰੇ ਕਮਾਂਡਰ ਵਿਵੇਕ ਮਧਵਾਲ ਨੇ ਕਿਹਾ ਕਿ ਆਈਐੱਨਐੱਸ ਸੁਮਿਤਰਾ ਨੂੰ ਸੋਮਾਲੀਆ ਤੱਟ ਤੇ ਅਦਨ ਦੀ ਖਾੜੀ ਵਿਚ ਰੱਖਿਆ ਦੇ ਲਿਹਾਜ਼ ਤੋਂ ਤਾਇਨਾਤ ਕੀਤਾ ਗਿਆ ਹੈ।












# ਕੁਰੈਸ਼ੀ ਪੰਜ ਸਾਲ ਤਕ ਪਾਕਿ ’ਚ ਨਹੀਂ ਲੜ ਸਕੇਗਾ ਚੋਣ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਇਸ ਹਫ਼ਤੇ ਸਿਫ਼ਰ ਕੇਸ ’ਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਪੰਜ ਸਾਲ ਲਈ ਅਯੋਗ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ’ਚ 8 ਫ਼ਰਵਰੀ ਨੂੰ ਆਮ ਚੋਣਾਂ ਹੋਣੀਆਂ ਹਨ, ਅਤੇ ਉਸ ਤੋਂ ਪਹਿਲਾਂ ਇਮਰਾਨ ਖ਼ਾਨ ਦੀ ਪਾਰਟੀ ਪੀਟੀਆਈ (ਪਾਕਿਸਤਾਨ ਤਹਿਰੀਕ-ਏ-ਇਨਸਾਫ਼) ਲਈ ਇਹ ਵੱਡਾ ਝਟਕਾ ਹੈ। ਈਸੀਪੀ ਦੀ ਇੱਕ ਨੋਟੀਫ਼ਿਕੇਸ਼ਨ ਅਨੁਸਾਰ ਸਾਬਕਾ ਵਿਦੇਸ਼ ਮੰਤਰੀ ਨੂੰ ਦਾ ਸਟੇਟ ਵਰਸਿਜ਼ ਇਮਰਾਨ ਅਹਿਮਦ ਖ਼ਾਨ ਨਿਆਜ਼ੀ ਅਤੇ ਮਖ਼ਦੂਮ ਸ਼ਾਹ ਮਹਿਮੂਦ ਕੁਰੈਸ਼ੀ ਮਾਮਲੇ ’ਚ ਵਿਸ਼ੇਸ਼ ਅਦਾਲਤ ਦੇ ਜੱਜ ਦੁਆਰਾ 30 ਜਨਵਰੀ ਦੇ ਫ਼ੈਸਲੇ ਦੇ ਆਧਾਰ ’ਤੇ ਅਯੋਗ ਕਰਾਰ ਦਿੱਤਾ ਗਿਆ ਹੈ।

30 ਜਨਵਰੀ ਨੂੰ ਅਧਿਕਾਰਿਕ ਸੀਕਰੇਟ ਸਰਵਿਸਿਜ਼ ਐਕਟ ਤਹਿਤ ਗਠਿਤ ਇੱਕ ਵਿਸ਼ੇਸ਼ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਸਾਬਕਾ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੂੰ ਸਿਫ਼ਰ ਮਾਮਲੇ ’ਚ 10-10 ਸਾਲ ਦੀ ਸਜ਼ਾ ਸੁਣਾਈ ਸੀ। ਇਹ ਮਾਮਲਾ ਇੱਕ ਕੂਟਨੀਤਕ ਦਸਤਾਵੇਜ਼ ਨਾਲ ਸਬੰਧਤ ਹੈ ਜਿਸ ਨੂੰ ਫ਼ੈੱਡਰਲ ਜਾਂਚ ਏਜੰਸੀ ਦੀ ਚਾਰਜਸ਼ੀਟ ’ਚ ਕਿਹਾ ਗਿਆ ਹੈ ਕਿ ਇਮਰਾਨ ਖ਼ਾਨ ਨੇ ਕਦੇ ਵੀ ਵਾਪਿਸ ਨਹੀਂ ਕੀਤਾ।



ਪੀਟੀਆਈ ਨੇ ਦਾਅਵਾ ਕੀਤਾ ਕਿ ਦਸਤਾਵੇਜ਼ ’ਚ ਅਮਰੀਕਾ ਵਲੋਂ ਇਮਰਾਨ ਖ਼ਾਨ ਨੂੰ ਪ੍ਰਧਾਨ ਮੰਤਰੀ ਅਹੁਦੇ ਤੋਂ ਹਟਾਉਣ ਦੀ ਧਮਕੀ ਦਿੱਤੀ ਗਈ ਹੈ। ਇਮਰਾਨ ਖ਼ਾਨ ਅਤੇ ਸ਼ਾਹ ਮਹਿਮੂਦ ਕੁਰੈਸ਼ੀ ਕੂਟਨੀਤਕ ਦਸਤਾਵੇਜ਼ਾਂ ਨਾਲ ਛੇੜਛਾੜ ਦੇ ਦੋਸ਼ਾਂ ਤਹਿਤ ਪਿਛਲੇ ਸਾਲ ਤੋਂ ਮੁਕੱਦਮੇ ਦਾ ਸਾਹਮਣਾ ਕਰ ਰਹੇ ਸਨ ਅਤੇ ਅਦਿਆਲਾ ਜੇਲ੍ਹ ’ਚ ਬੰਦ ਸਨ।ਪੀਟੀਆਈ ਦੇ ਦੋਵਾਂ ਨੇਤਾਵਾਂ ’ਤੇ ਆਪਣੇ ਨਾਪਾਕ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਕੂਟਨੀਤਕ ਭੇਦਾਂ ਦੀ ਦੁਰਵਰਤੋਂ ਕਰਨ ਦਾ ਦੋਸ਼ ਸੀ। ਗ੍ਰਹਿ ਸਕੱਤਰ ਦੀ ਸ਼ਿਕਾਇਤ ’ਤੇ ਇਮਰਾਨ ਅਤੇ ਕੁਰੈਸ਼ੀ ਖ਼ਿਲਾਫ਼ 15 ਅਗਸਤ 2023 ਨੂੰ ਔਫ਼ੀਸ਼ੀਅਲ ਸੀਕ੍ਰੇਟਸ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ, ਉਨ੍ਹਾਂ ਦੀ ਸਰਕਾਰ ’ਚ ਵਿਦੇਸ਼ ਮੰਤਰੀ ਰਹੇ ਸ਼ਾਹ ਮਹਿਮੂਦ ਕੁਰੈਸ਼ੀ ਦੇ ਨਾਂ ਸ਼ਾਮਿਲ ਹਨ ਜਦੋਂ ਕਿ ਸਾਬਕਾ ਪ੍ਰਮੁੱਖ ਸਕੱਤਰ ਆਜ਼ਮ ਖ਼ਾਨ ਅਤੇ ਸਾਬਕਾ ਯੋਜਨਾ ਮੰਤਰੀ ਅਸਦ ਉਮਰ ਦੇ ਨਾਂ ਵੀ ਸ਼ਾਮਿਲ ਹਨ। ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਪਿਛਲੇ ਸੱਤ ਮਹੀਨਿਆਂ ਤੋਂ ਅਦਿਆਲਾ ਜੇਲ ’ਚ ਬੰਦ ਹਨ। ਉਸ ਨੂੰ ਪਿਛਲੇ ਸਾਲ 5 ਅਗਸਤ ਨੂੰ ਤੋਸ਼ਾਖ਼ਾਨਾ ਭ੍ਰਿਸ਼ਟਾਚਾਰ ਮਾਮਲੇ ’ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ ਨੇ ਤੋਸ਼ਾਖ਼ਾਨਾ ਮਾਮਲੇ ’ਚ ਇਮਰਾਨ ਖ਼ਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ 14-14 ਸਾਲ ਦੀ ਸਜ਼ਾ ਸੁਣਾਈ ਹੈ।


# ਧਰਤੀ ਵਲ ਵੱਧ ਰਹੇ ਆਸਮਾਨੀ ਖ਼ਤਰੇ ਤੋਂ ਨਾਸਾ ਦੇ ਵਿਗਿਆਨੀ ਵੀ ਫ਼ਿਕਰਮੰਦ

ਸਰੀ (ਪੰਜਾਬੀ ਅਖਬਾਰ ਬਿਊਰੋ)ਅਸੀਂ ਜਿਸ ਦੁਨੀਆਂ ’ਚ ਰਹਿੰਦੇ ਹਾਂ, ਉਸ ਬਾਰੇ ਬਹੁਤ ਕੁਝ ਕਿਹਾ ਜਾਂਦਾ ਹੈ। ਕੁਝ ਲੋਕ ਕਹਿੰਦੇ ਹਨ ਕਿ ਹਰ ਚੀਜ਼ ਦਾ ਅੰਤ ਹੁੰਦਾ ਹੈ ਅਤੇ ਇੱਕ ਦਿਨ ਦੁਨੀਆਂ ਵੀ ਖ਼ਤਮ ਹੋ ਜਾਵੇਗੀ। ਕੁਝ ਲੋਕ ਉਸ ਦਿਨ ਨੂੰ ਕਿਆਮਤ ਦਾ ਦਿਨ ਕਹਿੰਦੇ ਹਨ ਅਤੇ ਕੁਝ ਇਸ ਨੂੰ ਪਰਲੋ ਕਹਿੰਦੇ ਹਨ। ਹਾਲਾਂਕਿ ਡਾਇਨਾਸੌਰਜ਼ ਬਾਰੇ ਹਮੇਸ਼ਾ ਆਖਿਆ ਜਾਂਦਾ ਹੈ ਕਿ ਉਨ੍ਹਾਂ ਦੀ ਹੋਂਦ ਇੱਕ ਵਿਸ਼ਾਲ ਉਲਕਾ ਦੇ ਟਕਰਾਉਣ ਤੋਂ ਬਾਅਦ ਹੀ ਖ਼ਤਮ ਹੋ ਗਈ ਹੋਵੇਗੀ। ਤਾਂ ਕੀ ਅਜਿਹੀ ਘਟਨਾ ਦੁਬਾਰਾ ਵਾਪਰੇਗੀ ?

ਪੁਲਾੜ ਦੀ ਦੁਨੀਆਂ ’ਚ ਬਹੁਤ ਸਾਰੇ ਰਹੱਸ ਹਨ ਜਿਨ੍ਹਾਂ ’ਚੋਂ ਅਸੀਂ ਬਹੁਤ ਘੱਟ ਖੋਜ ਕਰ ਸਕੇ ਹਾਂ। ਹਰ ਰੋਜ਼ ਧਰਤੀ ਦੇ ਨੇੜੇ ਤੋਂ ਉਲਕਾਪਿੰਡ ਦੇ ਲੰਘਣ ਦੀਆਂ ਖ਼ਬਰਾਂ ਆਉਂਦੀਆਂ ਹਨ ਹਾਲਾਂਕਿ ਜਿਸ ਵੱਡੇ ਉਲਕਾਪਿੰਡ ਨੂੰ ਲੈ ਕੇ ਵਿਗਿਆਨੀ ਲਗਾਤਾਰ ਚਿੰਤਤ ਹਨ, ਉਹ ਧਰਤੀ ਦੇ ਅੰਤ ਦਾ ਕਾਰਨ ਵੀ ਬਣ ਸਕਦਾ ਹੈ।

ਖੋਜਕਰਤਾਵਾਂ ਨੇ ਖ਼ੁਦ ਦੱਸਿਆ ਕਿ ਇਹ ਉਲਕਾ ਧਰਤੀ ਦੀ ਸਤ੍ਹਾ ਨਾਲ ਟਕਰਾਏਗਾ ਅਤੇ ਇਹ ਇੰਨੀ ਭਿਆਨਕ ਟੱਕਰ ਹੋਵੇਗੀ ਕਿ ਇਹ 22 ਐਟਮ ਬੰਬਾਂ ਦੇ ਡਿੱਗਣ ਜਿੰਨੀ ਊਰਜਾ ਪੈਦਾ ਕਰੇਗੀ। ਧਰਤੀ ਲਈ ਖ਼ਤਰਾ ਪੈਦਾ ਕਰਨ ਵਾਲੀ ਪੁਲਾੜ ਚੱਟਾਨ ਦਾ ਨਾਮ ਬੇਨੂ ਰੌਕ ਹੈ। ਇਹ ਉਂਝ ਤਾਂ ਹਰ ਛੇ ਸਾਲਾਂ ਬਾਅਦ ਸਾਡੀ ਧਰਤੀ ਨੇੜਿਓਂ ਲੰਘਦਾ ਹੈ, ਪਰ ਵਿਗਿਆਨੀਆਂ ਨੇ ਕਿਹਾ ਹੈ ਕਿ ਜਦੋਂ ਇਹ ਕਿਸੇ ਖਾਸ ਸਮੇਂ ਅਤੇ ਦਿਨ ’ਤੇ ਲੰਘੇਗਾ ਤਾਂ ਉਸ ਨਾਲ ਹੋਣ ਵਾਲੀ ਤਬਾਹੀ ਨੂੰ ਕੋਈ ਨਹੀਂ ਰੋਕ ਸਕੇਗਾ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ 24 ਸਤੰਬਰ 2182 ਉਹ ਦਿਨ ਹੋਵੇਗਾ ਜਦੋਂ ਇਹ ਵਿਸ਼ਾਲ ਉਲਕਾਪਿੰਡ ਧਰਤੀ ਨਾਲ ਟਕਰਾਏਗਾ। ਹਾਲਾਂਕਿ ਅੰਤਰਰਾਸ਼ਟਰੀ ਪੁਲਾੜ ਏਜੰਸੀ ਨਾਸਾ ਧਰਤੀ ਨੂੰ ਇਸ ਤੋਂ ਬਚਾਉਣ ਦੀ ਮੁਹਿੰਮ ’ਚ ਲੱਗੀ ਹੋਈ ਹੈ।ਤਕਰੀਬਨ ਸਾਢੇ ਸੱਤ ਸਾਲ ਪਹਿਲਾਂ ਬੇਨੂ ਦੇ ਨਮੂਨੇ ਇਕੱਠੇ ਕਰਨ ਲਈ ਪੁਲਾੜ ਯਾਨ ਭੇਜਿਆ ਗਿਆ ਸੀ ਤਾਂ ਜੋ ਉਸ ਤੋਂ ਪ੍ਰਾਪਤ ਜਾਣਕਾਰੀ ਨੂੰ ਧਰਤੀ ਨੂੰ ਬਚਾਉਣ ਲਈ ਵਰਤਿਆ ਜਾ ਸਕੇ।

# ਪਾਕਿ ’ਚ ਚੋਣ ਪ੍ਰਕਿਰਿਆ ’ਚ ਹਿੰਦੂਆਂ ਨੂੰ ਨਹੀਂ ਮਿਲ ਰਹੀ ਸਹੀ ਪ੍ਰਤੀਨਿਧਤਾ




ਪਾਕਿਸਤਾਨ (ਪੰਜਾਬੀ ਅਖਬਾਰ ਬਿਊਰੋ) ਪਾਕਿਸਤਾਨ ’ਚ ਫ਼ਰਵਰੀ ’ਚ ਆਮ ਚੋਣਾਂ ਹੋਣੀਆਂ ਹਨ, ਅਤੇ ਉੱਥੇ ਰਹਿਣ ਵਾਲੇ ਹਿੰਦੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮੌਜੂਦਗੀ ਮੁਤਾਬਿਕ ਉਨ੍ਹਾਂ ਨੂੰ ਚੋਣ ਪ੍ਰਕਿਰਿਆ ’ਚ ਪ੍ਰਤੀਨਿਧਤਾ ਨਹੀਂ ਮਿਲ ਰਹੀ। ਪਾਕਿਸਤਾਨ ’ਚ ਹਿੰਦੂ ਕੁੱਲ ਆਬਾਦੀ ਦਾ ਸਿਰਫ਼ 2.14 ਫ਼ੀਸਦੀ ਹਨ ਹਾਲਾਂਕਿ ਸਿੰਧ ’ਚ ਉਨ੍ਹਾਂ ਦੀ ਗਿਣਤੀ ਨੌਂ ਫ਼ੀਸਦੀ ਦੇ ਕਰੀਬ ਹੈ। ਪਾਕਿਸਤਾਨ ਦੇ ਸੰਵਿਧਾਨ ਤਹਿਤ ਨੈਸ਼ਨਲ ਅਸੈਂਬਲੀ ’ਚ ਘੱਟ-ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਲਈ 10 ਸੀਟਾਂ ਅਤੇ ਸੂਬਿਆਂ ’ਚ 24 ਸੀਟਾਂ ਰਾਖਵੀਆਂ ਹਨ। ਹਿੰਦੂ ਭਾਈਚਾਰੇ ਦੇ ਆਗੂ ਅਤੇ ਮੈਂਬਰ ਇਸ ਗੱਲ ਤੋਂ ਨਾਖ਼ੁਸ਼ ਹਨ ਕਿ ਉਨ੍ਹਾਂ ਨੂੰ ਸਹੀ ਪ੍ਰਤੀਨਿਧਤਾ ਨਹੀਂ ਦਿੱਤੀ ਜਾਂਦੀ ਅਤੇ ਬਹੁਤ ਸਾਰੇ ਵੋਟਰਾਂ ਵਜੋਂ ਰੈਜਿਸਟਰਡ ਹੀ ਨਹੀਂ।

ਪਾਕਿਸਤਾਨ ਹਿੰਦੂ ਕੌਂਸਲ ਦੇ ਸਰਪ੍ਰਸਤ ਅਤੇ ਮੁਖੀ ਰਮੇਸ਼ ਕੁਮਾਰ ਵਾਂਕਵਾਨੀ ਨੇ ਕਿਹਾ ਕਿ ਹਿੰਦੂ ਭਾਈਚਾਰਾ, ਖ਼ਾਸ ਤੌਰ ’ਤੇ ਘੱਟ ਆਮਦਨੀ ਵਾਲੇ ਵਰਗ ਨਾਲ ਸਬੰਧਤ ਜਾਂ ਸਿੰਧ ਦੇ ਦੂਰ-ਦੁਰਾਡੇ ਦੇ ਪਿੰਡਾਂ ’ਚ ਰਹਿਣ ਵਾਲੇ, ਚੋਣ ਪ੍ਰਕਿਰਿਆ ਤੋਂ ਬਾਹਰ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ, “ਚੋਣਾਂ ਤੋਂ ਪਹਿਲਾਂ ਕਰਵਾਈ ਗਈ ਰਾਸ਼ਟਰੀ ਜਨਗਣਨਾ ’ਚ ਹਿੰਦੂਆਂ ਦੀ ਪੂਰੀ ਗਿਣਤੀ ਨਹੀਂ ਕੀਤੀ ਗਈ। ਅਸੀਂ ਰਾਸ਼ਟਰੀ ਡੇਟਾਬੇਸ ਅਤੇ ਰੈਜਿਸਟ੍ਰੇਸ਼ਨ ਅਥੌਰਿਟੀ ਦੁਆਰਾ ਨਿਰਧਾਰਿਤ ਆਬਾਦੀ ਦੀ ਗਿਣਤੀ ਨਾਲ ਸਹਿਮਤ ਨਹੀਂ।”

ਸਿੰਧ ’ਚ ਰਹਿਣ ਵਾਲੇ ਹਿੰਦੂਆਂ ਦਾ ਦਾਅਵਾ ਹੈ ਕਿ ਆਬਾਦੀ ਦੇ ਮੁਕਾਬਲੇ ਸਿਰਫ਼ ਕੁੱਝ ਲੋਕ ਹੀ ਵੋਟਰਾਂ ਵਜੋਂ ਰੈਜਿਸਟਰਡ ਹਨ। ਮੀਰਪੁਰਖ਼ਾਸ ਦੇ ਸਥਾਨਕ ਹਿੰਦੂ ਭਾਈਚਾਰੇ ਦੇ ਨੇਤਾ ਸ਼ਿਵ ਕਾਚੀ ਨੇ ਕਿਹਾ ਕਿ ਹਿੰਦੂ ਆਬਾਦੀ ਦੀ ਗਿਣਤੀ ਸਹੀ ਨਹੀਂ। ਬਹੁਤ ਸਾਰੇ ਲੋਕ ਦੂਰ-ਦੁਰਾਡੇ ਦੇ ਇਲਾਕਿਆਂ ’ਚ ਰਹਿੰਦੇ ਹਨ ਅਤੇ ਪੜ੍ਹੇ-ਲਿਖੇ ਨਹੀਂ। ਉਨ੍ਹਾਂ ਦੇ ਪਛਾਣ ਦਸਤਾਵੇਜ਼ਾਂ ’ਚ ਅੰਤਰ ਹੈ ਜਿਸ ਦਾ ਮਤਲਬ ਹੈ ਕਿ ਉਹ ਵੋਟਰਾਂ ਵਜੋਂ ਰੈਜਿਸਟਰਡ ਹੀ ਨਹੀਂ, ਸੋ ਚੋਣ ਪ੍ਰਕਿਰਿਆ ’ਚ ਉਨ੍ਹਾਂ ਦਾ ਪ੍ਰਭਾਵ ਅਤੇ ਨੁਮਾਇੰਦਗੀ ਉਸ ਤਰ੍ਹਾਂ ਦੀ ਨਹੀਂ ਜਿਸ ਤਰ੍ਹਾਂ ਹੋਣੀ ਚਾਹੀਦੀ ਹੈ।

# ਅਮਰੀਕਾ ’ਚ ਬੇਘਰਾਂ ਦੀ ਵੱਧ ਰਹੀ ਹੈ ਗਿਣਤੀ

ਨਾਇਆਗਰਾ (ਪੰਜਾਬੀ ਅਖਬਾਰ ਬਿਊਰੋ) ਹਰ ਇਨਸਾਨ ਨੂੰ ਜਿਊਂਦੇ ਰਹਿਣ ਲਈ ਭੋਜਨ, ਕੱਪੜਾ ਅਤੇ ਮਕਾਨ ਦੀ ਲੋੜ ਹੁੰਦੀ ਹੈ, ਅਤੇ ਜਿਸ ਕੋਲ ਇਹ ਤਿੰਨ ਚੀਜ਼ਾਂ ਨਹੀਂ ਹੁੰਦੀਆਂ, ਉਸ ਦੀ ਜ਼ਿੰਦਗੀ ਨਰਕ ਵਰਗੀ ਹੋ ਜਾਂਦੀ ਹੈ। ਬੇਘਰ ਲੋਕ ਸਿਰਫ਼ ਭਾਰਤ ’ਚ ਹੀ ਨਹੀਂ, ਅਮਰੀਕਾ ਵਰਗੇ ਦੇਸ਼ ’ਚ ਵੀ ਅਜਿਹੇ ਲੋਕਾਂ ਦੀ ਗਿਣਤੀ ਲਗਭਗ ਸੱਤ ਲੱਖ ਹੈ, ਅਤੇ ਇਹ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ। ਇਸ ਦਾ ਮੁੱਖ ਕਾਰਨ ਘਰਾਂ ਦੇ ਵੱਧ ਰਹੇ ਕਿਰਾਏ ਹਨ ਜੋ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ ਅਤੇ ਉਨ੍ਹਾਂ ਨੂੰ ਸ਼ੈਲਟਰਾਂ, ਫ਼ਲਾਈ ਓਵਰਾਂ ਦੇ ਹੇਠਾਂ ਅਤੇ ਸੜਕਾਂ ’ਤੇ ਸੌਣ ਲਈ ਮਜਬੂਰ ਹੋਣਾ ਪੈਂਦਾ ਹੈ।



ਸਭ ਤੋਂ ਵੱਧ ਬੇਘਰ ਲੋਕ ਅਮਰੀਕਾ ਦੇ ਸ਼ਹਿਰ ਨਿਊ ਯੌਰਕ ਅਤੇ ਕੈਲੇਫ਼ੋਰਨੀਆ ’ਚ ਪਾਏ ਗਏ। ਬਹੁਤ ਸਾਰੇ ਬੇਘਰ ਲੋਕ ਆਪਣੇ ਰਿਸ਼ਤੇਦਾਰਾਂ ਦੇ ਘਰ ਰਹਿਣ ਲਈ ਚਲੇ ਜਾਂਦੇ ਹਨ ਜਦੋਂ ਤਕ ਉਹ ਆਪਣਾ ਘਰ ਨਹੀਂ ਲੈ ਲੈਂਦੇ। ਕਈ ਲੋਕ ਨਸ਼ੇ ਕਾਰਣ ਜਾਂ ਮਾਨਸਿਕ ਸੰਤੁਲਨ ਗੁਆ ਦੇਣ ਕਾਰਨ ਵੀ ਬੇਘਰ ਹੋ ਜਾਂਦੇ ਹਨ ਅਤੇ ਟੀਬੀ ਐਚਆਈਵੀ ਅਤੇ ਦੂਸਰੇ ਇਨਫ਼ੈਕਸ਼ੀਅਸ ਰੋਗਾਂ ਦੇ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਲੋਕਾਂ ਦਾ ਇਲਾਜ ਨਾ ਹੋਣ ਕਾਰਨ ਉਨ੍ਹਾਂ ਦੀ ਮੌਤ ਵੀ ਹੋ ਜਾਂਦੀ ਹੈ।


ਅੱਜਕੱਲ੍ਹ ਸਰਦੀ ਦੇ ਮੌਸਮ ’ਚ ਬੇਘਰੇ ਲੋਕਾਂ ਦੀ ਮਦਦ ਲਈ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਰਹਿਣ ਲਈ ਸ਼ੈੱਲਟਰ ਹੋਮ ’ਚ ਰਹਿਣ ਅਤੇ ਉਨ੍ਹਾਂ ਲਈ ਖਾਣ-ਪੀਣ ਦਾ ਵੀ ਪ੍ਰਬੰਧ ਕਰਦੀਆਂ ਹਨ ਅਤੇ ਪਹਿਨਣ ਲਈ ਗਰਮ ਕੱਪੜਿਆਂ ਦੀ ਉਨ੍ਹਾਂ ਦੀਆਂ ਲੋੜਾਂ ਵੀ ਪੂਰੀਆਂ ਕਰਦੇ ਹਨ। ਕਈ ਲੋਕਾਂ ਨੂੰ ਰੋਜ਼ਗਾਰ ਅਤੇ ਬੀਮਾਰ ਲੋਕਾਂ ਲਈ ਡਾਕਟਰਾਂ ਅਤੇ ਦਵਾਈਆਂ ਦੀ ਸਹੂਲਤ ਵੀ ਮੁਹੱਈਆ ਕਰਵਾਈ ਜਾਂਦੀ ਹੈ।

ਯੂਐਸ ਹਾਊਸਿੰਗ ਡਿਵੈਲਪਮੈਂਟ ਵਿਭਾਗ ਨੇ ਅਮਰੀਕਾ ’ਚ ਬੇਘਰ ਲੋਕਾਂ ਲਈ 11 ਹਜ਼ਾਰ ਸ਼ੈੱਲਟਰ ਹੋਮਜ਼ ਬਣਾਏ ਹਨ। ਫ਼ਿਰ ਵੀ ਬਹੁਤ ਸਾਰੇ ਲੋਕ ਸ਼ੈੱਲਟਰਾਂ ਤੋਂ ਬਾਹਰ ਸੜਕਾਂ ’ਤੇ ਅਤੇ ਗੱਡੀਆਂ ’ਚ ਸੌਣ ਲਈ ਮਜਬੂਰ ਹਨ। ਵਿਭਾਗ ਦੇ ਬੁਲਾਰੇ ਅਨੁਸਾਰ ਬੇਘਰੇ ਲੋਕਾਂ ਦੀਆਂ ਰਿਹਾਇਸ਼ੀ ਲੋੜਾਂ ਪੂਰੀਆਂ ਕਰਨ ਲਈ 2,000 ਕਰੋੜ ਡਾਲਰ ਦੀ ਲੋੜ ਹੈ। ਵਿਭਾਗ ਵਲੋਂ ਲੋੜਵੰਦ ਬੇਘਰੇ ਲੋਕਾਂ ਨੂੰ ਸੈਕਸ਼ਨ 8 ਦੇ ਵਾਊਚਰ ਰਾਹੀਂ ਉਨ੍ਹਾਂ ਦੇ ਕਿਰਾਏ ਦੀ ਰਕਮ ਵੀ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਭੋਜਨ ਪੈਂਟਰੀ ਰਾਹੀਂ ਭੋਜਨ ਵੀ ਮੁਹੱਈਆ ਕਰਵਾਇਆ ਜਾਂਦਾ। ਅੰਕੜਿਆਂ ਮੁਤਾਬਿਕ ਪਿਛਲੇ ਸਾਲ ਨਾਲੋਂ ਬੇਘਰੇ ਲੋਕਾਂ ਦੀ ਗਿਣਤੀ 12 ਫ਼ੀਸਦੀ ਵਧੀ ਹੈ। ਜ਼ਿਆਦਾਤਰ ਲੋਕ ਕੰਮ ਨਾ ਹੋਣ ਕਾਰਨ ਬੇਘਰ ਹੋ ਜਾਂਦੇ ਹਨ ਅਤੇ ਜੇਕਰ ਉਹ ਕਿਤੇ ਕੰਮ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਉਸ ਲਈ ਆਈਡੀ ਅਤੇ ਪਤੇ ਦੀ ਲੋੜ ਪੈਂਦੀ ਹੈ ਜੋ ਕਿ ਉਨ੍ਹਾਂ ਕੋਲ ਨਹੀਂ ਹੁੰਦੇ। ਜ਼ਿਆਦਾਤਰ ਬਜ਼ੁਰਗ ਨਾਗਰਿਕ ਬੇਘਰ ਪਾਏ ਜਾਂਦੇ ਹਨ ਅਤੇ ਜੋ ਕਈ ਵਾਰ ਅਪਰਾਧੀਆਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਮਕਾਨ ਉਸਾਰੀ ਅਤੇ ਵਿਕਾਸ ਵਿਭਾਗ ਬੇਘਰ ਲੋਕਾਂ ਨੂੰ ਮਕਾਨ ਮੁਹੱਈਆ ਕਰਵਾਉਣ ਲਈ ਸਮੇਂ-ਸਮੇਂ ’ਤੇ ਸਰਕਾਰ ਨੂੰ ਸੁਚੇਤ ਕਰਦਾ ਰਹਿੰਦਾ ਹੈ ਅਤੇ ਮਕਾਨਾਂ ਦਾ ਬਜਟ ਵਧਾਉਣ ਅਤੇ ਬੇਘਰੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਸੁਝਾਅ ਵੀ ਦਿੰਦਾ ਹੈ।

# ਬਾਇਡਨ ਨੇ ਜਿੱਤੀ ਦੱਖਣੀ ਕੈਰੋਲਾਈਨਾ ’ਚ ਡੈਮੋਕ੍ਰੈਟਿਕ ਪ੍ਰਾਇਮਰੀ ਚੋਣ

ਕਿਚਨਰ (ਪੰਜਾਬੀ ਅਖਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਦੱਖਣੀ ਕੈਰੋਲੀਨਾ ਸੂਬੇ ’ਚ ਹੋਈ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਜਿੱਤ ਲਈ ਹੈ। ਜੋ ਕਿ ਅਮਰੀਕਾ ’ਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਦੀ ਚੋਣ ਕਰਨ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਕਰਵਾਈ ਗਈ ਸੀ। ਇਸ ਨਾਲ ਉਨ੍ਹਾਂ ਨੇ 5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ’ਚ ਡੈਮੋਕ੍ਰੈਟਿਕ ਉਮੀਦਵਾਰ ਬਣਨ ਦੇ ਰਸਤੇ ’ਚ ਸ਼ਨੀਵਾਰ ਨੂੰ ਪਹਿਲੀ ਅਧਿਕਾਰਿਕ ਜਿੱਤ ਹਾਸਿਲ ਕੀਤੀ।

ਰਾਸ਼ਟਰਪਤੀ ਬਾਇਡਨ ਨੇ ਦੱਖਣੀ ਕੈਰੋਲਾਈਨਾ ’ਚ ਹੋਰ ਲੰਬੇ ਸਮੇਂ ਤੋਂ ਡੈਮੋਕਰੈਟਸ ਨੂੰ ਹਰਾਇਆ ਜਿਸ ’ਚ ਮਿਨੇਸੋਟਾ ਦੇ ਪ੍ਰਤੀਨਿਧੀ ਡੀਨ ਫ਼ਿਲਿਪਸ ਅਤੇ ਲੇਖਕ ਮੈਰੀਅਨ ਵਿਲੀਅਮਸਨ ਦੇ ਨਾਂ ਸ਼ਾਮਿਲ ਹਨ। ਇਸ ਦੇ ਨਾਲ ਹੀ ਬਾਇਡਨ ਪਾਰਟੀ ਵਲੋਂ ਚੋਟੀ ਦੇ ਉਮੀਦਵਾਰ ਹਨ। ਪਿਛਲੀਆਂ ਰਾਸ਼ਟਰਪਤੀ ਚੋਣਾਂ ’ਚ ਵੀ ਸਾਊਥ ਕੈਰੋਲੀਨਾ ਪ੍ਰਾਇਮਰੀ ਚੋਣਾਂ ਨੇ ਬਾਇਡਨ ਨੂੰ ਪਾਰਟੀ ਉਮੀਦਵਾਰ ਬਣਾਉਣ ’ਚ ਅਹਿਮ ਭੂਮਿਕਾ ਨਿਭਾਈ ਸੀ।



ਇਸ ਪ੍ਰਾਇਮਰੀ ਚੋਣ ’ਚ ਬਾਇਡਨ ਨੂੰ 96.2 ਫ਼ੀਸਦੀ ਵੋਟਾਂ ਮਿਲੀਆਂ ਜਦ ਕਿ ਵਿਲੀਅਮਸਨ ਨੂੰ ਸਿਰਫ਼ 2.1 ਫ਼ੀਸਦੀ ਵੋਟਾਂ ਮਿਲੀਆਂ। ਫ਼ਿਲਿਪਸ ਤੀਜੇ ਸਥਾਨ ’ਤੇ ਰਿਹਾ। ਸੂਬੇ ’ਚ ਰੀਪਬਲੀਕਨ ਪਾਰਟੀ ਦੀਆਂ ਪ੍ਰਾਇਮਰੀ ਚੋਣਾਂ 24 ਫ਼ਰਵਰੀ ਨੂੰ ਹੋਣੀਆਂ ਹਨ।

ਦੱਖਣੀ ਕੈਰੋਲਾਈਨਾ ’ਚ ਡੈਮੋਕਰੈਟਿਕ ਪ੍ਰਾਇਮਰੀ ਚੋਣ ਜਿੱਤਣ ’ਤੇ ਬਾਇਡਨ ਨੂੰ ਇਸ ਚੋਣ ’ਚ ਠੋਸ ਜਿੱਤ ਮਿਲੀ ਹੈ ਜੋ ਪ੍ਰਾਇਮਰੀ ’ਚ ਉਨ੍ਹਾਂ ਦੀ ਮਦਦ ਕਰੇਗੀ। ਰਾਸ਼ਟਰਪਤੀ ਬਾਇਡਨ ਨੇ ਇਸ ਚੋਣ ਪ੍ਰਚਾਰ ’ਚ ਭਾਰੀ ਨਿਵੇਸ਼ ਕੀਤਾ ਹੈ ਤਾਂ ਜੋ ਉਹ ਵੱਧ ਤੋਂ ਵੱਧ ਵੋਟਾਂ ਹਾਸਿਲ ਕਰ ਸਕਣ। ਉਹ ਖਾਸ ਤੌਰ ’ਤੇ ਗ਼ੈਰ-ਗੋਰੇ ਮੂਲ ਦੇ ਵੋਟਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਜੋ ਚੋਣਾਂ ’ਚ ਅਹਿਮ ਭੂਮਿਕਾ ਨਿਭਾਉਂਦੇ ਹਨ।







